@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 6 June 2024

Punjabi National Daily

Qaumi Patrika NO.1

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਵੀਰਵਾਰ 6 ਜੂਨ 2024, 23 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 198, qpatrika@gmail.com ਫੋਨ : 9971359517 www.qaumipatrika.org

## ਮੰਡੀ ਲੋਕ ਸਭਾ ਸੀਟ ਤੋਂ ਚੋਣਾਂ ਜਿੱਤਣ ਬਾਅਦ ਕੰਗਨਾ ਦਾ ਪਹਿਲਾ ਪੋਸਟ ਇਸ ਭਰੋਸੇ ਲਈ ਦਿਲੋਂ ਧੰਨਵਾਦ

ਮੰਡੀ 5 ਜੂਨ। ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੀ ਉਮੀਦਵਾਰ ਅਤੇ ਅਦਾਕਾਰਾ ਕੰਗਨਾ ਰਨੌਤ ਲਗਾਤਾਰ ਬੜ੍ਹਤ



ਬਣਾਏ ਹੋਏ ਸੀ ਅਤੇ ਹੁਣ ਉਨ੍ਹਾਂ ਨੇ ਮੰਡੀ ਤੋਂ ਜਿੱਤ ਹਾਸ ਕਰ ਲਈ ਹੈ। ਇਹ ਜਿੱਤ ਹਾਸਲ ਕਰਨ ਤੋਂ ਬਾਅਦ ਕੰਗਨਾ ਦਾ 'ਐਕਸ' 'ਤੇ ਪਹਿਲਾ ਪੋਸਟ ਸਾਹਮਣੇ ਆਇਆ ਹੈ, ਜੋ ਖੂਬ ਵਾਇਰਲ ਹੋ ਰਿਹਾ ਹੈ। ਕੰਗਨਾ ਨੇ ਆਪਣੇ ਐਕਸ ਹੈਂਡਲ 'ਤੇ ਟਵੀਟ ਕੀਤਾ,"ਸਾਰੇ ਮੰਡੀ ਵਾਸੀਆਂ ਦਾ ਇਸ ਪਿਆਰ ਅਤੇ ਭਰੋਸੇ ਲਈ ਦਿਲੋਂ ਧੰਨਵਾਦ। ਇਹ ਜਿੱਤ ਤੁਹਾਡੇ ਸਾਰਿਆਂ ਦੀ ਹੈ, ਇਹ ਜਿੱਤ ਪ੍ਰਧਾਨ ਮੰਤਰੀ ਮੋਦੀ ਜੀ ਅਤੇ ਭਾਜਪਾ 'ਤੇ ਵਿਸ਼ਵਾਸ ਦੀ, ਇਹ ਜਿੱਤ ਹੈ ਸਨਾਤਨ ਦੀ, ਇਹ ਜਿੱਤ ਹੈ ਮੰਡੀ ਦੇ ਸਨਮਾਨ ਦੀ।" ਦੱਸਣਯੋਗ ਹੈ ਕਿ ਵੋਟਿੰਗ ਤੋਂ ਪਹਿਲੇ ਪ੍ਰਚਾਰ ਦੌਰਾਨ ਕੰਗਨਾ ਨੇ ਕਿਹਾ ਸੀ ਕਿ ਜੇਕਰ ਉਹ ਚੋਣਾਂ ਜਿੱਤਦੀ ਹੈ ਤਾਂ ਬਾਲੀਵੁੱਡ ਛੱਡ ਦੇਵੇਗੀ। ਅਦਾਕਾਰਾ ਦੇ ਇਸ ਬਿਆਨ ਨਾਲ ਉਨ੍ਹਾਂ ਦੇ ਫੈਨਜ ਵੀ ਹੈਰਾਨ ਹੋਏ ਸਨ। ਉੱਥੇ ਹੀ ਜਦੋਂ ਕੰਗਨਾ ਇਹ ਚੋਣਾਂ ਜਿੱਤ ਗਈ ਹੈ ਤਾਂ ਦੇਖਣਾ ਹੋਵੇਗਾ ਬਾਲੀਵੁੱਡ ਇੰਡਸਟਰੀ ਅਤੇ ਰਾਜਨੀਤੀ ਨੂੰ ਲੈ ਕੇ ਉਨ੍ਹਾਂ ਦਾ ਅੱਗੇ ਦਾ ਫੈਸਲਾ ਕੀ ਹੋਵੇਗਾ।

## ਹੁਣ ਇਕ ਦਿਨ 'ਚ 2000 ਸ਼ਰਧਾਲੂਆਂ ਦੀ ਆਫਲਾਈਨ ਰਜਿਸਟ੍ਰੇਸ਼ਨ

ਦੇਹਰਾਦੂਨ 5 ਜੂਨ। ਚਾਰਧਾਮ ਯਾਤਰਾ ਦੇ ਰੂਟ 'ਤੇ ਪ੍ਰਬੰਧਾਂ 'ਚ ਸੁਧਾਰ ਤੋਂ ਬਾਅਦ ਸਰਕਾਰ ਦਾ ਭਰੋਸਾ ਵੀ ਵੱਧ ਗਿਆ ਹੈ। 1 ਜੂਨ ਤੋਂ ਆਫਲਾਈਨ ਰਜਿਸਟ੍ਰੇਸਨ ਪ੍ਰਣਾਲੀ ਨੂੰ ਮੁੜ ਸੁਰੂ ਕੀਤਾ ਗਿਆ ਹੈ। ਹੁਣ ਇਸ ਦੀ ਗਿਣਤੀ 1500 ਤੋਂ ਵਧਾ ਕੇ 2000 ਸਰਧਾਲੂਆਂ ਤੱਕ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਦੀਆਂ ਹਦਾਇਤਾਂ ਅਨੁਸਾਰ ਇਸ ਪ੍ਰਣਾਲੀ ਨੂੰ ਤੁਰੰਤ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਨੇ ਕਿਹਾ ਕਿ ਸਾਡਾ ਮੰਤਵ ਚਾਰਧਾਮ ਯਾਤਰਾ ਨੂੰ ਸੌਖਾ ਅਤੇ ਸੁਰੱਖਿਅਤ ਬਣਾਉਣਾ ਹੈ। ਇਸ ਪ੍ਰਣਾਲੀ ਨਾਲ ਜੁੜੇ ਸਾਰੇ ਅਧਿਕਾਰੀਆਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ।

## ਅੱਖਾਂ ਦੇ ਹਸਪਤਾਲ 'ਚ ਲੱਗੀ ਭਿਆਨਕ ਅੱਗ

ਨਵੀਂ ਦਿੱਲੀ 5 ਜੂਨ। ਦੱਖਣ-ਪੂਰਬੀ ਦਿੱਲੀ ਦੇ ਲਾਜਪਤ ਨਗਰ ਇਲਾਕੇ 'ਚ ਬੁੱਧਵਾਰ ਨੂੰ ਅੱਖਾਂ ਦੇ ਇਕ ਹਸਪਤਾਲ 'ਚ ਅੱਗ ਲੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਫਾਇਰ ਬ੍ਰਿਗੇਡ ਸੇਵਾ (ਡੀਐੱਫਐੱਸ) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅਜੇ ਤੱਕ ਕਿਸੇ ਦੇ ਜਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਬਾਰੇ ਸੂਚਨਾ ਸਵੇਰੇ ਕਰੀਬ 11.30 ਵਜੇ ਮਿਲੀ ਅਤੇ ਹਾਦਸੇ ਵਾਲੀ ਜਗ੍ਹਾ ਫਾਇਰ ਬ੍ਰਿਗੇਡ ਦੀਆਂ 12 ਗੱਡੀਆਂ ਨੂੰ ਭੇਜਿਆ ਗਿਆ ਹੈ। ਫਾਇਰ ਬ੍ਰਿਗੇਡ ਕਰਮੀ ਅੱਗ ਬੁਝਾਉਣ 'ਚ ਜੁਟੇ ਹੋਏ ਹਨ।


## ਦਿੱਲੀ 'ਚ ਰਾਜਗ ਦੀ ਬੈਠਕ ਤੋਂ ਪਹਿਲੇ ਚਿਰਾਗ ਪਾਸਵਾਨ ਨੇ ਨਿਤੀਸ਼ ਨਾਲ ਕੀਤੀ ਮੁਲਾਕਾਤ

ਪਟਨਾ 5 ਜੂਨ। ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ) ਦੇ ਮੁਖੀ ਚਿਰਾਗ ਪਾਸਵਾਨ ਨੇ ਬੁੱਧਵਾਰ ਨੂੰ ਰਾਸ਼ਟਰੀ ਰਾਜਧਾਨੀ 'ਚ ਹੋਣ ਵਾਲੀ ਰਾਜਗ ਦੀ ਮਹੱਤਵਪੂਰਨ ਬੈਠਕ ਤੋਂ ਪਹਿਲਾਂ ਪਟਨਾ ਸਥਿਤ ਮੁੱਖ ਮੰਤਰੀ ਰਿਹਾਇਸ਼ ਜਾ ਕੇ ਜਨਤਾ ਦਲ (ਯੂ) ਮੁਖੀ ਨਿਤੀਸ਼ ਕੁਮਾਰ ਨਾਲ ਮੁਲਾਕਾਤ ਕੀਤੀ। ਰਾਜਗ 'ਚ ਸ਼ਾਮਲ ਚਿਰਾਗ ਨੇ ਆਪਣੇ ਸਾਰੇ ਨਵੇਂ ਚੁਣੇ ਸੰਸਦ ਮੈਂਬਰਾਂ ਨਾਲ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਪਾਰਟੀ ਨੇ ਗਠਜੋੜ 'ਚ ਵੰਡੀਆਂ ਸਾਰੀਆਂ 5 ਲੋਕ ਸਭਾ ਸੀਟਾਂ ਹਾਜੀਪੁਰ, ਵੈਸ਼ਾਲੀ, ਸਮਸਤੀਪੁਰ, ਖਗੜੀਆ ਅਤੇ ਜਮੁਈ ਜਿੱਤੀਆਂ ਹਨ। ਮੁੱਖ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਚਿਰਾਗ ਨੇ ਕਿਹਾ,"ਅਸੀਂ ਮੁੱਖ ਮੰਤਰੀ ਜੀ ਨੂੰ ਮਿਲੇ... ਅੱਜ ਮੁੱਖ ਮੰਤਰੀ (ਨਿਤੀਸ਼ ਕੁਮਾਰ) ਨੂੰ ਵਧਾਈ ਦੇਣ ਦਾ ਦਿਨ ਸੀ। ਮੁੱਖ ਮੰਤਰੀ ਨੇ ਜਿਸ ਤਰ੍ਹਾਂ ਨਾਲ ਸਾਡੇ ਗਠਜੋੜ ਨੂੰ ਮਜਬੂਤ ਕੀਤਾ ਹੈ ਅਤੇ ਬਿਹਾਰ 'ਚ ਰਾਜਗ ਨੇ ਜਿਸ ਤਰ੍ਹਾਂ ਦਾ ਪ੍ਰਦਰਸ਼ਨ ਕੀਤਾ, ਉਸ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਡੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਜਾਂਦਾ ਹੈ। ਅੱਜ, ਮੈਂ ਅਤੇ ਮੇਰੇ ਨਵੇਂ ਚੁਣੇ ਸੰਸਦ ਮੈਂਬਰ ਉਨ੍ਹਾਂ ਨੂੰ ਮਿਲੇ ਕੇ, ਉਨ੍ਹਾਂ ਨੂੰ ਵਧਾਈ ਦੇਣ ਅਤੇ ਧੰਨਵਾਦ ਕਰਨ ਆਏ ਸੀ। ਉਨ੍ਹਾਂ ਨੇ ਸਾਨੂੰ ਵਧਾਈ ਅਤੇ ਆਸ਼ੀਰਵਾਦ ਦਿੱਤਾ। ਅੱਜ ਰਾਜਗ ਦੀ ਵੀ ਬੈਠਕ ਹੈ ਅਤੇ ਅਸੀਂ ਹੁਣ ਸਾਰੇ ਲੋਕ ਦਿੱਲੀ ਜਾ ਰਹੇ ਹਨ।"

# ਐੱਨ.ਡੀ.ਏ. ਦੀ ਬੈਠਕ 'ਚ ਪ੍ਰਸਤਾਵ ਪਾਸ, 7 ਜੂਨ ਨੂੰ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ ਨਰਿੰਦਰ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 5 ਜੂਨ। ਲੋਕ ਸਭਾ ਚੋਣਾਂ 2024 ਦੇ ਨਤੀਜੇ ਆ ਗਏ ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਨੈਸਨਲ ਡੈਮੋਕਰੇਟਿਕ ਅਲਾਇੰਸ (ਐੱਨ.ਡੀ.ਏ.) ਨੇ ਬੁੱਧਵਾਰ ਨੂੰ ਸਰਕਾਰ ਦੇ ਗਠਨ 'ਤੇ ਚਰਚਾ ਕਰਨ ਲਈ ਸਹਿਯੋਗੀਆਂ ਨਾਲ ਬੈਠਕ ਕੀਤੀ। ਹੁਣ ਅਗਲੀ ਮੀਟਿੰਗ 7 ਜੂਨ ਨੂੰ ਸਵੇਰੇ 11 ਵਜੇ ਬੁਲਾਈ ਗਈ ਹੈ, ਜਿਸ ਵਿੱਚ ਐੱਨ.ਡੀ.ਏ. ਸੰਸਦੀ ਦਲ ਦੇ ਆਗੂ ਸਾਮਲ ਹੋਣਗੇ। 7 ਜੂਨ ਨੂੰ ਪੀ.ਐੱਮ. ਮੋਦੀ ਨੂੰ ਐੱਨ.ਡੀ.ਏ. ਦੇ ਹਲਕਿਆਂ ਦਾ ਨੇਤਾ ਚੁਣਿਆ ਜਾਵੇਗਾ। ਸੂਤਰਾਂ ਦੇ ਹਵਾਲੇ ਨਾਲ ਖਬਰ ਹੈ ਕਿ ਨਰਿੰਦਰ ਮੋਦੀ 8 ਜੂਨ ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕ ਸਕਦੇ ਹਨ। ਐੱਨ.ਡੀ.ਏ. ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇ.ਪੀ. ਨੱਡਾ, ਰਾਜਨਾਥ ਸਿੰਘ, ਅਮਿਤ ਸਾਹ, ਚੰਦਰਬਾਬੂ ਨਾਇਡੂ, ਨਿਤੀਸ ਕੁਮਾਰ, ਏਕਨਾਥ ਸ਼ਿੰਦੇ, ਐੱਚ.ਡੀ. ਕੁਮਾਰਸਵਾਮੀ, ਚਿਰਾਗ ਪਾਸਵਾਨ, ਜੀਤਨ ਰਾਮ ਮਾਂਝੀ, ਪਵਨ ਕਲਿਆਣ ਸਾਮਲ ਹੋਏ। ਇਨ੍ਹਾਂ ਤੋਂ ਇਲਾਵਾ ਸੁਨੀਲ ਤਤਕਰੇ, ਅਨੁਪ੍ਰਿਆ ਪਟੇਲ, ਜਯੰਤ ਚੌਧਰੀ, ਪ੍ਰਫੁੱਲ ਪਟੇਲ, ਪ੍ਰਮੋਦ ਬੋਰੋ, ਅਤੁਲ ਬੋਰਾ, ਇੰਦਰ ਹਾਂਗ ਸੁਬਾ, ਸੁਦੇਸ ਮਹਾਤੋ, ਰਾਜੀਵ ਰੰਜਨ ਸਿੰਘ ਅਤੇ ਸੰਜੇ ਝਾਅ ਨੇ ਵੀ ਸਮੂਲੀਅਤ ਕੀਤੀ। ਬੁੱਧਵਾਰ ਨੂੰ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ 'ਤੇ ਦੀ ਬੈਠਕ ਹੋਈ। ਬੁੱਧਵਾਰ ਨੂੰ ਪੀ.ਐੱਮ. ਮੋਦੀ ਨੇ ਰਾਸਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਆਪਣਾ ਅਸਤੀਫਾ ਮੰਤਰੀ ਮੰਡਲ ਸਮੇਤ ਰਾਸਟਰਪਤੀ ਨੂੰ ਸੌਂਪ ਦਿੱਤਾ ਹੈ। ਰਾਸਟਰਪਤੀ ਨੇ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਅਤੇ ਉਨ੍ਹਾਂ ਨੂੰ ਅਤੇ ਮੰਤਰੀ ਮੰਡਲ ਨੂੰ ਨਵੀਂ ਸਰਕਾਰ ਦੇ ਕਾਰਜਭਾਰ ਸੰਭਾਲਣ ਤੱਕ ਅਹੁਦੇ 'ਤੇ ਬਣੇ ਰਹਿਣ ਦੀ ਬੇਨਤੀ ਕੀਤੀ। ਮਤੇ ਵਿੱਚ ਕਿਹਾ ਗਿਆ ਕਿ 2024 ਵਿੱਚ ਭਾਰਤ ਦੇ 140 ਕਰੋੜ ਦੇਸ ਵਾਸੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਐੱਨ.ਡੀ.ਏ. ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਕਾਰਨ ਪਿਛਲੇ 10 ਸਾਲਾਂ ਵਿੱਚ ਦੇਸ ਨੂੰ ਹਰ ਖੇਤਰ ਵਿੱਚ ਵਿਕਾਸ ਹੁੰਦਾ ਦੇਖਿਆ ਹੈ। ਬਹੁਤ ਲੰਬੇ ਵਕਫੇ ਤੋਂ



ਬਾਅਦ, ਲਗਭਗ 6 ਦਹਾਕਿਆਂ ਬਾਅਦ, ਭਾਰਤ ਦੇ ਲੋਕਾਂ ਨੇ ਲਗਾਤਾਰ ਤੀਜੀ ਵਾਰ ਪੂਰਨ ਬਹੁਮਤ ਨਾਲ ਇੱਕ ਮਜਬੂਤ ਲੀਡਰਸ਼ਿਪ ਨੂੰ ਚੁਣਿਆ ਹੈ। ਸਾਨੂੰ ਸਾਰਿਆਂ ਨੂੰ ਮਾਣ ਹੈ ਕਿ ਐਨਡੀਏ ਨੇ ਨਰਿੰਦਰ ਮੋਦੀ ਦੀ ਅਗਵਾਈ ਹੇਠ 2024 ਦੀਆਂ ਲੋਕ ਸਭਾ ਚੋਣਾਂ ਇਕਜੁੱਟ ਹੋ ਕੇ ਲੜੀਆਂ ਅਤੇ ਜਿੱਤੀਆਂ। ਅਸੀਂ ਸਾਰੇ ਸਰਬਸੰਮਤੀ ਨਾਲ ਐੱਨਡੀਏ ਦੇ ਨੇਤਾ ਨਰਿੰਦਰ ਮੋਦੀ ਨੂੰ ਆਪਣਾ ਨੇਤਾ ਚੁਣਦੇ ਹਾਂ। ਬੈਠਕ 'ਚ ਪ੍ਰਧਾਨ ਮੰਤਰੀ ਮੋਦੀ ਨੇ ਸਾਰੇ ਨੇਤਾਵਾਂ ਨੂੰ ਕਿਹਾ, ਵਧਾਈਆਂ, ਸਾਰਿਆਂ ਨੇ ਖੂਬ ਲੜਾਈ ਕੀਤੀ। ਹੁਣ ਦੇਸ ਦੇ ਵਿਕਾਸ ਲਈ ਕੰਮ ਕਰੇਗੀ। ਅਸੀਂ ਲੋਕਾਂ ਲਈ ਆਪਣਾ ਕੰਮ ਜਾਰੀ ਰੱਖਾਂਗੇ। ਬੁੱਧਵਾਰ ਨੂੰ ਐੱਨ.ਡੀ.ਏ. ਦੀ ਮੀਟਿੰਗ ਵਿੱਚ ਸਾਮਲ ਹੋਏ ਸੀ.ਐੱਮ. ਨਿਤੀਸ ਕੁਮਾਰ ਨੇ ਕਿਹਾ ਕਿ ਸਰਕਾਰ ਬਣਾਉਣ ਵਿੱਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਸਾਨੂੰ ਜਲਦੀ ਤੋਂ ਜਲਦੀ ਸਰਕਾਰ ਬਣਾਉਣੀ ਚਾਹੀਦੀ ਹੈ। ਇਸ ਵਾਰ ਦੇ ਨਤੀਜਿਆਂ 'ਚ ਭਾਜਪਾ ਇਕੱਲੀ ਬਹੁਮਤ ਦੇ ਅੰਕੜੇ (272) ਨੂੰ ਨਹੀਂ ਛੂਹ ਸਕੀ ਅਤੇ ਉਸ ਨੂੰ ਸਿਰਫ 240 ਸੀਟਾਂ 'ਤੇ ਹੀ ਸੰਤੁਸਟ ਹੋਣਾ ਪਿਆ। ਵਿਰੋਧੀ ਭਾਰਤ ਬਲਾਕ ਨੇ 234 ਸੀਟਾਂ ਜਿੱਤੀਆਂ ਹਨ।

# ਪੱਛਮੀ ਬੰਗਾਲ 'ਚ ਮਮਤਾ ਨੇ ਭਾਜਪਾ ਨਾਲ ਫਿਰ ਕੀਤਾ 'ਖੇਲਾ'!

**ਏਜੰਸੀਆਂ**

ਨੈਸ਼ਨਲ ਡੈਸਕ 5 ਜੂਨ। ਪੱਛਮੀ ਬੰਗਾਲ 'ਚ ਵੀ ਵੱਡਾ 'ਖੇਲਾ' ਵੇਖਣ ਨੂੰ ਮਿਲਿਆ ਹੈ। ਭਾਜਪਾ ਨੂੰ ਆਸ ਸੀ ਕਿ ਉਹ ਮਮਤਾ ਬੈਨਰਜੀ



ਦੇ ਗੜ੍ਹ 'ਤੇ ਕਬਜਾ ਕਰੇਗੀ। ਐਗਜ਼ਿਟ ਪੋਲ ਵੀ ਭਾਜਪਾ ਦੇ ਹੱਕ 'ਚ ਵਿਖਾਈ ਦੇ ਰਹੇ ਸਨ। ਨਤੀਜਿਆਂ ਨੇ ਇਨ੍ਹਾਂ ਸਾਰੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ ਤੇ ਮਮਤਾ ਦੇ ਗੜ੍ਹ 'ਚ ਭਾਜਪਾ ਦੀ ਸਥਿਤੀ ਸੁਧਰਨ ਦੀ ਬਜਾਏ ਵਿਗੜਦੀ ਨਜਰ ਆ ਰਹੀ ਹੈ। ਜਿੱਥੇ ਭਾਜਪਾ ਨੂੰ 2019 'ਚ 18 ਸੀਟਾਂ ਮਿਲੀਆਂ ਸਨ, ਉੱਥੇ ਇਸ ਵਾਰ ਉਹ ਸਿਰਫ 11 ਸੀਟਾਂ 'ਤੇ ਸਿਮਟ ਕੇ ਰਹਿ ਗਈ ਹੈ। 2019 'ਚ 22 ਸੀਟਾਂ 'ਤੇ ਕਾਬਜ ਤ੍ਰਿਣਮੂਲ ਕਾਂਗਰਸ ਹੁਣ 30 ਸੀਟਾਂ 'ਤੇ ਕਾਬਜ ਹੋ ਗਈ ਹੈ। ਇਸ ਤੋਂ ਇਲਾਵਾ 1 ਸੀਟ ਕਾਂਗਰਸ ਦੇ ਖਾਤੇ 'ਚ ਵੀ ਗਈ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਨੈਤਿਕ ਹਾਰ ਮੰਨਦੇ ਹੋਏ' ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਕਿਉਂਕਿ ਉਨ੍ਹਾਂ ਨੇ ਲੋਕ ਸਭਾ ਚੋਣਾਂ 'ਚ ਇਹ ਦਾਅਵਾ ਕਰਦੇ ਹੋਏ ਪ੍ਰਚਾਰ ਕੀਤਾ ਸੀ ਕਿ ਭਾਜਪਾ 400 ਤੋਂ ਵੱਧ ਸੀਟਾਂ ਜਿੱਤੇਗੀ ਪਰ ਅਸਲ 'ਚ ਉਹ ਆਪਣੇ ਦਮ 'ਤੇ ਬਹੁਮਤ ਤੱਕ ਹਾਸਲ ਕਰਨ 'ਚ ਨਾਕਾਮ ਰਹੀ। ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮਮਤਾ ਨੇ ਕਿਹਾ ਕਿ ਉਹ ਇਹ ਯਕੀਨੀ ਕਰਨ ਦੀ ਕੋਸ਼ਿਸ਼ ਕਰੇਗੀ ਕਿ ਮੋਦੀ ਕੇਂਦਰ ਦੀ ਸੱਤਾ ਤੋਂ ਬਾਹਰ ਹੋ ਜਾਣ ਅਤੇ 'ਇੰਡੀਆ' ਗੱਠਜੋੜ ਸੱਤਾ 'ਚ ਆਏ। ਉਨ੍ਹਾਂ ਕਿਹਾ,'ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਸਾਰੀ ਭਰੋਸੇਯੋਗਤਾ ਗੁਆ ਦਿੱਤੀ ਹੈ, ਉਨ੍ਹਾਂ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ। 'ਇੰਡੀਆ' ਜਿੱਤ ਗਿਆ ਹੈ, ਮੋਦੀ ਹਾਰ ਗਏ ਹਨ। ਪ੍ਰਧਾਨ ਮੰਤਰੀ ਨੇ ਕਈ ਪਾਰਟੀਆਂ ਨੂੰ ਤੋੜਿਆ ਅਤੇ ਹੁਣ ਜਨਤਾ ਨੇ ਉਨ੍ਹਾਂ ਦਾ ਮਨੋਬਲ ਵੀ ਤੋੜ ਦਿੱਤਾ ਹੈ। ਮੋਦੀ ਹੁਣ ਸਰਕਾਰ ਬਣਾਉਣ ਲਈ ਟੀ. ਡੀ. ਪੀ. ਅਤੇ ਨਿਤੀਸ਼ (ਕੁਮਾਰ) ਦੇ ਪੈਰਾਂ 'ਤੇ ਡਿੱਗ ਰਹੇ ਹਨ।'

## ਨਵੀਨ ਪਟਨਾਇਕ ਨੇ ਮੁੱਖ ਮੰਤਰੀ ਅਹੁਦੇ ਤੋਂ ਦਿੱਤਾ ਅਸਤੀਫਾ

ਭੁਵਨੇਸ਼ਵਰ 5 ਜੂਨ। ਬੀਜੂ ਜਨਤਾ ਦਲ () ਦੇ ਪ੍ਰਧਾਨ ਨਵੀਨ ਪਟਨਾਇਕ ਨੇ ਓਡੀਸ਼ਾ ਵਿਚ ਆਪਣੇ 24 ਸਾਲ ਦੇ ਸ਼ਾਸਨ ਦਾ ਅੰਤ ਕਰਦਿਆਂ ਸੂਬਾ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਹਾਰ ਮਗਰੋਂ ਬੁੱਧਵਾਰ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸੂਤਰਾਂ ਨੇ ਦੱਸਿਆ ਕਿ ਪਟਨਾਇਕ ਨੇ ਰਾਜ ਭਵਨ ਵਿਚ ਰਾਜਪਾਲ ਰਘੂਬਰ ਦਾਸ ਨੂੰ ਆਪਣਾ ਅਸਤੀਫਾ ਸੌਂਪਿਆ। ਪਟਨਾਇਕ ਦੀ ਰਿਹਾਇਸ਼ 'ਤੇ ਦੇ ਕਈ ਨੇਤਾ ਇਕੱਠੇ ਹੋਏ ਸਨ ਪਰ ਉਹ ਆਪਣਾ ਅਸਤੀਫਾ ਦੇਣ ਇਕੱਲੇ ਹੀ ਰਾਜਪਾਲ ਦੀ ਰਿਹਾਇਸ਼ 'ਤੇ ਗਏ। ਇਸ ਦੇ ਨਾਲ ਹੀ ਓਡੀਸ਼ਾ ਵਿਚ ਦੇ 24 ਸਾਲ ਦਾ ਰਾਜ ਵੀ ਖਤਮ ਹੋ ਗਿਆ ਹੈ। ਹੁਣ ਭਾਜਪਾ ਸੂਬੇ ਵਿਚ ਆਪਣੀ ਸਰਕਾਰ ਬਣਾਏਗੀ। ਓਡੀਸ਼ਾ ਵਿਧਾਨ ਸਭਾ ਦੀਆਂ 147 ਸੀਟਾਂ ਵਿਚ ਨੂੰ ਸਿਰਫ 51 ਸੀਟਾਂ 'ਤੇ ਹੀ ਜਿੱਤ ਮਿਲੀ। ਉੱਥੇ ਹੀ ਭਾਜਪਾ ਨੇ 78 ਸੀਟਾਂ ਜਿੱਤ ਕੇ ਸੱਤਾ 'ਤੇ ਕਬਜਾ ਜਮਾ ਲਿਆ। ਕਾਂਗਰਸ ਨੇ 14, ਆਜਾਦ ਉਮੀਦਵਾਰਾਂ ਨੇ 3 ਅਤੇ ਮਾਕਸਵਾਦੀ ਕਮਿਊਨਿਸਟ



ਪਾਰਟੀ (ਮਾਕਪਾ) ਨੇ ਇਕ ਸੀਟ ਜਿੱਤੀ ਹੈ। ਦੱਸ ਦੇਈਏ ਕਿ ਨਵੀਨ ਪਟਨਾਇਕ 2000 ਵਿਚ ਪਹਿਲੀ ਵਾਰ ਓਡੀਸ਼ਾ ਦੇ ਮੁੱਖ ਮੰਤਰੀ ਬਣੇ ਸਨ। ਇਸ ਤੋਂ ਬਾਅਦ ਲਗਾਤਾਰ 24 ਸਾਲਾਂ ਤੱਕ ਉਹ ਓਡੀਸ਼ਾ ਦੇ ਮੁੱਖ ਮੰਤਰੀ ਰਹੇ। ਓਡੀਸ਼ਾ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਦੇ ਪ੍ਰਧਾਨ ਅਤੇ ਕੇਂਦਰੀ ਇਸਪਾਤ ਅਤੇ ਖਣਨ ਮੰਤਰੀ ਦੇ ਅਹੁਦੇ 'ਤੇ ਵੀ ਰਹਿ ਚੁੱਕੇ ਹਨ।

## ਕੰਟਰੋਲ ਰੇਖਾ ਕੋਲ ਫੜਿਆ ਗਿਆ ਪਾਕਿਸਤਾਨੀ ਘੁਸਪੈਠੀਆ

ਮੇਂਢਰ 5 ਜੂਨ। ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ (ਪੀ.ਓ.ਕੇ.) ਦੇ ਇਕ ਬਜੁਰਗ ਵਿਅਕਤੀ ਨੇ ਜੰਮੂ ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਕੰਟਰੋਲ ਰੇਖਾ (ਐੱਲ.ਓ.ਸੀ.) ਕੋਲ ਗੈਰ-ਕਾਨੂੰਨੀ ਰੂਪ ਨਾਲ ਭਾਰਤੀ ਖੇਤਰ 'ਚ ਦਾਖਲ ਹੋਣ ਤੋਂ ਬਾਅਦ ਫੜਿਆ ਗਿਆ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਦੀ ਪਛਾਣ ਪੀ.ਓ.ਕੇ. ਦੇ ਬਠੱਲ ਪਿੰਡ ਵਾਸੀ 72 ਸਾਲਾ ਮੁਨੀਰ ਹੁਸੈਨ ਵਜੋਂ ਹੋਈ ਹੈ। ਅਧਿਕਾਰੀਆਂ ਅਨੁਸਾਰ ਉਸ ਨੂੰ ਮੰਗਲਵਾਰ ਸ਼ਾਮ ਮੇਂਢਰ ਸਬ-ਡਿਵੀਜਨ ਦੇ ਮਨਕੋਟ ਸੈਕਟਰ 'ਚ ਘੋਰਾ ਚੌਕੀ ਕੋਲ ਨਾਂਗੀ ਟਕਰਾਈ ਮੋਹਰੀ ਖੇਤਰ ਤੋਂ ਹਿਰਾਸਤ 'ਚ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਫੌਜ ਦੇ ਗਸ਼ਤੀ ਦਲ ਨੇ ਹੁਸੈਨ ਨੂੰ ਭਾਰਤੀ ਖੇਤਰ 'ਚ ਦਾਖਲ ਹੁੰਦੇ ਦੇਖਿਆ ਤਾਂ ਜੋ ਨਿਹੱਥਾ ਸੀ। ਜਦੋਂ ਉਸ ਨੂੰ ਰੁਕਣ ਲਈ ਕਿਹਾ ਗਿਆ ਤਾਂ ਉਸ ਨੇ ਦੌੜਨ ਦੀ ਕੋਸ਼ਿਸ਼ ਕੀਤੀ। ਉਸ ਕੋਲੋਂ ਕੋਈ ਇਤਰਾਜਯੋਗ ਸਮੱਗਰੀ ਬਰਾਮਦ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਵਿਅਕਤੀ ਤੋਂ ਸ਼ੁਰੂਆਤੀ ਪੁੱਛ-ਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਅਣਜਾਣੇ 'ਚ ਕੰਟਰੋਲ ਰੇਖਾ ਪਾਰ ਕਰ ਗਿਆ ਹੋਵੇਗਾ।

## ਪੰਜਾਬ ਦੇ ਸੰਸਦ ਮੈਂਬਰਾਂ 'ਚ ਸਿਰਫ 'ਹਰਸਿਮਰਤ' ਦੇ ਨਾਂ ਹੈ ਲਗਾਤਾਰ 4 ਵਾਰ ਜਿੱਤਣ ਦਾ ਰਿਕਾਰਡ

**ਨਵਦੀਪ ਸਿੰਘ ਸਾਹਨੀ**

ਲੁਧਿਆਣਾ 5 ਜੂਨ। ਲੋਕ ਸਣਾ ਚੋਣਾਂ ਦੇ ਨਤੀਜਿਆਂ ਦੇ ਰੂਪ 'ਚ ਕਈ ਰਿਕਾਰਡ ਬਣੇ ਅਤੇ ਟੁੱਟੇ ਹਨ। ਇਨ੍ਹਾਂ 'ਚੋਂ ਪੰਜਾਬ ਦੇ ਨਵੇਂ ਬਣੇ ਸੰਸਦ ਮੈਂਬਰਾਂ 'ਚੋਂ ਲਗਾਤਾਰ 4 ਵਾਰ ਜਿੱਤਣ ਦਾ ਰਿਕਾਰਡ ਸਿਰਫ ਹਰਸਿਮਰਤ ਬਾਦਲ ਦੇ ਨਾਂ ਹੈ, ਜੋ 2009 ਤੋਂ ਲਗਾਤਾਰ ਬਠਿੰਡਾ ਤੋਂ ਐੱਮ. ਪੀ. ਹਨ। ਹਾਲਾਂਕਿ ਇਹ ਰਿਕਾਰਡ ਲੁਧਿਆਣਾ ਤੋਂ ਐੱਮ. ਪੀ. ਰਵਨੀਤ ਬਿੱਟੂ ਦੇ ਨਾਂ ਵੀ ਹੋ ਸਕਦਾ ਸੀ। ਇਸੇ ਤਰ੍ਹਾਂ ਜੇਕਰ ਪਟਿਆਲਾ ਤੋਂ ਪਰਨੀਤ ਕੌਰ ਚੋਣ ਜਿੱਤਦੀ ਤਾਂ ਉਨ੍ਹਾਂ ਦੇ ਨਾਂ 5 ਵਾਰ ਐੱਮ. ਪੀ. ਬਣਨ ਦਾ ਰਿਕਾਰਡ ਹੁੰਦਾ ਪਰ ਉਹ ਦੋਵੇਂ ਚੋਣਾਂ ਹਾਰ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੇ ਨਵੇਂ ਬਣੇ ਸੰਸਦ ਮੈਂਬਰਾਂ 'ਚੋਂ ਅੰਮ੍ਰਿਤਸਰ ਤੋਂ ਗੁਰਜੀਤ ਔਜਲਾ ਨੇ ਜਿੱਤ ਦੀ ਹੈਟ੍ਰਿਕ ਲਗਾਈ ਹੈ। ਇਸ ਤੋਂ ਇਲਾਵਾ ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਤੀਜੀ ਵਾਰ ਐੱਮ. ਪੀ. ਬਣੇ ਹਨ ਅਤੇ ਫਤਿਹਗੜ੍ਹ



ਸਾਹਿਬ ਤੋਂ ਡਾ. ਅਮਰ ਸਿੰਘ ਅਤੇ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਦੂਜੀ ਵਾਰ ਐੱਮ. ਪੀ. ਬਣੇ ਹਨ। ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਇਕ ਸਾਬਕਾ ਮੁੱਖ ਮੰਤਰੀ ਅਤੇ 3 ਸਾਬਕਾ ਮੁੱਖ ਮੰਤਰੀਆਂ ਦੇ ਰਿਸ਼ਤੇਦਾਰ ਮੈਦਾਨ 'ਚ ਸਨ। ਉਨ੍ਹਾਂ 'ਚੋਂ ਜਲੰਧਰ ਤੋਂ ਚਰਨਜੀਤ ਚੰਨੀ ਅਤੇ ਬਠਿੰਡਾ ਤੋਂ ਹਰਸਿਮਰਤ ਬਾਦਲ ਚੋਣ ਜਿੱਤ ਗਏ ਹਨ, ਜਦੋਂਕਿ ਲੁਧਿਆਣਾ ਤੋਂ ਸਾਬਕਾ ਸੀ. ਐੱਮ. ਬੇਅੰਤ ਸਿੰਘ ਦੇ ਪੋਤੇ ਰਵਨੀਤ ਬਿੱਟੂ ਅਤੇ ਪਟਿਆਲਾ ਤੋਂ ਕੈਪ. ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਨਵੇਂ ਚਿਹਰਿਆਂ ਦੇ ਅੱਗੇ ਆਉਣ ਦਾ ਇਕ ਵੱਡਾ ਕਾਰਨ ਵੀ ਮੰਨੀਆਂ ਜਾ ਰਹੀਆਂ ਹਨ ਕਿ 5 ਐੱਮ. ਪੀ. ਚੋਣਾਂ ਹੀ ਨਹੀਂ ਲੜੇ। ਇਨ੍ਹਾਂ 'ਚੋਂ ਫਿਰੋਜ਼ਪੁਰ ਤੋਂ ਸੁਖਬੀਰ ਬਾਦਲ, ਖਡੂਰ ਸਾਹਿਬ ਤੋਂ ਜਸਬੀਰ ਸਿੰਘ ਡਿੰਪਾ, ਫਰੀਦਕੋਟ ਤੋਂ ਮੁਹੰਮਦ ਸਦੀਕ, ਗੁਰਦਾਸਪੁਰ ਤੋਂ ਸੰਨੀ ਦਿਓਲ, ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਦੇ ਨਾਮ ਸ਼ਾਮਲ ਹਨ।

## ਹੌਟ ਸੀਟ ਕਰਨਾਲ ਤੋਂ ਜਿੱਤੇ ਸਾਬਕਾ ਮੁੱਖ ਮੰਤਰੀ ਖੱਟੜ

ਕਰਨਾਲ 5 ਜੂਨ। ਹਰਿਆਣਾ ਦੀ ਸਭ ਤੋਂ ਹੌਟ ਸੀਟ ਕਰਨਾਲ ਲੋਕ ਸਭਾ ਸੀਟ ਤੋਂ ਨਤੀਜੇ ਆ ਗਏ ਹਨ। ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ 2,32,577 ਵੋਟਾਂ ਦੇ ਫਰਕ ਨਾਲ ਜਿੱਤ ਗਏ ਹਨ। ਉਨ੍ਹਾਂ ਨੂੰ ਕੁੱਲ 7,39,285 ਵੋਟਾਂ ਪਈਆਂ। ਜਦੋਂਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਕਾਂਗਰਸ ਦੇ ਦਿਵਿਆਂਸ਼ੂ ਬੁੱਧੀਰਾਜਾ ਨੂੰ ਕੁੱਲ 5,06,708 ਵੋਟਾਂ ਪਈਆਂ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਨੇ ਕਰਨਾਲ ਲੋਕ ਸਭਾ ਸੀਟ 'ਤੇ ਜਿੱਤਣ 'ਤੇ ਕਰਨਾਲਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਸੋਸ਼ਲ ਮੀਡੀਆ ਐਕਸ 'ਤੇ ਕਰਨਾਲਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਲਿਖਿਆ ਕਿ ਇਹ ਤੁਹਾਡੇ ਸਾਰਿਆਂ ਦੀ ਜਿੱਤ ਹੈ, ਇਹ ਤੁਹਾਡੇ ਇਰਾਦੇ ਦੀ, ਤੁਹਾਡੇ ਸੁਪਨਿਆਂ ਦੀ ਅਤੇ ਤੁਹਾਡੇ ਸਾਰਿਆਂ ਦੀ ਜਿੱਤ ਹੈ। ਮੈਂ ਤੁਹਾਡੇ ਦੁਆਰਾ ਦਿੱਤੇ ਪਿਆਰ ਅਤੇ ਅਸੀਸਾਂ ਤੋਂ ਪ੍ਰਭਾਵਿਤ ਹਾਂ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਹਮੇਸਾ ਤੁਹਾਡੇ ਪਰਿਵਾਰ ਦੇ ਮੈਂਬਰ ਵਾਂਗ ਸੀ ਅਤੇ ਹਮੇਸ਼ਾ ਰਹਾਂਗਾ। ਉਨ੍ਹਾਂ ਇਹ ਵੀ ਲਿਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਕਰਨਾਲ ਅਤੇ ਹਰਿਆਣਾ ਸਮੇਤ ਪੂਰਾ ਭਾਰਤ ਵਿਕਸਤ ਰਾਸਟਰ ਦੀ ਰਾਹ 'ਤੇ ਅੱਗੇ ਵਧੇਗਾ।

# ਲੁਧਿਆਣਾ ਦੇ ਲੀਡਰ ਨੇ ਲਿਆ ਰਾਹੁਲ ਗਾਂਧੀ ਦੀ ਹਾਰ ਦਾ ਬਦਲਾ

**ਤੇਜਿੰਦਰ ਕੌਰ ਬੱਬਰ**

ਲੁਧਿਆਣਾ 5 ਜੂਨ। ਲੋਕ ਸਭਾ ਚੋਣਾਂ ਵਿਚ ਜਿਥੇ ਐੱਨ.ਡੀ.ਏ. ਖਾਸ ਕਰਕੇ ਭਾਜਪਾ ਦੀ ਜਿੱਤ ਦੇ ਦਾਅਵਿਆਂ ਦੀ ਹਵਾ ਨਿਕਲਣ ਦੇ ਬਾਅਦ ਜੇਕਰ ਕਿਸੇ ਗੱਲ ਨੂੰ ਲੈ ਕੇ ਸਭ ਤੋਂ ਜ਼ਿਆਦਾ ਚਰਚਾ ਹੋ ਰਹੀ ਹੈ ਤਾਂ ਉਹ ਅਮੇਠੀ ਤੋਂ ਗਾਂਧੀ ਪਰਿਵਾਰ ਦੇ ਨਜ਼ਦੀਕੀ ਕਿਸ਼ੋਰੀ ਲਾਲ ਵਲੋਂ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੂੰ ਹਰਾਉਣ ਦੀ ਹੈ। ਹੁਣ ਹਰ ਕਿਸੇ ਦੇ ਮਨ ਵਿਚ ਇਕ ਹੀ ਸਵਾਲ ਪੈਦਾ ਹੋ ਰਿਹਾ ਕਿ ਕਿਸ਼ੋਰੀ ਲਾਲ ਹੈ ਕੌਣ, ਜਿਨ੍ਹਾਂ ਨੂੰ ਗਾਂਧੀ ਪਰਿਵਾਰ ਵਲੋਂ ਅਮੇਠੀ ਤੋਂ ਆਪਣਾ ਵਿਕਲਪ ਬਣਾਇਆ ਗਿਆ। ਜਿਸਨੂੰ ਲੈ ਕੇ ਇਹ ਸਭ ਤੋਂ ਅਹਿਮ ਹੈ ਕਿ ਕਿਸ਼ੋਰੀ ਲਾਲ ਦਾ ਸਬੰਧ ਪੰਜਾਬ ਖਾਸ ਕਰਕੇ ਲੁਧਿਆਣਾ ਤੋਂ ਹੈ ਉਹ ਇਥੀ ਪਲੇ ਵਧੇ ਹਨ ਅਤੇ ਹੁਣ ਤੱਕ ਇਥੇ ਰਹਿੰਦੇ ਹਨ ਪਰ ਲਗਭਗ 40 ਸਾਲ ਪਹਿਲਾ ਯੂਥ ਕਾਂਗਰਸ ਵਲੋਂ ਕੋਆਡੀਨੇਟਰ ਬਣ ਕੇ ਅਮੇਠੀ ਗਏ ਅਤੇ ਰਣਜੀਤ ਗਾਧੀ ਦੀ ਜਿੱਤ ਦੇ ਬਾਅਦ ਉਥੇ ਦੇ ਹੋ ਕੇ ਰਹਿ ਗਏ ਕਿਉਂਕਿ ਰਾਜੀਵ ਗਾਂਧੀ ਦੇਬਾਅਦ ਕਿਸ਼ੋਰੀ ਲਾਲ ਅਮੇਠੀ ਅਤੇ ਰਾਇਬਰੇਲੀ ਤੋਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਪ੍ਰਤੀਨਿਧੀ ਦੇ ਰੂਪ ਵਿਚ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਨੇ ਪ੍ਰਿਅੰਕਾ ਗਾਂਧੀ ਦਾ ਕਾਫੀ ਨਜ਼ਦੀਕੀ ਮੰਨਿਆ ਜਾਂਦਾ ਹੈ ਅਤੇ ਰਾਹੁਲ ਗਾਂਧੀ ਦੇ ਵਾਇਨਾਡ ਤੋਂ ਚੋਣ ਲੜਨ ਦੀ ਵਜ੍ਹਾ ਨਾਲ ਪ੍ਰਿਅੰਕਾ ਜਾਂ ਉਨ੍ਹਾਂ ਦੇ ਪਤੀ ਦੇ ਅਮੇਠੀ ਤੋਂ ਮੈਦਾਨ ਵਿਚ ਉਤਰਨ ਦੀ ਚਰਚਾ ਦੇ ਮੁਕਾਬਲੇ ਕਿਸ਼ੋਰੀ ਲਾਲ ਨੂੰ ਉਮੀਦਵਾਰ ਬਣਾਇਆ ਗਿਆ। ਜਿਸ ਦੀ ਵਜ੍ਹਾ ਇਹ ਮੰਨੀ ਜਾ ਰਹੀ ਹੈ ਕਿ ਸਮ੍ਰਿਤੀ ਇਰਾਨੀ ਵੱਲੋਂ ਗਾਂਧੀ ਪਰਿਵਾਰ 'ਤੇ ਚੋਣਾਂ ਦੇ ਮੈਦਾਨ ਦੌਰਾਨ ਹੀ ਅਮੇਠੀ ਵਿਚ ਆਉਣ ਸਮੇਤ ਪਿਛਲੀ ਵਾਰ ਵਾਇਨਾਡ ਜਾਣ ਦਾ ਮੁੱਦਾ ਚੁਕਿਆ ਜਾ ਰਿਹਾ ਸੀ ਜਿਸਦੇ ਮੱਦੇਨਜ਼ਰ ਲੰਮੇ ਸਮੇਂ ਤੋਂ ਅਮੇਠੀ ਗਰਾਊਂਡ ਲੈਵਲ 'ਤੇ ਪਬਲਿਕ ਵਿਚ ਪਕੜ ਰੱਖਣ ਵਾਲੇ ਕਿਸ਼ੋਰੀ ਲਾਲ ਨੂੰ ਟਿਕਟ ਦੇਣ ਦਾ ਫਾਰਮੂਲਾ ਵਰਤਿਆ ਗਿਆ ਹੈ ਜੋ ਕਾਮਯਾਬ ਵੀ ਰਿਹਾ। ਕੇ.ਐੱਲ ਸ਼ਰਮਾ ਨਾਲ ਜੁੜਿਆ ਇਕ ਪਹਿਲੂ ਇਹ ਵੀ ਹੈ ਕਿ ਅਮੇਠੀ ਤੋਂ 6ਵੇਂ ਗੈਰ ਗਾਂਧੀ ਐੱਮ.ਪੀ ਹੋਣਗੇ। ਇਸ ਤੋਂ ਪਹਿਲਾ 1967 ਤੋਂ ਲੈ ਕੇ 1977 ਤੱਕ ਵਿਦਿਆਧਰ ਵਾਜਪਾਈ ਅਤੇ ਰਵਿੰਦਰ ਪ੍ਰਤਾਪ ਸਿੰਘ ਅਮੇਠੀ ਦੇ ਸੰਸਦ ਰਹੇ। ਇਸਦੇ ਬਾਅਦ 1980 ਵਿਚ ਸੰਜੇ ਗਾਂਧੀ



ਨੇ ਮੋਰਚਾ ਸੰਭਾਲਿਆ ਅਤੇ 1991 ਤੱਕ ਰਾਜੀਵ ਗਾਂਧੀ ਅਮੇਠੀ ਤੋਂ ਐੱਮ.ਪੀ ਰਹੇ। ਭਾਂਵੇਕਿ 1991 ਤੋਂ 1998 ਤੱਕ ਕੈਪਟਨ ਸਤੀਸ਼ ਸ਼ਰਮਾ ਅਤੇ ਸੰਜੇ ਸਿੰਘ ਅਮੇਠੀ ਦੇ ਗੈਰ ਗਾਂਧੀ ਐੱਮ.ਪੀ ਬਣੇ ਪਰ 1999 ਤੋਂ 2019 ਤੱਕ ਅਮੇਠੀ ਸੀਟ 'ਤੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦਾ ਕਬਜ਼ਾ ਰਿਹਾ। ਜਿਥੇ ਸਮ੍ਰਿਤੀ ਇਰਾਨੀ ਦੀ ਜਿੱਤ ਦੇ 5 ਸਾਲ ਦੇ ਅੰਦਰ ਹੀ ਕੇ.ਐੱਲ ਸ਼ਰਮਾ ਨੇ ਗਾਂਧੀ ਪਰਿਵਾਰ ਦੀ ਸਿਆਸੀ ਵਿਰਾਸਤ ਨੂੰ ਵਾਪਸ ਹਾਲਸ ਕਰ ਲਿਆ ਹੈ। ਅਮੇਠੀ ਤੋਂ ਕੇਐੱਲ ਸ਼ਰਮਾ ਦੀ ਜਿੱਤ ਨੂੰ ਰਾਹੁਲ ਗਾਂਧੀ ਦੀ ਹਾਰ ਦਾ ਬਦਲਾ ਲੈਂਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ ਉਥੇ ਇਸ ਨਾ ਪਾਰਟੀ ਦੀ ਸਥਿਤੀ ਵਿਚ ਵੀ ਸੁਧਾਰ ਹੋਇਆ ਹੈ ਕਿਉਂਕਿ 2007 ਤੋਂ ਲੈ ਕੇ 2002 ਤੱਕ ਦੀਆਂ ਚਾਰ ਵਿਧਾਨਸਭਾ ਚੋਣਾਂ ਦੇ ਦੌਰਾਨ ਅਮੇਠੀ ਤੋਂ ਕਾਂਗਰਸ ਦਾ ਵੋਟ ਬੈਂਕ 20 ਪ੍ਰਤੀਸ਼ਤ ਡਾਊਨ ਹੋਇਆ ਹੈ। ਇਸੇ ਤਰਾਂ 2009 ਅਤੇ 2014 ਦੀਆਂ ਲੋਕਸਭਾ ਚੋਣ ਦੇ ਦੌਰਾਨ ਅਮੇਠੀ ਤੋਂ ਰਾਹੁਲ ਗਾਂਧੀ ਦੀ ਜਿੱਤ ਦਾ ਮਾਰਜਨ 2 ਲੱਖ ਡਾਊਨ ਹੋ ਗਿਆ ਸੀ। ਇਸ ਤੋਂ ਇਲਾਵਾ ਪਿਛਲੀਆਂ ਦੋ ਵਿਧਾਨਸਭਾ ਚੋਣਾਂ ਦੇ ਦੌਰਾਨ ਕਾਂਗਰਸ ਨੂੰ ਅਮੇਠੀ ਵਿਚ ਇਕ ਵੀ ਸੀਟ ਨਹੀਂ ਮਿਲੀ। ਜਿਨਾਂ ਵਿਚ 2017 ਦੇ ਦੌਰਾਨ ਭਾਜਪਾ ਨੂੰ 4 ਅਤੇ ਸਮਾਜਵਾਦੀ ਪਾਰਟੀ ਨੂੰ ਅਮੇਠੀ ਦੀ ਇਕ ਸੀਟ 'ਤੇ ਜਿੱਤ ਹਾਸਲ ਹੋਈ ਸੀ ਜਦਕਿ 2022 ਦੀਆਂ ਵਿਧਾਨਸਭਾ ਚੋਣਾਂ ਦੇ ਦੌਰਾਨ ਕਾਂਗਰਸ ਅਮੇਠੀ ਦੀਆਂ 4 ਸੀਟਾਂ 'ਤੇ ਤੀਜੇ ਨੰਬਰ 'ਤੇ ਰਹੀ ਸੀ ਪਰ ਕਿਸ਼ੋਰੀ ਲਾਲ ਨੇ 2 ਸਾਲ ਦੇ ਅੰਦਰ ਹੀ ਲੋਕਸਭਾ ਚੋਣਾਂ ਦੇ ਦੌਰਾਨ 1.67 ਲੱਖ ਤੋਂ ਜ਼ਿਆਦਾ ਵੋਟਾਂ ਦੇ ਨਾਲ ਜਿੱਤ ਹਾਸਲ ਕਰਕੇ ਸਾਰੀ ਸਥਿਤੀ ਨੂੰ ਬਦਲ ਕੇ ਰੱਖ ਦਿੱਤਾ ਹੈ।

## ਲੋਕ ਸਭਾ ਚੋਣਾਂ 'ਚ ਮਿਲੀ ਹਾਰ ਤੋਂ ਬਾਅਦ ਸੁਖਬੀਰ ਬਾਦਲ ਦਾ ਪਹਿਲਾ ਬਿਆਨ

ਬਠਿੰਡਾ 5 ਜੂਨ। ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਮਿਲੀ ਵੱਡੀ ਹਾਰ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਪਹਿਲਾ ਬਿਆਨ ਆਇਆ ਹੈ। ਸੁਖਬੀਰ ਬਾਦਲ ਨੇ ਆਖਿਆ ਹੈ ਕਿ ਉਹ ਸ੍ਰੋਮਣੀ ਅਕਾਲੀ ਦਲ ਦੇ ਸਮੂਹ ਮਿਹਨਤੀ ਅਤੇ ਜੁਝਾਰੂ ਵਰਕਰਾਂ ਦਾ ਤਹਿ ਦਿਲੋਂ ਸੁਕਰਾਨਾ ਕਰਦੇ ਹਨ ਜਿਨ੍ਹਾਂ ਨੇ ਅਤਿ ਦਰਜੇ ਦੀ ਗਰਮੀ ਅਤੇ ਅਨੇਕਾਂ ਹੀ ਔਕੜਾਂ ਦਾ ਸਾਹਮਣਾ ਕਰਦਿਆਂ ਸੂਬੇ ਭਰ ਵਿਚ ਸ੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਲਈ ਦਿਨ-ਰਾਤ ਅਣਥੱਕ ਮਿਹਨਤ ਕੀਤੀ। ਉਹ ਸਮੂਹ ਪੰਜਾਬੀਆਂ ਦਾ ਧੰਨਵਾਦ ਕਰਦੇ ਹਨ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਇਸ ਫਤਵੇ ਨੂੰ ਖਿੜੇ ਮੱਥੇ ਸਵੀਕਾਰਦੇ ਹਨ ਅਤੇ ਸਨਮਾਨ ਕਰਦੇ ਹਨ। ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਅਕਾਲੀ ਦਲ ਦਾ ਪ੍ਰਦਰਸ਼ਨ ਬੇਹੱਦ ਕਮਜੋਰ ਰਿਹਾ ਹੈ। ਆਲਮ ਇਹ ਹੈ ਕਿ ਪੰਥ ਦਾ ਰਖਵਾਲਾ ਕਹਾਉਣ ਵਾਲਾ ਅਕਾਲੀ ਦਲ ਪੰਥਕ ਸੀਟਾਂ 'ਤੇ ਹਾਰ ਗਿਆ ਹੈ। ਪੰਥਕ ਸੀਟ ਖਡੂਰ ਸਾਹਿਬ ਵਿਚ ਅਕਾਲੀ ਦਲ ਚੌਥੇ ਅਤੇ ਸ੍ਰੀ ਅਨੰਦਪੁਰ ਸਾਹਿਬ ਸੀਟ 'ਤੇ ਵੀ ਚੌਥੇ ਨੰਬਰ 'ਤੇ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ



ਵਿਚ ਤਾਂ ਭਾਜਪਾ ਅਕਾਲੀ ਦਲ ਨਾਲੋਂ ਅੱਗੇ ਨਿਕਲ ਗਈ ਹੈ। ਸਿਰਫ ਬਠਿੰਡਾ ਸੀਟ 'ਤੇ ਹੀ ਅਕਾਲੀ ਦਲ ਜਿੱਤ ਹਾਸਲ ਕਰ ਸਕਿਆ ਹੈ ਜਦਕਿ ਪੰਜਾਬ ਦੀਆਂ ਬਾਕੀ 12 ਸੀਟਾਂ 'ਤੇ ਅਕਾਲੀ ਦਲ ਦਾ ਪ੍ਰਦਰਸ਼ਨ ਬੇਹੱਦ ਸ਼ਰਮਨਾਕ ਰਿਹਾ ਹੈ।

# ਗੁਰੂ ਨਗਰੀ 'ਚ ਰਿਕਾਰਡਤੋੜ ਗਰਮੀ, ਦਿਨ ਦਾ ਤਾਪਮਾਨ 42 ਡਿਗਰੀ ਤੋਂ ਪਾਰ, ਮਾਹਿਰਾਂ ਵਲੋਂ ਅਪਡੇਟ ਜਾਰੀ

ਅੰਮ੍ਰਿਤਸਰ 5 ਜੂਨ। ਮਈ ਮਹੀਨੇ ਵਿਚ ਹੀ ਪੈ ਰਹੀ ਤੇਜ ਗਰਮੀ ਅਤੇ ਵਗ ਰਹੀ ਲੂ ਨਾਲ ਸ਼ਹਿਰ ਵਾਸੀ ਤਰਾਹ-ਤਰਾਹ ਕਰ ਰਹੇ ਹਨ। ਲੋਕਾਂ ਦਾ ਇੰਨਾ ਨੁਕਸਾਨ ਹੋ ਰਿਹਾ ਹੈ ਕਿ ਜ਼ਿਆਦਾਤਰ ਲੋਕ ਘਰਾਂ ਵਿਚ ਰਹਿਣ ਲਈ ਮਜਬੂਰ ਹੋ ਗਏ ਹਨ। ਮਈ ਮਹੀਨੇ ਵਿਚ ਪੈ ਰਹੀ ਗਰਮੀ ਅਤੇ ਲੂ ਕਾਰਨ ਲੋਕ ਬੇਹੱਦ ਪ੍ਰੇਸਾਨ ਹੋ ਗਏ ਹਨ। ਤੇਜ ਗਰਮੀ ਕਾਰਨ ਹਾਲਾਤ ਇਹ ਬਣ ਗਏ ਹਨ ਕਿ ਘਰਾਂ ਅਤੇ ਦਫਤਰਾਂ ਵਿਚ ਚੱਲ ਰਹੇ ਏ. ਸੀ. ਵੀ ਕੜਕਦੀ ਗਰਮੀ ਵਿਚ ਨਾਕਾਮ ਸਾਬਤ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਪੰਦਰਾਂ ਦਿਨਾਂ ਤੋਂ ਗਰਮੀ ਇੰਨੀ ਵੱਧ ਗਈ ਹੈ ਕਿ ਲੋਕ ਪਹਿਲਾਂ ਹੀ ਦਹਿਸਤ ਦੇ ਸਾਏ ਹੇਠ ਹਨ ਕਿ ਜੇਕਰ ਹੁਣ ਹਾਲਾਤ ਇੰਨੇ ਭਿਆਨਕ ਹੋ ਗਏ ਹਨ ਤਾਂ ਜੂਨ ਅਤੇ ਜੁਲਾਈ ਦੇ ਮਹੀਨਿਆਂ ਵਿਚ ਕੀ ਸਥਿਤੀ ਹੋਵੇਗੀ। ਜ਼ਿਆਦਾਤਰ ਅਮੀਰ ਪਰਿਵਾਰਾਂ ਨੇ ਪਹਾੜੀ ਸਥਾਨਾਂ ਵੱਲ ਜਾਣ ਲਈ ਪਹਿਲਾਂ ਹੀ ਹੋਟਲਾਂ ਵਿਚ ਅਗਾਊਂ ਬੁਕਿੰਗ ਕਰਵਾਉਣੀ ਸੁਰੂ ਕਰ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਦਸ ਸਾਲ ਪਹਿਲਾਂ ਤੱਕ ਗਰਮੀ ਦਾ ਰਿਕਾਰਡ ਪੱਧਰ ਸੀ ਪਰ ਇਸ ਵਾਰ ਲੱਗਦਾ ਹੈ ਕਿ ਪਿਛਲੇ ਸਾਰੇ ਰਿਕਾਰਡ ਟੁੱਟ ਜਾਣਗੇ। ਗੌਰਤਲਬ ਹੈ ਕਿ ਸਾਲ 2013 ਵਿਚ ਅੱਤ ਦੀ ਗਰਮੀ ਪਈ ਸੀ, ਜਿਸ ਦੌਰਾਨ ਤਾਪਮਾਨ 46-47 ਡਿਗਰੀ ਸੈਲਸੀਅਸ ਤੱਕ ਪਹੁੰਚ



ਗਿਆ ਸੀ। ਹੁਣ ਹਾਲਾਤ ਇਹ ਹਨ ਕਿ ਮਈ ਮਹੀਨੇ ਦੇ ਸਿਰਫ 23 ਦਿਨਾਂ ਵਿਚ ਹੀ ਸਹਿਰ ਦਾ ਤਾਪਮਾਨ 47 ਡਿਗਰੀ ਸੈਲਸੀਅਸ ਦੇ ਅੰਕੜੇ ਨੂੰ ਛੂਹ ਗਿਆ ਹੈ। ਇਹ ਸਾਰੀ ਸਥਿਤੀ ਗਲੋਬਲ ਵਾਰਮਿੰਗ ਕਾਰਨ ਪੈਦਾ ਹੋਈ ਹੈ ਅਤੇ ਜੇਕਰ ਲੋਕ ਵੱਧ ਤੋਂ ਵੱਧ ਰੁੱਖ ਨਹੀਂ ਲਗਾਉਣਗੇ ਤਾਂ ਸਥਿਤੀ ਹੋਰ ਵੀ ਬਦਤਰ ਹੋਣੀ ਤੈਅ ਹੈ। ਦੱਸਣਯੋਗ ਹੈ ਕਿ ਮਨੁੱਖ ਨੇ ਜੰਗਲਾਂ ਦੀ ਕਟਾਈ ਕਰ ਕੇ ਵਾਤਾਵਰਣ ਨੂੰ ਜੋ ਨੁਕਸਾਨ ਪਹੁੰਚਾਇਆ ਹੈ, ਉਸ ਨੂੰ ਠੀਕ ਕਰਨ ਲਈ ਪੰਜ ਲੱਖ ਕਰੋੜ ਹੋਰ ਰੁੱਖ ਲਗਾਉਣੇ ਪੈਣਗੇ ਪਰ ਜਿਸ ਦਰ ਨਾਲ ਨਵੇਂ ਰੁੱਖ ਲਗਾਏ ਜਾ ਰਹੇ ਹਨ, ਇਸ ਅੰਕੜੇ ਤੱਕ ਪਹੁੰਚਣ ਲਈ ਕਈ ਸਾਲ ਲੱਗ ਜਾਣਗੇ। ਇਸ ਸਮੇਂ ਦੌਰਾਨ ਗਲੋਬਲ ਵਾਰਮਿੰਗ ਕਾਰਨ ਸਥਿਤੀ ਕਿੰਨੀ ਗੰਭੀਰ ਹੋਵੇਗੀ? ਸਾਇਦ ਇੱਥੇ ਇਹ ਦੱਸਣ ਦੀ ਲੋੜ ਨਹੀਂ ਹੈ। ਦੂਜੇ ਪਾਸੇ ਗਲੋਬਲ ਵਾਰਮਿੰਗ ਕਾਰਨ ਹਾਲ ਦੇ ਸਾਲਾਂ ਵਿਚ ਸਰਦੀਆਂ ਦੇ ਮੌਸਮ ਵਿਚ ਕਾਫੀ ਫਰਕ ਆਇਆ ਹੈ। ਪਿਛਲੇ ਸੀਜਨ ਦੀ ਗੱਲ ਕਰੀਏ ਤਾਂ ਪਿਛਲੇ ਸਾਲ ਦਸੰਬਰ ਦੀ ਸੁਰੂਆਤ ਤੱਕ ਇੰਨੀ ਠੰਢ ਨਹੀਂ ਸੀ ਪਰ ਉਸ ਤੋਂ ਬਾਅਦ 22 ਦਸੰਬਰ ਤੋਂ ਲੈ ਕੇ ਜਨਵਰੀ ਅਤੇ ਫਰਵਰੀ (ਇਸ ਸਾਲ) ਤੱਕ ਇੰਨੀ ਠੰਢ ਪਈ ਕਿ ਠੰਢ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਇਹੀ ਰੁਝਾਨ ਹੁਣ ਗਰਮੀਆਂ ਦੇ ਮੌਸਮ ਨੂੰ ਲੈ ਕੇ ਵੀ ਦੇਖਣ ਨੂੰ ਮਿਲਣ ਲੱਗਾ ਹੈ। ਜੇਕਰ ਪਿਛਲੇ ਪੰਦਰਾਂ-ਵੀਹ ਦਿਨਾਂ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਤੇਜ ਗਰਮੀ ਨੇ ਅੰਬਰਸਰੀਆਂ ਦੇ ਛੱਕੇ ਛੁਡਾ ਦਿੱਤੇ ਹਨ। ਹੁਣ ਆਮ ਲੋਕਾਂ ਵਿੱਚ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਮਈ ਮਹੀਨੇ ਵਿੱਚ ਹੀ ਗਰਮੀ ਨੇ ਵਰ੍ਹਨਾ ਸੁਰੂ ਕਰ ਦਿੱਤਾ ਹੈ ਅਤੇ ਫਿਰ ਜੂਨ ਅਤੇ ਜੁਲਾਈ ਦੇ ਮਹੀਨਿਆਂ ਵਿਚ ਹੀ ਅਸਲ ਵਿਚ ਗਰਮੀ ਦਾ ਮੌਸਮ ਸੁਰੂ ਹੋ ਜਾਵੇਗਾ। ਮੌਸਮ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਵੀਰਵਾਰ ਸਵੇਰੇ ਕਰੀਬ 8 ਵਜੇ ਸਹਿਰ ਦਾ ਪਾਰਾ (ਤਾਪਮਾਨ) 30-32 ਡਿਗਰੀ ਤੱਕ ਪਹੁੰਚ ਗਿਆ ਸੀ। ਇਸ ਤੋਂ ਬਾਅਦ ਦਿਨ ਭਰ ਦਾ ਤਾਪਮਾਨ 42 ਡਿਗਰੀ ਅਤੇ ਦਿਨ ਦਾ ਘੱਟੋ-ਘੱਟ ਤਾਪਮਾਨ 27 ਡਿਗਰੀ ਰਹਿਣ ਦਾ ਅਨੁਮਾਨ ਹੈ। ਸਭ ਤੋਂ ਵੱਡੀ ਗੱਲ ਇਹ ਰਹੀ ਕਿ ਵੀਰਵਾਰ ਨੂੰ ਤੇਜ ਹਵਾਵਾਂ ਚੱਲਣ ਕਾਰਨ ਲੋਕਾਂ ਨੂੰ ਗਰਮੀ ਦੀ ਮਾਰ ਝੱਲਣੀ ਪਈ। ਮੌਸਮ ਵਿਭਾਗ ਦਾ ਸਪੱਸਟ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਮੌਸਮ ਖੁਸਕ ਅਤੇ ਗਰਮ ਰਹਿਣ ਵਾਲਾ ਹੈ। ਮਾਹਿਰਾਂ ਦਾ ਸਪੱਸਟ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਮੌਸਮ ਵਿੱਚ ਆਈਆਂ ਤਬਦੀਲੀਆਂ ਤੋਂ ਸਪੱਸਟ ਹੁੰਦਾ ਹੈ ਕਿ ਆਲਮੀ ਤਪਸ ਆਉਣ ਵਾਲੇ ਸਮੇਂ ਵਿੱਚ ਮਨੁੱਖ ਜਾਤੀ ਲਈ ਬਹੁਤ ਘਾਤਕ ਸਿੱਧ ਹੋਵੇਗੀ। ਇਸ ਕਾਰਨ ਲੋਕਾਂ ਨੂੰ ਹੁਣ ਤੋਂ ਹੀ ਵੱਧ ਤੋਂ ਵੱਧ ਰੁੱਖ-ਪੌਦੇ ਲਗਾਉਣੇ ਪੈਣਗੇ ਨਹੀਂ ਤਾਂ ਆਉਣ ਵਾਲੇ ਸਾਲਾਂ ਵਿੱਚ ਸਥਿਤੀ ਕਾਫੀ ਤਰਸਯੋਗ ਹੋ ਜਾਵੇਗੀ। ਦੂਜੇ ਪਾਸੇ ਸਹਿਰ ਵਿੱਚ ਪ੍ਰਦੂਸਣ ਦਾ ਪੱਧਰ ਵੀ ਲਗਾਤਾਰ ਵੱਧਦਾ ਜਾ ਰਿਹਾ ਹੈ, ਜੋ ਕਿ ਡੂੰਘੀ ਚਿੰਤਾ ਦਾ ਵਿਸਾ ਹੈ। ਮੌਸਮ ਮਾਹਿਰਾਂ ਅਨੁਸਾਰ ਮਈ ਮਹੀਨੇ ਵਿਚ ਔਸਤ ਅਤੇ ਵੱਧ ਤੋਂ ਵੱਧ ਤਾਪਮਾਨ 37-38 ਡਿਗਰੀ ਰਹਿੰਦਾ ਹੈ ਪਰ ਮਈ ਦੇ ਸਿਰਫ 23 ਦਿਨ ਹੀ ਰਹਿ ਗਏ ਹਨ ਅਤੇ ਗਰਮੀ ਨੇ ਏ. ਸੀ. ਵੀ ਫੇਲ ਕਰਨੇ ਸੁਰੂ ਕਰ ਦਿੱਤੇ ਹਨ। ਇਸ ਦੇ ਨਾਲ ਹੀ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਫਿਲਹਾਲ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ। ਪਿੰਡਾਂ ਦੇ ਮੁਕਾਬਲੇ ਸਹਿਰ ਵਿਚ ਜ਼ਿਆਦਾ ਗਰਮੀ ਪੈ ਰਹੀ ਹੈ, ਅਜਿਹਾ ਇਸ ਲਈ ਹੈ ਕਿਉਂਕਿ ਸਹਿਰ ਦੇ ਜ਼ਿਆਦਾਤਰ ਖੇਤਰ ਸੀਮੈਂਟ ਜਾਂ ਕੰਕਰੀਟ ਦੇ ਬਣੇ ਹੋਏ ਹਨ, ਜਿਸ ਕਾਰਨ ਸੜਕਾਂ ਅਤੇ ਗਲੀਆਂ 'ਤੇ ਕੰਕਰੀਟ ਦੀ ਗਰਮੀ ਹੋਰ ਵੀ ਵਧ ਜਾਂਦੀ ਹੈ। ਗਰਮੀ ਕਾਰਨ ਡੀਹਾਈਡ੍ਰੇਸਨ ਅਤੇ ਸਨ ਸਟ੍ਰੋਕ ਦੇ ਮਾਮਲੇ ਵੱਧ ਰਹੇ ਹਨ, ਜਿਸ ਕਾਰਨ ਲੋਕਾਂ ਨੂੰ ਇਨ੍ਹਾਂ ਤੋਂ ਬਚਣ ਲਈ ਉਪਾਅ ਕਰਨੇ ਪੈਣਗੇ। ਸਹਿਰ ਦੇ ਹਾਲਾਤ ਅਜਿਹੇ ਹਨ ਕਿ ਲੋਕ ਹੁਣ ਗਰਮੀ ਤੋਂ ਰਾਹਤ ਪਾਉਣ ਲਈ ਨਹਿਰਾਂ ਜਾਂ ਤੈਰਾਕੀ ਦੇ ਪੂਲਾਂ ਦਾ ਰੁਖ ਕਰ ਰਹੇ ਹਨ। ਇਸ ਦੇ ਨਾਲ ਹੀ ਕੜਾਕੇ ਦੀ ਗਰਮੀ ਕਾਰਨ ਸਹਿਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਅੱਗਜਨੀ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਪਿਛਲੇ ਇੱਕ ਹਫਤੇ ਦੌਰਾਨ ਸਹਿਰ ਵਿੱਚ ਕਈ ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਸ ਕਾਰਨ ਲੋਕਾਂ ਦਾ ਲੱਖਾਂ-ਕਰੋੜਾਂ ਦਾ ਨੁਕਸਾਨ ਹੋਇਆ ਹੈ। ਤੇਜ ਗਰਮੀ ਕਾਰਨ ਲੋਕਾਂ ਵਿੱਚ ਭਾਰੀ ਦਹਿਸਤ ਦਾ ਮਾਹੌਲ ਪਾਇਆ ਜਾ ਰਿਹਾ ਹੈ।

## ਪੰਜਾਬ ਦੇ ਸਾਰੇ ਪੋਲਿੰਗ ਬੂਥਾਂ ਉੱਤੇ ਤੰਬਾਕੂ ਦੇ ਸੇਵਨ 'ਤੇ ਹੋਵੇਗੀ ਪਾਬੰਦੀ

ਚੰਡੀਗੜ੍ਹ 5 ਜੂਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸੂਬੇ ਦੇ ਸਾਰੇ ਪੋਲਿੰਗ ਬੂਥਾਂ ਨੂੰ ਤੰਬਾਕੂ-ਰਹਿਤ ਐਲਾਨਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਪੋਲਿੰਗ ਬੂਥਾਂ 'ਤੇ ਸਿਗਰਟ, ਬੀੜੀ ਅਤੇ ਹੋਰ ਤੰਬਾਕੂ ਉਤਪਾਦਾਂ ਦੇ ਸੇਵਨ 'ਤੇ ਸਖ਼ਤ ਪਾਬੰਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪੋਲਿੰਗ ਬੂਥਾਂ 'ਤੇ ਤੰਬਾਕੂ ਦੇ ਸੇਵਨ 'ਤੇ ਲਗਾਈ ਗਈ ਇਸ ਪਾਬੰਦੀ ਨੂੰ ਯਕੀਨੀ ਬਣਾਉਣ ਲਈ ਹਰੇਕ ਪੋਲਿੰਗ ਬੂਥ ਦੇ ਪ੍ਰੀਜਾਈਡਿੰਗ ਅਫਸਰ ਨੂੰ ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਹੈ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਹ ਮਹੱਤਵਪੂਰਨ ਕਦਮ ਸਿਹਤਮੰਦ ਜੀਵਨਸ਼ੈਲੀ ਨੂੰ ਉਤਸਾਹਿਤ




ਕਰਨ ਦੇ ਨਾਲ-ਨਾਲ ਵੋਟਰਾਂ ਲਈ ਸੁਰੱਖਿਅਤ ਅਤੇ ਉਸਾਰੂ ਮਾਹੌਲ ਯਕੀਨੀ ਬਣਾਉਣ ਲਈ ਦਫਤਰ, ਮੁੱਖ ਚੋਣ ਅਫ਼ਸਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ ਬੂਥਾਂ ਨੂੰ ਤੰਬਾਕੂ-ਰਹਿਤ ਖੇਤਰ ਘੋਸ਼ਿਤ ਕਰਨ ਦਾ ਮੰਤਵ ਤੰਬਾਕੂ ਦਾ ਸੇਵਨ ਨਾ ਕਰਨ ਵਾਲਿਆਂ ਨੂੰ ਇਸਦੇ ਧੂੰਏਂ ਦੇ ਸੰਪਰਕ ਤੋਂ ਬਚਾਉਣਾ ਅਤੇ ਲੋਕਾਂ ਨੂੰ ਤੰਦਰੁਸਤ ਸਿਹਤ ਪ੍ਰਤੀ ਉਤਸਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਅਤੇ ਇਸ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕੈਂਸਰ, ਦਿਲ ਦੀਆਂ ਬਿਮਾਰੀਆਂ, ਫੇਫੜਿਆਂ ਦੇ ਗੰਭੀਰ ਰੋਗ ਅਤੇ ਅੰਨ੍ਹੇਪਣ ਆਦਿ 'ਤੇ ਕਾਬੂ ਪਾਉਣ ਲਈ ਚਲਾਈਆਂ ਜਾ ਰਹੀਆਂ ਵਿਆਪਕ ਜਨਤਕ ਸਿਹਤ ਮੁਹਿੰਮਾਂ ਅਤੇ ਕਾਨੂੰਨੀ ਤੇ ਹੋਰ ਪੱਧਰਾਂ 'ਤੇ ਕੀਤੇ ਜਾ ਰਹੇ ਯਤਨਾਂ ਦਾ ਵੀ ਹਿੱਸਾ ਹੈ।

## ਸਾਥੀ ਨਾਲ ਮਿਲ ਪਤਨੀ ਨੇ ਪਤੀ ਨੂੰ ਉਤਾਰਿਆ ਮੌਤ ਦੇ ਘਾਟ, ਕੁਦਰਤੀ ਮੌਤ ਬਣਾਉਣ ਲਈ ਖੇਡੀ ਇਹ ਚਾਲ

ਲੁਧਿਆਣਾ 5 ਜੂਨ। ਟਿੱਬਾ ਰੋਡ ਦੀ ਗਰੇਵਾਲ ਕਾਲੋਨੀ 'ਚ ਇਕ ਔਰਤ ਨੇ ਆਪਣੇ ਸਾਥੀ ਨਾਲ ਮਿਲ ਕੇ ਪਤੀ ਪਰਵਿੰਦਰ ਸਿੰਘ ਦਾ ਕਤਲ ਕਰ ਦਿੱਤਾ। ਉਸ ਦਾ ਗਲਾ ਘੁੱਟ ਕੇ ਮਾਰ ਦਿੱਤਾ। ਇਸ ਮਾਮਲੇ 'ਚ ਥਾਣਾ ਟਿੱਬਾ ਦੀ ਪੁਲਸ ਨੇ ਮ੍ਰਿਤਕ ਦੇ ਭਰਾ ਧਰਮਿੰਦਰ ਸਿੰਘ ਦੀ ਸ਼ਿਕਾਇਤ 'ਤੇ ਉਸ ਦੀ ਭਾਬੀ ਨਿਧੀ ਤੇ ਸਾਥੀ ਲਲਿਤ ਖ਼ਿਲਾਫ ਕਤਲ ਦਾ ਕੇਸ ਦਰਜ ਕੀਤਾ ਹੈ। ਧਰਮਿੰਦਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਭਾਬੀ ਨਿਧੀ ਉਸ ਦੇ ਭਰਾ ਨਾਲ ਝਗੜਾ ਕਰਦੀ ਸੀ, ਜੋ ਕਿ ਉਸ ਨੂੰ ਰਸਤੇ ਤੋਂ ਹਟਾਉਣਾ ਚਾਹੁੰਦੀ ਸੀ। ਉਸ ਨੇ ਇਸ ਕਤਲ 'ਚ ਲਲਿਤ ਨੂੰ ਨਾਲ ਮਿਲਾ ਲਿਆ ਕਿਉਂਕਿ ਲਲਿਤ ਉਸ ਦੀ ਭੈਣ ਨਾਲ ਵਿਆਹ ਕਰਨਾ ਚਾਹੁੰਦਾ ਸੀ, ਜੋ ਮ੍ਰਿਤਕ ਪਰਵਿੰਦਰ ਹੋਣ ਨਹੀਂ ਦੇ ਰਿਹਾ ਸੀ। ਇਸ ਲਈ ਦੋਵਾਂ ਨੇ ਮਿਲ ਕੇ ਪਰਵਿੰਦਰ ਸਿੰਘ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਜਾਣਕਾਰੀ ਮੁਤਾਬਕ ਨਿਧੀ ਤੇ ਪਲਵਿੰਦਰ ਦੇ ਵਿਆਹ ਨੂੰ ਕਾਫੀ ਸਮਾਂ ਹੋ ਚੁੱਕਾ ਸੀ। ਦੋਵਾਂ ਦਰਮਿਆਨ ਕਿਸੇ ਨਾ ਕਿਸੇ ਗੱਲ ਕਰਕੇ ਹਮੇਸ਼ਾ ਕਲੇਸ਼ ਰਹਿੰਦਾ ਸੀ। ਨਿਧੀ ਆਪਣੇ ਪਤੀ ਤੋਂ ਕਾਫੀ ਪ੍ਰੇਸ਼ਾਨ ਸੀ। ਮੁਲਜ਼ਮ ਲਲਿਤ, ਪਲਵਿੰਦਰ ਦੀ ਭੈਣ ਨਾਲ ਵਿਆਹ ਕਰਨਾ ਚਾਹੁੰਦਾ ਸੀ ਪਰ ਪਲਵਿੰਦਰ ਇਹ ਵਿਆਹ ਨਹੀਂ ਹੋਣ ਦੇ ਰਿਹਾ ਸੀ। ਨਿਧੀ ਨੇ ਇਕ



ਸਾਜ਼ਿਸ਼ ਰਚੀ, ਉਸ ਨੇ ਪਲਵਿੰਦਰ ਸਿੰਘ ਨੂੰ ਰਸਤੇ ਤੋਂ ਹਟਾਉਣ ਦਾ ਪਲਾਨ ਬਣਾਇਆ। ਇਸ ਪਲਾਨ 'ਚ ਉਸ ਨੇ ਲਲਿਤ ਨੂੰ ਵੀ ਆਪਣੇ ਨਾਲ ਮਿਲਾ ਲਿਆ। ਰਾਤ ਕਰੀਬ ਸਵਾ 9 ਵਜੇ ਪਲਵਿੰਦਰ ਘਰ 'ਚ ਸੀ ਤਾਂ ਮੁਲਜ਼ਮਾਂ ਨੇ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਨਿਧੀ ਨੇ ਰੌਲਾ ਪਾਇਆ ਕਿ ਪਲਵਿੰਦਰ ਨੂੰ ਕੁਝ ਹੋ ਗਿਆ ਹੈ। ਉਨ੍ਹਾਂ ਨੇ ਗੁੰਮਰਾਹ ਕਰਨ ਲਈ ਕਤਲ ਨੂੰ ਕੁਦਰਤੀ ਮੌਤ ਬਣਾਉਣ ਦਾ ਯਤਨ ਕੀਤਾ। ਇਸ ਤੋਂ ਬਾਅਦ ਉਹ ਪਰਿਵਾਰਕ ਮੈਂਬਰਾਂ ਦੇ ਨਾਲ ਪਲਵਿੰਦਰ ਨੂੰ ਹਸਪਤਾਲ ਲੈ ਕੇ ਗਏ, ਜਿਥੇ ਡਾਕਟਰਾਂ ਨੇ ਉਸ ਨੂੰ ਮਰਿਆ ਹੋਇਆ ਐਲਾਨ ਦਿੱਤਾ ਪਰ ਉਨ੍ਹਾਂ ਦਾ ਝੂਠ ਜ਼ਿਆਦਾ ਦੇਰ ਤੱਕ ਟਿਕ ਨਹੀਂ ਸਕਿਆ। ਜਦੋਂ ਲਾਸ਼ ਦੀ ਜਾਂਚ ਹੋਈ ਤਾਂ ਉਸ 'ਤੇ ਗਲਾ ਦਬਾਏ ਜਾਣ ਦੇ ਨਿਸ਼ਾਨ ਸਨ। ਪਰਿਵਾਰ ਨੇ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਵਲੋਂ ਪੋਸਟਮਾਰਟਮ ਤੋਂ ਬਾਅਦ ਕਤਲ ਦਾ ਕਾਰਨ ਗਲਾ ਘੁੱਟੇ ਜਾਣਾ ਸਾਹਮਣੇ ਆਇਆ। ਇਸ ਤੋਂ ਬਾਅਦ ਪੁਲਸ ਨੇ ਸਖਤੀ ਨਾਲ ਪੁੱਛਗਿਛ ਕੀਤੀ ਤਾਂ ਮੁਲਜ਼ਮਾਂ ਨੇ ਆਪਣਾ ਜੁਰਮ ਕਬੂਲ ਕਰ ਲਿਆ। ਉਥੇ ਥਾਣਾ ਟਿੱਬਾ ਦੇ ਐੱਸ. ਐੱਚ. ਓ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜਿਨ੍ਹਾਂ ਨੂੰ ਸੋਮਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਮੁਲਜ਼ਮਾਂ ਤੋਂ ਅੱਗੇ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਬਹਿਰਾਮਪੁਰ ਪੁਲਸ ਵੱਲੋਂ ਇੱਕ ਕਾਰ 'ਚੋਂ ਰਾਈਫਲ ਅਤੇ ਲੋਹੇ ਦੀ ਰਾਂਡ ਕੀਤੀ ਬਰਾਮਦ

ਦੀਨਾਨਗਰ 5 ਜੂਨ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਪੁਲਸ ਵੱਲੋਂ ਇੱਕ ਕਾਰ ਵਿੱਚੋਂ ਇੱਕ ਰਾਈਫਲ ਅਤੇ ਲੋਹੇ ਦੀ ਰਾਡ ਬਰਾਮਦ ਕਰਨ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਏ. ਐੱਸ. ਆਈ. ਜਗੀਰ ਚੰਦ ਨੂੰ ਇਤਲਾਹ ਮਿਲੀ ਕਿ ਇੱਕ ਕਾਰ ਸ਼ੱਕੀ ਹਾਲਤ 'ਚ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਲਈ ਘੁੰਮ ਰਹੀ ਹੈ ਜਿਸ 'ਤੇ ਏ. ਐੱਸ. ਆਈ. ਜਗੀਰ ਚੰਦ ਨੇ ਸਮੇਤ ਪੁਲਸ ਪਾਰਟੀ ਉਕਤ ਕਾਰ ਦਾ ਪਿੱਛਾ ਕੀਤਾ ਤਾਂ ਕਾਰ ਸਵਾਰ ਤੇਜ ਰਫਤਾਰ ਨਾਲ ਕਾਰ ਭਜਾ ਕੇ ਪਿੰਡ ਦੁਆਬਾ ਥਾਣਾ ਦੀਨਾਨਗਰ ਵਾਲੀ




ਸਾਈਡ 'ਤੇ ਲਿਜਾ ਕੇ ਪਿੰਡ ਦੁਆਬਾ ਨੇੜੇ ਖੜੀ ਕਰਕੇ ਮੌਕੇ ਤੋਂ ਫਰਾਰ ਹੋ ਗਿਆ। ਜਿਸਦੇ ਉਪਰੰਤ ਕਾਰ ਨੂੰ ਟੋਚਨ ਕਰਕੇ ਬਹਿਰਾਮਪੁਰ ਥਾਣਾ ਲਿਆਂਦਾ ਗਿਆ ਜਦ ਕਾਰ ਦਾ ਲਾਕ ਖੁਲਵਾ ਕੇ ਚੈੱਕ ਕੀਤਾ ਗਿਆ ਤਾਂ ਕਾਰ ਦੀ ਡਿੱਗੀ ਚੈਕ ਕਰਨ 'ਤੇ ਉਸ 'ਚੋਂ ਇੱਕ ਡਬਲ ਬੈਰਲ ਰਾਈਫਲ ਅਤੇ ਇੱਕ ਦਾਤਰ ਲੋਹਾ ਬਰਾਮਦ ਹੋਇਆ ਹੈ। ਪੁਲਸ ਵੱਲੋਂ ਜਾਂਚ ਕਾਰਨ ਉਪਰੰਤ ਵਿਕਾਸ ਕੁਮਾਰ ,ਕ੍ਰਿਸ਼ਨਾ ਵਾਸੀਆਂਨ ਸ਼ਾਂਸ਼ੀਆਂ ਮੁਹੱਲਾ ਬਹਿਰਾਮਪੁਰ, ਲਵ, ਬੱਬੂ ਵਾਸੀਆਂਨ ਡੀਡਾ ਸੈਣੀਆਂ ਅਤੇ 2 ਅਣਪਛਾਤੇ ਵਿਅਕਤੀ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

## ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਲ ਕਈ ਸਾਲਾਂ ਬਾਅਦ ਵੋਟ ਫੀਸਦੀ 'ਚ ਵੇਖਿਆ ਗਿਆ ਵਾਧਾ

ਦੀਨਾਨਗਰ 5 ਜੂਨ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੰਜ ਪਿੰਡਾਂ ਅਤੇ ਇੱਕ ਪਿੰਡ ਹਲਕਾ ਭੋਆ ਅਧੀਨ ਆਉਂਦੇ ਅੰਦਰ ਪਿਛਲੇ ਕਈ ਸਾਲਾਂ ਬਾਅਦ ਵੋਟ ਫੀਸਦੀ ਵਿੱਚ ਵਾਧਾ ਵੇਖਣ ਨੂੰ ਮਿਲਿਆ ਹੈ। ਜਾਣਕਾਰੀ ਅਨੁਸਾਰ ਮਕੌੜਾ ਪੱਤਣ ਤੋਂ ਪਾਰ ਦੇ ਪਿੰਡ ਤੂਰ ਤੇ ਭਰਿਆਲ ਬੂਥ ਨੰਬਰ 01 ,02 ਵਿਧਾਨ ਸਭਾ ਹਲਕਾ ਦੀਨਾਨਗਰ ਜਿੰਨਾ ਵੱਲੋਂ ਪਿਛਲੀਆਂ ਚੋਣਾਂ ਦਾ ਬਾਈਕਾਟ ਕੀਤਾ ਗਿਆ ਸੀ । ਡਿਪਟੀ ਕਮਿਸਨਰ ਕਮ ਜਿਲ੍ਹਾ ਚੋਣ ਅਫਸਰ ਗੁਰਦਾਸਪੁਰ ਵਿਸੇਸ ਸਾਰੰਗਲ ਦੀ ਅਗਵਾਈ ਅਤੇ ਸਹਾਇਕ ਰਿਟਰਨਿੰਗ ਅਫਸਰ ਦੀਨਾਨਗਰ ਗੁਰਦੇਵ ਸਿੰਘ ਧਾਮ ਐੱਸ.ਡੀ.ਐੱਮ( ਪੀ. ਸੀ. ਐੱਸ) ਦੇ ਯਤਨਾਂ ਸਦਕਾ ਅਤੇ ਸਵੀਪ ਟੀਮ ਦੇ ਨੋਡਲ ਅਫਸਰ ਰਾਜੇਸ ਕੁਮਾਰ ਸਰਮਾ ਜਿਲ੍ਹਾ ਸਿੱਖਿਆ ਅਫਸਰ,ਗੁਰਦਾਸਪੁਰ ਆਦਿ ਦੇ ਯਤਨ ਸਦਕਾ ਇਸ ਵਾਰ ਕ੍ਰਮਵਾਰ ਵੋਟ 63.33 ਫੀਸਦੀ ਅਤੇ 53.24 ਫੀਸਦੀ ਹੋਣ ਦਾ ਵੇਰਵਾ ਦੱਸਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਲਸਿਆਣ ਵਿਖੇ ਵੀ 55 ਫੀਸਦੀ ਤੋਂ ਵੱਧ ਵੋਟਿੰਗ ਹੋਈ ਦੱਸੀ ਜਾ ਰਹੀ ਹੈ ਜੇਕਰ ਪਿਛਲੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕੀਤੀ ਜਾਵੇ ਤਾਂ ਉਸ ਸਮੇਂ ਸਿਰਫ 1-2 ਫੀਸਦੀ ਪੋਲਿੰਗ ਹੋਈ ਪਰ ਇਸ ਵਾਰ ਪ੍ਰਸਾਸਨ ਵੱਲੋਂ ਵਾਰ -ਵਾਰ ਕੈਂਪ ਲਗਾਕੇ ਲੋਕਾਂ ਨੂੰ ਵੋਟਾਂ ਪਾਉਣ ਸਬੰਧੀ ਜਾਗਰੂਕ ਕੀਤਾ ਗਿਆ ਸੀ ।

## ਪਰਾਏ ਬੰਦੇ ਦੇ ਚੱਕਰਾਂ 'ਚ ਪਈ ਪਤਨੀ ਨੇ ਹੱਥੀਂ ਉਜਾੜ ਲਿਆ ਆਪਣਾ ਘਰ, ਪਤੀ ਨੇ ਕੀਤੀ ਖੁਦਕੁਸ਼ੀ

ਮੋਗਾ 5 ਜੂਨ। ਬਹਾਦਰ ਸਿੰਘ ਬਸਤੀ ਮੋਗਾ ਨਿਵਾਸੀ ਇਕ ਵਿਅਕਤੀ ਵੱਲੋਂ ਆਪਣੀ ਪਤਨੀ ਦੇ ਪ੍ਰੇਮ ਸਬੰਧਾਂ ਤੋਂ ਤੰਗ ਆ ਕੇ ਖੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਤਿੰਨ ਬੱਚਿਆਂ ਦਾ ਪਿਤਾ ਸੀ। ਇਸ ਸਬੰਧ ਵਿਚ ਥਾਣਾ ਸਿਟੀ ਸਾਊਥ ਮੋਗਾ ਵੱਲੋਂ ਮ੍ਰਿਤਕ ਦੇ ਭਰਾ ਸਕੰਦਰ ਸਿੰਘ ਨਿਵਾਸੀ ਬਹਾਦਰ ਬਸਤੀ ਮੋਗਾ ਨੇ ਕਿਹਾ ਕਿ ਉਸ ਦਾ ਭਰਾ ਬੰਟੀ ਸਿੰਘ ਦਾ ਵਿਆਹ ਸੰਦੀਪ ਕੌਰ ਨਿਵਾਸੀ ਸੇਖਵਾਂ ਫਿਰੋਜ਼ਪੁਰ ਨਾਲ ਕਰੀਬ 10 ਸਾਲ ਪਹਿਲਾਂ ਹੋਇਆ ਸੀ। ਉਸ ਨੇ ਕਿਹਾ ਕਿ ਮੇਰੇ ਭਰਾ ਅਤੇ ਭਰਜਾਈ ਵਿਚਕਾਰ ਘਰੇਲੂ ਝਗੜਾ ਚੱਲਦਾ ਰਹਿੰਦਾ ਸੀ। ਅਸੀਂ 2-3 ਵਾਰ ਪੰਚਾਇਤੀ ਤੌਰ 'ਤੇ ਇਨ੍ਹਾਂ ਦਾ ਰਾਜੀਨਾਮਾ ਕਰਵਾ ਦਿੱਤਾ ਸੀ। ਮੇਰੇ ਭਰਾ ਭਰਜਾਈ ਦੇ ਲੜਾਈ ਝਗੜੇ ਦਾ ਫਾਇਦਾ ਉਠਾਉਂਦੇ ਹੋਏ ਸਾਡੀ ਬਸਤੀ ਦੇ ਅਮਨਦੀਪ ਸਿੰਘ ਉਰਫ ਨੀਲਾ ਨੇ ਮੇਰੀ ਭਰਜਾਈ ਨਾਲ ਕਥਿਤ ਨਾਜਾਇਜ਼ ਸਬੰਧ ਬਣਾ ਲਏ ਅਤੇ ਉਹ 19 ਮਈ 2024 ਨੂੰ ਮੇਰੀ ਭਰਜਾਈ ਨੂੰ ਬਿਨਾਂ ਦੱਸੇ ਬਾਹਰ ਲੈ ਗਿਆ ਸੀ, ਜਿਸ ਕਾਰਣ ਮੇਰਾ ਭਰਾ ਬੰਟੀ ਸਿੰਘ ਉਸ ਦਿਨ ਤੋਂ ਤੰਗ ਪ੍ਰੇਸ਼ਾਨ ਰਹਿੰਦਾ ਸੀ, ਜਿਸ 'ਤੇ ਅਸੀਂ ਅਮਨਦੀਪ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸਮਝਾਉਣ ਦਾ ਵੀ ਯਤਨ ਕੀਤਾ ਪਰ ਉਨ੍ਹਾਂ ਕੋਈ ਗੱਲ ਨਾ ਸੁਣੀ। ਇਸ ਉਪਰੰਤ ਅਮਨਦੀਪ ਸਿੰਘ, ਵਿੱਕੀ, ਇਸ ਦਾ ਪਿਤਾ ਜਗਤਾਰ ਸਿੰਘ ਅਤੇ ਵਿੱਕੀ



ਸਿੰਘ ਉਰਫ ਤੇਲ ਪੀਣਾ ਸਾਰੇ ਨਿਵਾਸੀ ਬਹਾਦਰ ਬਸਤੀ ਮੋਗਾ ਨੇ ਮੈਨੂੰ ਅਤੇ ਮੇਰੇ ਭਰਾ ਦੇ ਇਲਾਵਾ ਮੇਰੇ ਮਾਮੇ ਦੇ ਲੜਕੇ ਜਸਪ੍ਰੀਤ ਸਿੰਘ ਉਰਫ ਜੱਸਾ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਹਿਣੇ ਮਾਰਨ ਲੱਗੇ ਕਿ ਅਸੀਂ ਸੰਦੀਪ ਕੌਰ ਨੂੰ ਲੈ ਗਏ, ਤੁਸੀਂ ਜੋ ਮਰਜੀ ਕਰਲੋ, ਜਿਸ ਕਰਕੇ ਮੇਰਾ ਭਰਾ ਬਹੁਤ ਪ੍ਰੇਸ਼ਾਨ ਰਹਿਣ ਲੱਗਾ ਅਤੇ ਮੈਨੂੰ ਕਿਹਾ ਕਿ ਮੈਂ ਇਨ੍ਹਾਂ ਤੋਂ ਤੰਗ ਆ ਕੇ ਆਪਣੀ ਜੀਵਨ ਲੀਲਾ ਖਤਮ ਕਰ ਲੈਣੀ ਹੈ। ਅਸੀਂ ਉਸ ਨੂੰ ਬਹੁਤ ਸਮਝਾਇਆ ਪਰ ਬੀਤੀ 25 ਮਈ ਦੀ ਰਾਤ ਨੂੰ ਮੇਰੇ ਭਰਾ ਬੰਟੀ ਸਿੰਘ ਨੇ ਆਪਣੀ ਪਤਨੀ ਸੰਦੀਪ ਕੌਰ, ਉਸ ਦੇ ਕਥਿਤ ਪ੍ਰੇਮੀ ਅਮਨਦੀਪ ਸਿੰਘ ਉਰਫ਼ ਨੀਲਾ ਅਤੇ ਹੋਰਨਾਂ ਤੋਂ ਤੰਗ ਆ ਕੇ ਘਰ ਅੰਦਰ ਲੱਗੇ ਦਰੱਖਤ ਦੇ ਟਾਹਣੇ ਨਾਲ ਗਲ ਵਿਚ ਚੁੰਨੀ ਪਾ ਕੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਸ ਨੇ ਕਿਹਾ ਕਿ ਮੇਰੇ ਭਰਾ ਦੀ ਮੌਤ ਲਈ ਉਕਤ ਚਾਰੇ ਕਸੂਰਵਾਰ ਹਨ, ਜਿਸ 'ਤੇ ਪੁਲਸ ਨੇ ਕਥਿਤ ਮੁਲਜ਼ਮਾਂ ਸੰਦੀਪ ਕੌਰ, ਉਸ ਦੇ ਕਥਿਤ ਪ੍ਰੇਮੀ ਅਮਨਦੀਪ ਸਿੰਘ ਉਰਫ ਨੀਲਾ, ਵਿੱਕੀ ਸਿੰਘ, ਜਗਤਾਰ ਸਿੰਘ ਸਾਰੇ ਨਿਵਾਸੀ ਬਹਾਦਰ ਸਿੰਘ ਬਸਤੀ ਮੋਗਾ ਦੇ ਖ਼ਿਲਾਫ਼ ਖੁਦਕੁਸ਼ੀ ਲਈ ਮਜ਼ਬੂਰ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਤੋਂ ਬਾਅਦ ਵਾਰਿਸਾਂ ਦੇ ਹਵਾਲੇ ਕੀਤਾ ਜਾਵੇਗਾ। ਕਥਿਤ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## 12 ਲੱਖ 80 ਹਜਾਰ ਰੁਪਏ ਹਵਾਲਾ ਰਾਸੀ ਅਤੇ ਇਨੋਵਾ ਗੱਡੀ ਸਮੇਤ 3 ਗ੍ਰਿਫਤਾਰ

ਤਰਨਤਾਰਨ 5 ਜੂਨ। ਸੀ. ਆਈ. ਏ. ਸਟਾਫ ਤਰਨਤਾਰਨ ਦੀ ਪੁਲਸ ਨੇ ਪੰਜ ਮੈਂਬਰੀ ਗਿਰੋਹ ਦੇ ਤਿੰਨ ਮੈਂਬਰਾਂ ਨੂੰ 12 ਲੱਖ 80 ਹਜਾਰ ਰੁਪਏ ਹਵਾਲਾ ਡਰੱਗ ਮਨੀ ਅਤੇ ਇਕ ਇਨੋਵਾ ਗੱਡੀ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਪੁਲਸ ਨੇ ਥਾਣਾ ਸਿਟੀ ਤਰਨਤਾਰਨ ਵਿਖੇ ਪਰਚਾ ਦਰਜ ਕਰਕੇ ਫਰਾਰ ਬਾਕੀ ਦੋ ਹੋਰ ਸਾਥੀਆਂ ਦੀ ਭਾਲ ਲਈ ਛਾਪੇਮਾਰੀ ਸੁਰੂ ਕਰ ਦਿੱਤੀ ਹੈ। ਜ਼ਿਲ੍ਹੇ ਦੇ ਐੱਸ. ਐੱਸ. ਪੀ. ਇਸ ਮਾਮਲੇ ਵਿਚ ਬੁੱਧਵਾਰ ਬਾਅਦ ਦੁਪਹਿਰ ਪ੍ਰੈੱਸ ਕਾਨਫਰੰਸ ਕਰ ਸਕਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੀ. ਆਈ. ਏ . ਸਟਾਫ ਤਰਨਤਾਰਨ ਦੀ ਪੁਲਸ ਵੱਲੋਂ ਬੀਤੀ ਰਾਤ ਦੌਰਾਨੇ ਨਾਕਾਬੰਦੀ ਇਕ ਗੁਪਤ ਸੂਚਨਾ ਦੇ ਆਧਾਰ 'ਤੇ ਇਨੋਵਾ ਗੱਡੀ ਨੂੰ ਰੋਕਦੇ ਹੋਏ ਉਸ ਦੀ ਤਲਾਸੀ ਲਈ ਗਈ। ਇਸ ਦੌਰਾਨ 12 ਲੱਖ 80 ਹਜਾਰ ਰੁਪਏ ਦੀ ਹਵਾਲਾ ਡਰੱਗ ਮਨੀ ਭਾਰਤੀ



ਕਰੰਸੀ ਅਤੇ ਇਨੋਵਾ ਗੱਡੀ ਨੂੰ ਕਬਜੇ ਵਿਚ ਲੈ ਲਿਆ ਹੈ। ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਆਕਾਸਦੀਪ ਸਿੰਘ ਉਰਫ ਆਕਾਸੀ ਪੁੱਤਰ ਬਲਵਿੰਦਰ ਸਿੰਘ ਵਾਸੀ ਰੋੜਾਵਾਲਾ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ, ਇੰਦਰਜੀਤ ਸਿੰਘ ਉਰਫ ਇੰਦਰ ਪੁੱਤਰ ਕੁਲਦੀਪ ਸਿੰਘ ਵਾਸੀ ਧਨੋਆ ਖੁਰਦ ਅਤੇ ਅਮਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਰਾਣੀਕਾ ਬਾਗ ਅੰਮ੍ਰਿਤਸਰ ਨੂੰ ਹਿਰਾਸਤ ਵਿਚ ਲੈ ਲਿਆ ਹੈ ਜਦਕਿ ਇਨ੍ਹਾਂ ਦੇ ਸਾਥੀ ਆਕਾਸਦੀਪ ਸਿੰਘ ਉਰਫ ਆਕਾਸ ਪੁੱਤਰ ਹਰਜੀਤ ਸਿੰਘ ਵਾਸੀ ਅਲਾਦੀਨਪੁਰ ਅਤੇ ਰਾਜਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਮੁਖਤਾਰ ਸਿੰਘ ਵਾਸੀ ਮਹੱਲਾ ਹਾਡੀ ਸਾਹ ਅਟਾਰੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਮੁਲਜਮ ਹੈਰੋਇਨ ਵੇਚਣ ਦਾ ਕੰਮ ਕਰਦੇ ਹਨ ਅਤੇ ਹੈਰੋਇਨ ਵੇਚ ਕਮਾਏ ਪੈਸਿਆਂ ਦੀ ਫੰਡਿੰਗ ਇਲਾਕੇ ਵਿਚ ਹੋਰਨਾਂ ਸਮੱਗਲਰਾਂ ਨੂੰ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਬਾਰੀਕੀ ਨਾਲ ਜਾਂਚ ਸੁਰੂ ਕਰ ਦਿੱਤੀ ਗਈ ਹੈ ਜਿਸ ਵਿਚ ਕਈ ਹੋਰ ਵਿਅਕਤੀਆਂ ਦੇ ਨਾਂ ਸਾਹਮਣੇ ਆਉਣ ਦੀ ਵੀ ਸੰਭਾਵਨਾ ਹੈ।

## ਕਹਿਰ ਦੀ ਗਰਮੀ 'ਚ ਆਮ ਜਨਤਾ ਲਈ ਨਵੇਂ ਹੁਕਮ ਜਾਰੀ, ਇਨ੍ਹਾਂ ਕੰਮਾਂ 'ਤੇ ਰਹੇਗੀ ਪਾਬੰਦੀ

ਲੁਧਿਆਣਾ 5 ਜੂਨ। ਕੜਕਦੀ ਗਰਮੀ ਦੌਰਾਨ ਪਾਣੀ ਦੀ ਕਿੱਲਤ ਦੀ ਸਮੱਸਿਆ ਨੂੰ ਹੱਲ ਕਰਨ ਦੇ ਨਾਂ 'ਤੇ ਨਗਰ ਨਿਗਮ ਨੇ ਵੱਡਾ ਫੈਸਲਾ ਕੀਤਾ ਹੈ ਕਿ ਮਹਾਨਗਰ ਦੇ ਲੋਕ ਸਾਮ ਨੂੰ ਹੀ ਪੌਦਿਆਂ ਨੂੰ ਪਾਣੀ ਦੇ ਸਕਣਗੇ। ਓ. ਐਂਡ ਐੱਮ. ਸੈੱਲ ਦੇ ਐੱਸ. ਈ. ਰਵਿੰਦਰ ਗਰਗ ਨੇ ਇਸ ਸਬੰਧੀ ਨਗਰ ਨਿਗਮ ਵੱਲੋਂ ਜਾਰੀ ਸਰਕੂਲਰ ਦੀ ਪੁਸਟੀ ਕੀਤੀ ਹੈ। ਇਸ ਅਨੁਸਾਰ ਕੜਾਕੇ ਦੀ ਗਰਮੀ ਦੌਰਾਨ ਹਰੇ-ਭਰੇ ਖੇਤਰਾਂ ਅਤੇ ਪੌਦਿਆਂ ਨੂੰ ਜ਼ਿਆਦਾ ਪਾਣੀ ਦੇਣਾ ਪੈਂਦਾ ਹੈ ਅਤੇ ਸਾਮ ਨੂੰ ਇਸ ਕੰਮ ਲਈ ਘੱਟ ਪਾਣੀ ਦੀ ਲੋੜ ਪਵੇਗੀ। ਇਸ ਮੰਤਵ ਤਹਿਤ ਨਗਰ ਨਿਗਮ ਨੇ ਪਬਲਿਕ ਨੋਟਿਸ ਰਾਹੀਂ ਲੋਕਾਂ ਨੂੰ ਸਬਜੀਆਂ ਜਾਂ ਭਾਂਡੇ ਧੋਣ, ਨਹਾਉਣ ਅਤੇ ਟਾਇਲਟ ਲਈ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਕਰਨ ਦੇ ਸੁਝਾਅ ਦਿੱਤੇ ਹਨ। ਕਹਿਰ ਦੀ ਗਰਮੀ ਦੌਰਾਨ ਪਾਣੀ ਦੀ ਬੱਚਤ ਲਈ ਨਗਰ ਨਿਗਮ ਨੇ ਘਰਾਂ ਦੇ ਫਰਸ਼ ਅਤੇ ਵਾਹਨ ਧੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੀ ਆਖਰੀ ਮਿਤੀ 31 ਜੁਲਾਈ ਤੱਕ ਹੋਵੇਗੀ। ਇਸ ਦੌਰਾਨ ਜੇਕਰ ਨਿਯਮਾਂ ਦੀ ਉਲੰਘਣਾ ਕੀਤੀ ਗਈ ਤਾਂ 2000 ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ ਅਤੇ ਵਾਟਰ ਸਪਲਾਈ ਦਾ ਕੁਨੈਕਸਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

## ਸ਼ਾਹਕੋਟ ਵਿਖੇ ਨਾਜਾਇਜ਼ ਮਾਈਨਿੰਗ ਰੋਕਣ ਗਏ ਅਧਿਕਾਰੀਆਂ 'ਤੇ ਹੋਏ ਹਮਲੇ 'ਚ 16 ਨਾਮਜਦ

ਸ਼ਾਹਕੋਟ 5 ਜੂਨ। ਬੀਤੇ ਦਿਨੀਂ ਸਤਲੁਜ ਦਰਿਆ 'ਚ ਹੁੰਦੀ ਨਾਜਾਇਜ਼ ਮਾਈਨਿੰਗ ਨੂੰ ਆਪਣੀ ਟੀਮ ਨਾਲ ਰੋਕਣ ਪਹੁੰਚੇ ਫਰਦੀਕੋਟ ਦੇ ਜ਼ਿਲ੍ਹਾ ਮਾਈਨਿੰਗ ਅਫਸਰ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ 'ਚ ਸ਼ਾਹਕੋਟ ਪੁਲਸ ਨੇ 16 ਵਿਅਕਤੀਆਂ ਨੂੰ ਨਾਮਜ਼ਦ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਭੂਸ਼ਨ ਸੇਖੜੀ ਨੇ ਦੱਸਿਆ ਕਿ ਫਰੀਦਕੋਟ ਦੇ ਜ਼ਿਲ੍ਹਾ ਮਾਈਨਿੰਗ ਅਫਸਰ ਜਗਸੀਰ ਸਿੰਘ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ 30 ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਤਫਤੀਸ਼ ਦੌਰਾਨ 16 ਵਿਅਕਤੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਸਾਰੇ ਮੁਲਜ਼ਮਾਂ ਦੀ ਭਾਲ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਜਲਦੀ ਹੀ ਸਰਕਾਰੀ ਅਧਿਕਾਰੀਆਂ 'ਤੇ ਹਮਲਾ ਅਤੇ ਗੱਡੀਆਂ ਦੀ ਭੰਨ-ਤੋੜ ਕਰਨ ਵਾਲੇ ਸਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਦੱਸਿਆ ਕਿ ਮੰਗਲਵਾਰ ਸਵੇਰੇ ਰੇਤਾ ਨਾਲ ਓਵਰਲੋਡ ਇਕ ਟਿੱਪਰ ਜਬਤ ਕੀਤਾ ਗਿਆ ਹੈ। ਟਿੱਪਰ ਚਾਲਕ ਕੋਲ 26 ਮਈ ਦੀ ਕੱਟੀ ਹੋਈ ਪਰਚੀ ਸੀ, ਜਦਕਿ ਨਿਯਮਾਂ ਮੁਤਾਬਕ ਇਹ ਪਰਚੀ ਸਿਰਫ 12 ਘੰਟੇ ਲਈ ਵੈਲਿਡ ਹੁੰਦੀ ਹੈ, ਜਦੋਂ ਡਰਾਈਵਰ ਨੂੰ ਇਸ ਪੁਰਾਣੀ ਪਰਚੀ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਟਿੱਪਰ ਖਰਾਬ ਹੋਣ ਦਾ ਬਹਾਨਾ ਲਾਇਆ, ਜਦਕਿ ਉਸ ਸਮੇਂ ਟਿੱਪਰ 'ਚ ਲੱਦੀ ਰੇਤਾ 'ਚੋਂ ਪਾਣੀ ਵਗ ਰਿਹਾ ਸੀ। ਉਨ੍ਹਾਂ ਦੱਸਿਆ ਕਿ ਮਾਈਨਿੰਗ ਵਿਭਾਗ ਵੱਲੋਂ ਟਿੱਪਰ ਚਾਲਕ ਖ਼ਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਚੋਣ ਜਾਬਤਾ ਲੱਗਾ ਹੋਣ ਦੇ ਬਾਵਜੂਦ ਜਿੱਥੇ ਇਲਾਕਾ ਸਾਹਕੋਟ 'ਚ ਜਿੱਥੇ ਰਾਤ ਸਮੇਂ ਚੱਲ ਰਹੀ ਰੇਤ ਦੀ ਨਾਜਾਇਜ ਮਾਈਨਿੰਗ ਦਾ ਮੁੱਦਾ ਮਾਈਨਿੰਗ ਅਧਿਕਾਰੀਆਂ 'ਤੇ ਹੋਏ ਹਮਲੇ ਕਾਰਨ ਕਾਫੀ ਗਰਮਾਇਆ ਹੋਇਆ ਹੈ, ਉੱਥੇ ਹੀ ਸਤਲੁਜ ਦਰਿਆ 'ਚੋਂ ਪਿੰਡ



ਬਾਸੀਆ ਜ਼ਿਲ੍ਹਾ ਮੋਗਾ 'ਚ ਚੱਲ ਰਹੀ ਰੇਤ ਦੀ ਸਰਕਾਰੀ ਖੱਡ, ਜਿੱਥੋਂ ਇਲਾਕਾ ਸਾਹਕੋਟ ਦੇ ਲੋਕ ਵੱਡੀ ਗਿਣਤੀ 'ਚ ਟਿੱਪਰਾਂ ਤੇ ਟਰਾਲੀਆਂ ਰਾਹੀਂ ਰੇਤਾ ਲਿਆ ਰਹੇ ਹਨ। ਬੰਸੀਆ ਖੱਡ ਦੇ ਠੇਕੇਦਾਰਾਂ ਵੱਲੋਂ ਸਰਕਾਰ ਵੱਲੋਂ ਤੈਅ ਕੀਤੇ ਰੇਟ ਤੋਂ ਵੱਧ ਪੈਸੇ ਲੈ ਕੇ ਰੇਤਾ ਭਰੀ ਜਾ ਰਹੀ ਹੈ। ਸਰਕਾਰੀ ਰੇਟ 5 ਰੁਪਏ 80 ਪੈਸੇ ਪ੍ਰਤੀ ਫੁੱਟ ਦੇ ਕਰੀਬ ਹੈ, ਜਦਕਿ ਠੇਕੇਦਾਰਾਂ ਵੱਲੋਂ 15 ਰੁਪਏ ਫੁੱਟ ਰੇਤ ਵੇਚ ਕੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮਾਈਨਿੰਗ ਵਿਭਾਗ ਵੱਲੋਂ ਜਾਰੀ ਕੀਤੀ ਜਾਂਦੀ ਪਰਚੀ 'ਤੇ ਇਕ ਦੀ ਥਾਂ ਦੋ ਜਾਂ 3 ਗੇੜੇ ਲਾਏ ਜਾ ਰਹੇ ਹਨ, ਜਿਸ ਕਾਰਨ ਸਰਕਾਰ ਨੂੰ ਰਿਆਇਟੀ ਚੋਰੀ ਕਰ ਕੇ ਲੱਖਾਂ ਰੁਪਏ ਦਾ ਚੂਨਾ ਲਾਇਆ ਜਾ ਰਿਹਾ ਹੈ, ਜੋ ਕਿ ਠੇਕੇਦਾਰਾਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਸਾਹਕੋਟ ਪੁਲਸ ਵੱਲੋਂ ਫੜੇ ਗਏ ਟਿੱਪਰ ਤੋਂ ਮਿਲੀ ਪਰਚੀ ਤੋਂ ਇਹ ਸਾਬਤ ਹੁੰਦਾ ਹੈ ਕਿ 26 ਮਈ ਨੂੰ ਕੱਟੀ ਗਈ ਪਰਚੀ 'ਤੇ ਟਿੱਪਰ ਚਾਲਕ ਵੱਲੋਂ 28 ਮਈ ਨੂੰ ਵੀ ਗੇੜਾ ਲਾਇਆ ਜਾ ਰਿਹਾ ਸੀ। ਜਦ ਇਸ ਸਬੰਧੀ ਮਾਈਨਿੰਗ ਇੰਸਪੈਕਟਰ ਅਜੇ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ ਹੀ ਮਾਈਨਿੰਗ ਕੀਤੀ ਜਾ ਸਕਦੀ ਹੈ ਤੇ ਮਹਿਕਮੇ ਵੱਲੋਂ ਕੱਟੀ ਜਾਂਦੀ ਪਰਚੀ 12 ਘੰਟੇ ਲਈ ਵੈਲਿਡ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਨਿਯਮਾਂ ਦੇ ਉਲਟ ਦਿਨ-ਰਾਤ ਭਾਰੀ ਮਸ਼ੀਨਾਂ ਨਾਲ ਮਾਈਨਿੰਗ ਹੋ ਰਹੀ ਹੈ। ਮਾਈਨਿੰਗ ਵਿਭਾਗ ਵੱਲੋਂ ਜਾਰੀ ਕੀਤੀ ਜਾਂਦੀ ਪਰਚੀ 'ਤੇ ਇਕ ਦੀ ਥਾਂ ਦੋ ਜਾਂ 3 ਗੇੜੇ ਲਾਏ ਜਾ ਰਹੇ ਹਨ। ਇਸ ਤੋਂ ਇਲਾਵਾ ਟਰਾਲੀਆਂ ਤੇ ਟਿੱਪਰਾਂ ਨੂੰ ਰੇਤਾ ਨਾਲ ਓਵਰਲੋਡ ਕੀਤਾ ਜਾਂਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਭਿਆਨਕ ਹਾਦਸੇ 'ਚ 2 ਨੌਜਵਾਨ ਦੋਸਤਾਂ ਦੀ ਮੌਤ, ਇਕ ਦੇ ਵਿਆਹ ਦੀਆਂ ਹੋ ਰਹੀਆਂ ਸੀ ਤਿਆਰੀਆਂ

ਮਾਛੀਵਾੜਾ ਸਾਹਿਬ 5 ਜੂਨ। ਸਥਾਨਕ ਸਮਰਾਲਾ ਰੋਡ 'ਤੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ 2 ਨੌਜਵਾਨਾਂ ਹਰਸ਼ਦੀਪ ਸਿੰਘ (24) ਵਾਸੀ ਸੈਸੋਵਾਲ ਕਲਾਂ ਅਤੇ ਗੁਰਵਿੰਦਰ ਸਿੰਘ (20) ਉਰਫ਼ ਰਵੀ ਵਾਸੀ ਰਹੀਮਾਬਾਦ ਖੁਰਦ ਦੀ ਮੌਤ ਹੋ ਗਈ। ਦੋਵੇਂ ਆਪਸ 'ਚ ਦੋਸਤ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਹਰਸ਼ਦੀਪ ਸਿੰਘ ਤੇ ਗੁਰਵਿੰਦਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਮਰਾਲਾ ਵਲੋਂ ਮਾਛੀਵਾੜਾ ਵੱਲ ਨੂੰ ਆ ਰਹੇ ਸਨ। ਨਿਰੰਕਾਰੀ ਭਵਨ ਨੇੜੇ ਉਨ੍ਹਾਂ ਦਾ ਵਾਹਨ ਹਾਦਸੇ ਦਾ ਸ਼ਿਕਾਰ ਹੋ ਗਿਆ। ਜਾਣਕਾਰੀ ਅਨੁਸਾਰ ਕਿਸੇ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਫੇਟ ਮਾਰੀ, ਜਿਸ ਕਾਰਨ ਇਹ ਦੋਵੇਂ ਸੜਕ 'ਤੇ ਜਾ ਡਿੱਗੇ ਅਤੇ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ਅੱਜ ਤੜਕੇ ਇਨ੍ਹਾਂ ਦੋਵਾਂ ਨੌਜਵਾਨਾਂ ਨੂੰ ਸੜਕ ਕਿਨਾਰੇ ਡਿੱਗਿਆਂ ਪਿਆ ਨੂੰ ਰਾਹਗੀਰਾਂ ਨੇ ਦੇਖਿਆ, ਜਿਨ੍ਹਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਸਹਾਇਕ ਥਾਣੇਦਾਰ ਪਵਨਜੀਤ ਮੌਕੇ 'ਤੇ ਪਹੁੰਚੇ ਤਾਂ ਮੋਟਰਸਾਈਕਲ ਸਵਾਰ ਦੋਵੇਂ ਨੌਜਵਾਨ ਹਰਸ਼ਦੀਪ ਸਿੰਘ ਤੇ ਗੁਰਵਿੰਦਰ ਸਿੰਘ ਦੀ ਮੌਤ ਹੋ ਚੁੱਕੀ ਸੀ। ਪੁਲਸ ਵਲੋਂ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ, ਜਦਕਿ ਅਣਪਛਾਤੇ ਵਾਹਨ ਤੇ ਉਸ ਦੇ ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਨੌਜਵਾਨ ਹਰਸ਼ਦੀਪ ਸਿੰਘ ਵਿਆਹਿਆ ਹੋਇਆ ਸੀ, ਜਦੋਂ ਕਿ ਗੁਰਵਿੰਦਰ ਸਿੰਘ ਅਜੇ ਕੁਆਰਾ ਸੀ ਅਤੇ ਮਾਪੇ ਉਸ ਦੇ ਵਿਆਹ ਦੀਆਂ ਤਿਆਰੀਆਂ ਕਰ ਰਹੇ ਸਨ। ਦੋਵੇਂ ਨੌਜਵਾਨ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਅਚਨਚੇਤ ਮੌਤ ਹੋਣ ਕਾਰਨ ਪਰਿਵਾਰਕ ਮੈਂਬਰਾਂ ਨੂੰ ਕਾਫ਼ੀ ਸਦਮਾ ਲੱਗਿਆ। ਇਨ੍ਹਾਂ ਦੋਵਾਂ ਨੌਜਵਾਨਾਂ ਦੀ ਮੌਤ ਕਾਰਨ ਪਿੰਡ ਸੈਸੋਵਾਲ ਕਲਾਂ ਅਤੇ ਰਹੀਮਾਬਾਦ ਖੁਰਦ 'ਚ ਵੀ ਸੋਗ ਦੀ ਲਹਿਰ ਛਾਈ ਹੋਈ ਸੀ।

# ਭਰਾਵਾਂ ਵਿਚਾਲੇ ਹੋਈ ਮਾਮੂਲੀ ਤਕਰਾਰ ਨੇ ਧਾਰਿਆ ਖ਼ੂਨੀ ਰੂਪ, ਇਕ ਨੇ ਚਾਕੂ ਮਾਰ ਕੇ ਦੂਜੇ ਦਾ ਕੀਤਾ ਕਤਲ

ਮਾਛੀਵਾੜਾ ਸਾਹਿਬ 5 ਜੂਨ। ਪਿੰਡ ਕੁੰਮਕਲਾਂ ਤੋਂ ਇਕ ਦੁਖਦਾਈ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਵਿਅਕਤੀ ਨੇ ਰਿਸ਼ਤੇ 'ਚ ਭਰਾ ਲੱਗਦੇ ਨੌਜਵਾਨ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕੁੰਮਕਲਾਂ ਪੁਲਸ ਨੂੰ ਸੁਮੀਤਾ ਦੇਵੀ ਨੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਹ ਤੇ ਉਸ ਦਾ ਪਤੀ ਪ੍ਰਮੋਦ ਮੁਖੀਆ ਮਿਹਨਤ ਮਜ਼ਦੂਰੀ ਕਰਦੇ ਹਨ ਅਤੇ ਉਹ ਤਿੰਨ ਪਰਿਵਾਰ ਇਕੱਠੇ ਇੱਕ ਵਿਹੜੇ 'ਚ ਰਹਿੰਦੇ ਹਨ। ਬਿਆਨਕਰਤਾ ਅਨੁਸਾਰ ਸੁਮੀਤਾ ਦੇਵੀ ਕਿਸੇ ਕਿਸਾਨ ਦੇ ਖੇਤਾਂ 'ਚ ਮਿਹਨਤ ਮਜ਼ਦੂਰੀ ਕਰਨ ਲਈ ਘਰੋਂ ਚਲੀ ਗਈ ਅਤੇ ਉਸ ਦਾ ਪਤੀ ਪ੍ਰਮੋਦ ਮੁਖੀਆ, ਦੁਖੀ ਮੁਖੀਆ ਅਤੇ ਬਿਮਲ ਪਾਸਵਾਨ ਕੰਮ 'ਤੇ ਨਹੀਂ ਗਏ ਤੇ ਘਰ ਹੀ ਮੌਜੂਦ ਸਨ। ਕਰੀਬ 11.15 ਵਜੇ ਉਸ ਨੂੰ ਫੋਨ ਆਇਆ ਕਿ ਉਸ ਦੇ ਪਤੀ ਪ੍ਰਮੋਦ ਮੁਖੀਆ ਦਾ ਦੁਖੀ ਮੁਖੀਆ ਨਾਲ ਲੜਾਈ ਝਗੜਾ ਹੋ ਗਿਆ ਹੈ ਅਤੇ ਪ੍ਰਮੋਦ ਦੁਖੀਆ ਨੂੰ ਮਾਰ ਦੇਣ ਦੀ ਨੀਅਤ ਨਾਲ ਦੁਖੀ ਮੁਖੀਆ ਨੇ ਚਾਕੂ ਦਾ ਵਾਰ ਉਸ ਦੇ ਢਿੱਡ 'ਤੇ ਕਰ ਦਿੱਤਾ ਕੀਤਾ ਜਿਸ ਕਾਰਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿਚ ਪ੍ਰਮੋਦ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿੱਥੇ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰਤਾਪ




ਸਿੰਘ ਨੇ ਦੱਸਿਆ ਕਿ ਪਹਿਲਾਂ ਪੁਲਸ ਵਲੋਂ ਦੁਖੀ ਮੁਖੀਆ ਖਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਪਰ ਹੁਣ ਧਾਰਾ 302 ਦਾ ਵਾਧਾ ਕੀਤਾ ਜਾਵੇਗਾ। ਥਾਣਾ ਮੁਖੀ ਅਨੁਸਾਰ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਗਿਆ ਹੈ ਅਤੇ ਭਲਕੇ ਪੋਸਟਮਾਰਟਮ ਕਰਵਾਇਆ ਜਾਵੇਗਾ। ਮ੍ਰਿਤਕ ਦੀ ਪਤਨੀ ਨੇ ਬਿਆਨ ਦਿੱਤੇ ਕਿ ਉਸ ਦੇ ਪਤੀ ਪ੍ਰਮੋਦ ਮੁਖੀਆ ਤੇ ਦੁਖੀ ਮੁਖੀਆ ਵਿਚਕਾਰ ਪਹਿਲਾਂ ਵੀ ਮਾਮੂਲੀ ਲੜਾਈ ਝਗੜਾ ਹੁੰਦਾ ਸੀ ਪਰ ਉਹ ਖ਼ੂਨੀ ਰੂਪ ਧਾਰਨ ਕਰ ਗਿਆ ਜਿਸ ਵਿਚ ਉਸ ਦੇ ਪਤੀ ਦੀ ਜਾਨ ਚਲੀ ਗਈ। ਕਤਲ ਕਰਨ ਵਾਲਾ ਵਿਅਕਤੀ ਦੁਖੀ ਮੁਖੀਆ ਅਤੇ ਮ੍ਰਿਤਕ ਪ੍ਰਮੋਦ ਮੁਖੀਆ ਪਿੱਛੋਂ ਪਿੰਡ ਮਾਧੋ, ਥਾਣਾ ਬਹੇੜਾ, ਜ਼ਿਲਾ ਦਰਬੰਗਾ (ਬਿਹਾਰ) ਦੇ ਰਹਿਣ ਵਾਲੇ ਹਨ ਅਤੇ ਦੋਵੇਂ ਇੱਕ ਪਿੰਡ ਦੇ ਹੋਣ ਕਾਰਨ ਆਪਸ ਵਿਚ ਇੱਕ-ਦੂਜੇ ਨੂੰ ਭਰਾ ਮੰਨਦੇ ਸਨ। ਬਿਹਾਰ ਤੋਂ ਉਹ ਪੰਜਾਬ ਦੇ ਪਿੰਡ ਕੁੰਮਕਲਾਂ ਵਿਖੇ ਮਿਹਨਤ ਮਜ਼ਦੂਰੀ ਕਰਨ ਆਏ ਸਨ ਅਤੇ ਇੱਥੇ ਵੀ ਉਹ ਇਕੱਠੇ ਇੱਕ ਵਿਹੜੇ 'ਚ ਰਹਿੰਦੇ ਸਨ ਪਰ ਦੋਵਾਂ ਵਿਚਕਾਰ ਹੁੰਦੇ ਮਾਮੂਲੀ ਝਗੜੇ ਖ਼ੂਨੀ ਰੂਪ ਧਾਰਨ ਕਰ ਗਏ ਜਿਸ ਵਿਚ ਪ੍ਰਮੋਦ ਮੁਖੀਆ ਦੀ ਜਾਨ ਚਲੀ ਗਈ। ਕੁੰਮਕਲਾਂ ਪੁਲਸ ਵਲੋਂ ਕਤਲ ਦੇ ਕਥਿਤ ਦੋਸ਼ੀ ਦੁਖੀ ਮੁਖੀਆ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ।

## ਲਾਹੌਰ ਦੇ ਇੱਕ ਮਹਿਲਾ ਹੋਸਟਲ ਦੇ ਵਾਸ਼ਰੂਮ 'ਚ ਗੁਪਤ ਕੈਮਰਾ ਮਿਲਣ ਤੋਂ ਬਾਅਦ ਮਚਿਆ ਹੜਕੰਪ

ਗੁਰਦਾਸਪੁਰ/ਲਾਹੌਰ 5 ਜੂਨ। ਐਤਵਾਰ ਨੂੰ ਲਾਹੌਰ ਦੇ ਜੌਹਰ ਟਾਊਨ ਵਿਚ ਇੱਕ ਮਹਿਲਾ ਹੋਸਟਲ ਦੇ ਵਾਸ਼ਰੂਮ ਵਿਚ ਇਕ ਗੁਪਤ ਕੈਮਰਾ ਮਿਲਿਆ ਹੈ। ਜਾਂਚ ਵਿੱਚ ਸਾਹਮਣੇ ਆਇਆ ਕਿ ਹੋਸਟਲ ਪ੍ਰਬੰਧਕਾਂ ਨੇ ਵਾਸ਼ਰੂਮ ਵਿੱਚ ਗੁਪਤ ਕੈਮਰਾ ਸਿਰਫ਼ ਮਨੋਰੰਜਨ ਲਈ ਲਗਾਇਆ ਸੀ। ਕੈਮਰੇ ਦੀ ਵਰਤੋਂ ਕਥਿਤ ਤੌਰ 'ਤੇ ਵਿਦਿਆਰਥੀਆਂ ਦੀਆਂ ਅਸ਼ਲੀਲ ਵੀਡੀਓ ਰਿਕਾਰਡ ਕਰਨ ਲਈ ਕੀਤੀ ਜਾਂਦੀ ਸੀ। ਇਹ ਦੁਖਦ ਖੁਲਾਸਾ ਉਦੋਂ ਹੋਇਆ ਜਦੋਂ ਵਿਦਿਆਰਥਣ ਦੇ ਚਾਚੇ ਨੇ ਮਾਮਲੇ ਦੀ ਸ਼ਿਕਾਇਤ ਕੀਤੀ। ਅਧਿਕਾਰੀਆਂ ਦੇ ਤੁਰੰਤ ਜਵਾਬ ਦੇਣ ਤੋਂ ਬਾਅਦ, ਹੋਸਟਲ ਦੇ ਮਾਲਕ ਮੀਆਂ ਸਲੀਮ ਅਤੇ ਉਸਦੀ ਪਤਨੀ ਫੌਜੀਆ ਸਮੇਤ ਸੱਤ ਲੋਕਾਂ ਖਿਲਾਫ ਜੌਹਰ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਵਿਚ ਸ਼ਾਮਲ ਹੋਰਾਂ ਵਿੱਚ ਸਗੀਰ, ਤਵਰ ਸਜਿਦਾਦ, ਮੁਹੰਮਦ ਜ਼ੁਬੈਰ, ਇਰਫਾਨ ਅਤੇ ਅਲੀ ਹਸਨ ਸ਼ਾਮਲ ਹਨ। ਹੋਸਟਲ ਵਿੱਚ ਸੂਬਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੀਆਂ 40 ਤੋਂ ਵੱਧ ਵਿਦਿਆਰਥਣਾਂ ਲਈ ਰਿਹਾਇਸ਼ ਸੀ। ਮਾਮਲੇ ਦਾ ਪਤਾ ਲੱਗਦਿਆਂ ਹੀ ਪੁਲਸ ਨੇ ਛਾਪੇਮਾਰੀ ਕੀਤੀ ਤਾਂ ਸਾਰੇ ਮੁਲਜ਼ਮ ਮੌਕੇ 'ਤੋਂ ਫਰਾਰ ਹੋ ਗਏ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਹੋਸਟਲ ਦੀ ਚਾਰਦੀਵਾਰੀ ਖਾਲੀ ਕਰਵਾ ਕੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਚਾਨਕ ਅੱਗ ਲੱਗਣ ਕਾਰਨ ਗਰੀਬ ਦਾ ਘਰ ਸੜ ਕੇ ਸੁਆਹ

ਤਾਰਾਗੜ੍ਹ/ਦੀਨਾਨਗਰ 5 ਜੂਨ। ਸਰਹੱਦੀ ਖੇਤਰ ਦੇ ਕਸਬਾ ਤਾਰਾਗੜ੍ਹ 'ਚ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਇਕ ਗਰੀਬ ਪਰਿਵਾਰ ਦੇ ਘਰ ਨੂੰ ਅੱਗ ਲੱਗ ਗਈ ਅਤੇ ਚਾਰੇ ਪਾਸੇ ਧੂੰਆਂ ਫੈਲ ਗਿਆ। ਜਾਣਕਾਰੀ ਦਿੰਦਿਆਂ ਪੀੜਤ ਪ੍ਰਕਾਸ ਚੰਦ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਤੋਂ ਹੈ ਅਤੇ ਆਪਣੇ ਬੱਚਿਆਂ ਦਾ ਪੇਟ ਪਾਲਣ ਲਈ ਸਾਰਾ ਦਿਨ ਮਜਦੂਰੀ ਕਰਦਾ ਹੈ। ਅੱਜ ਵੀ ਜਦੋਂ ਉਹ ਮਜਦੂਰੀ ਕਰਨ ਗਿਆ ਸੀ ਤਾਂ ਅੱਤ ਦੀ ਗਰਮੀ ਕਾਰਨ ਜਲਦੀ ਘਰ ਵਾਪਸ ਆ ਗਿਆ ਅਤੇ ਆਪਣੇ ਪਰਿਵਾਰ ਨਾਲ ਦੂਜੇ ਪਾਸੇ ਘਰ 'ਚ ਸੌਂ ਰਿਹਾ ਸੀ। ਅਚਾਨਕ ਦੁਪਹਿਰ ਵੇਲੇ ਘਰ ਦੇ ਬਿਲਕੁਲ ਸਾਹਮਣੇ ਅੱਗ ਲੱਗ ਗਈ। ਅਸੀਂ ਅੱਗ ਦੀਆਂ ਲਾਟਾਂ ਵੇਖ ਕੇ ਜਾਗੇ ਅਤੇ ਅੱਗ ਬੁਝਾਉਣ ਲਈ ਉੱਚੀ-ਉੱਚੀ ਰੌਲਾ ਪਾਉਣ ਲੱਗੇ। ਸਾਡੀਆਂ ਚੀਕਾਂ ਸੁਣ ਕੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਗਏ ਪਰ ਧੂੰਏਂ ਦੀਆਂ ਲਪਟਾਂ ਅੱਗੇ ਸੈਂਕੜੇ ਲੋਕ ਬੇਵੱਸ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦਾ ਘਰ ਸੜਦਾ ਰਿਹਾ ਅਤੇ ਉਹ ਕੁੱਝ ਨਹੀਂ ਕਰ ਸਕਿਆ। ਜਿਸ



ਕਾਰਨ ਇਕੱਠੇ ਹੋਏ ਲੋਕਾਂ ਨੇ ਬਾਲਟੀਆਂ 'ਚ ਪਾਣੀ ਭਰ ਕੇ ਅੱਗ ਬੁਝਾਉਣ ਦੀ ਕੋਸ?ਿਸ ਕੀਤੀ ਪਰ ਕੋਈ ਵੀ ਅੱਗ 'ਤੇ ਕਾਬੂ ਨਹੀਂ ਪਾ ਸਕਿਆ। ਇਸ ਮੌਕੇ ਕੁਝ ਸਮਾਜ ਸੇਵੀ ਵੀ ਸਾਮਲ ਹੋਏ, ਜਿਨ੍ਹਾਂ ਨੇ ਫਾਇਰ ਬ੍ਰਿਗੇਡ ਦਫਤਰ ਨਾਲ ਸੰਪਰਕ ਕਰਕੇ ਫਾਇਰ ਬ੍ਰਿਗੇਡ ਨੂੰ ਮੌਕੇ 'ਤੇ ਬੁਲਾਇਆ। ਫਾਇਰ ਬ੍ਰਿਗੇਡ ਆਉਣ ਤੱਕ ਘਰ ਦਾ ਸਾਰਾ ਸਮਾਨ ਸੜਕੇ ਸੁਆਹ ਹੋ ਚੁੱਕਾ ਸੀ ਪੀੜਤ ਪ੍ਰਕਾਸ ਚੰਦ ਨੇ ਦੱਸਿਆ ਕਿ ਉਸਦੇ ਘਰ ਵਿੱਚ ਇੱਕ ਮੋਟਰਸਾਈਕਲ, ਇੱਕ ਗਰਭਵਤੀ ਗਾਂ, ਇਕ ਮੱਝ ਅਤੇ 6 ਮੁਰਗੇ, ਇਕ ਦਰਜਨ ਦੇ ਕਰੀਬ ਮੁਰਗੀਆਂ ਦੇ ਬੱਚੇ, ਕਣਕ, ਚਾਵਲ, ਸਮੇਤ ਘਰ ਦਾ ਹੋਰ ਸਾਮਾਨ ਸਮੇਤ ਕੱਪੜੇ ਅਤੇ ਨਕਦੀ ਵੀ ਸੜ ਗਈ। ਉਨ੍ਹਾਂ ਦੱਸਿਆ ਕਿ ਇਕ ਢਾਈ ਸਾਲ ਦੀ ਕੱਟੀ, ਜੋ ਕਿ ਗੰਭੀਰ ਰੂਪ ਵਿੱਚ ਜਖਮੀ ਹੋ ਗਈ ਸੀ, ਜਿਸਦੀ ਰੱਸੀ ਅੱਗ ਨਾਲ ਸੜ ਗਈ ਸੀ ਅਤੇ ਜੋ ਬਾਹਰ ਭੱਜਦੇ ਹੋਏ ਗੰਭੀਰ ਰੂਪ ਵਿੱਚ ਜਖਮੀ ਹੋ ਗਈ ਸੀ ਅਤੇ ਇੱਕ ਗਰਭਵਤੀ ਗਾਂ ਜੋ ਕਿ ਬੁਰੀ ਤਰ੍ਹਾਂ ਸੜ ਗਈ ਸੀ। ਪੀੜਤ ਪ੍ਰਕਾਸ ਚੰਦ ਨੇ ਦੱਸਿਆ ਕਿ ਉਹ ਦਿਨ ਭਰ ਆਪਣੇ ਪਰਿਵਾਰ ਨਾਲ ਮਜਦੂਰੀ ਕਰਨ ਦੇ ਨਾਲ-ਨਾਲ ਕਿਧਰੇ ਤੋਂ ਕੁਝ ਆਮਦਨ ਕਮਾਉਣ ਲਈ ਕੀਮਤੀ ਹਾਈਬ੍ਰਿਡ ਪਸ਼ੂਆਂ ਦੇ ਛੋਟੇ-ਛੋਟੇ ਵੱਛੇ ਵੀ ਪਾਲਦਾ ਹੈ, ਜਿਸ ਵਿਚ ਉਸ ਦਾ ਪਰਿਵਾਰ ਉਸ ਦਾ ਪੂਰਾ ਸਹਿਯੋਗ ਕਰਦਾ ਹੈ। ਜਿਸ ਕਾਰਨ ਉਹ ਵੱਧ ਰਹੀ ਮਹਿੰਗਾਈ ਤੋਂ ਕੁਝ ਆਮਦਨ ਲੈਣ ਲਈ ਗਾਵਾਂ ਅਤੇ ਮੁਰਗੀਆਂ ਦੀਆਂ ਹਾਈਬ੍ਰਿਡ ਨਸਲਾਂ ਪਾਲਣ-ਪੋਸਣ ਕਰਦੇ ਸਨ ਤਾਂ ਜੋ ਇਨ੍ਹਾਂ ਨੂੰ ਵੇਚ ਕੇ ਕੋਈ ਵੀ ਆਪਣੀ ਆਰਥਿਕ ਸਥਿਤੀ ਨੂੰ ਸੁਧਾਰ ਸਕੇ। ਪੀੜਤ ਨੇ ਦੱਸਿਆ ਕਿ ਉਸਨੇ ਹੀਰੋ ਸਪਲੈਂਡਰ ਮੋਟਰਸਾਈਕਲ ਜੋ ਫਾਈਨਾਂਸਰ ਕੰਪਨੀ ਤੋਂ ਕਿਸਤਾਂ 'ਤੇ ਲਿਆ ਸੀ, ਜਿਸ ਲਈ ਉਹ ਪ੍ਰਾਈਵੇਟ ਫਾਈਨਾਂਸਰ ਕੰਪਨੀ ਨੂੰ ਹਰ ਮਹੀਨੇ ਕਿਸਤ ਅਦਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਤਿੰਨ ਤੋਂ ਚਾਰ ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਦੂਜੇ ਪਾਸੇ ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੀੜਤ ਪਰਿਵਾਰ ਨੇ ਪ੍ਰਸਾਸਨ ਤੋਂ ਅੱਗ ਕਾਰਨ ਹੋਏ ਨੁਕਸਾਨ ਲਈ ਮੁਆਵਜੇ ਦੀ ਮੰਗ ਕੀਤੀ ਹੈ। ਇਸ ਮੌਕੇ ਪ੍ਰੇਮ ਮਸੀਹ, ਪੰਚ ਅਸੋਕ ਕੁਮਾਰ, ਸਮੇਤ ਵੱਡੀ ਗਿਣਤੀ ਵਿਚ ਲੋਕ ਹਾਜਰ ਸਨ।

# ਅਣਜਾਣ ਵਿਅਕਤੀ ਨੂੰ ਫੋਨ ਫੜਾਉਣਾ ਪੈ ਗਿਆ ਮਹਿੰਗਾ, ਖਾਤਾ ਹੋ ਗਿਆ ਖਾਲੀ

ਜਲੰਧਰ 5 ਜੂਨ। ਆਨਲਾਈਨ ਠੱਗੀ ਮਾਰਨ ਵਾਲਿਆਂ ਨੇ ਠੱਗੀ ਮਾਰਨ ਦਾ ਇਕ ਹੋਰ ਰਸਤਾ ਲੱਭ ਲਿਆ ਹੈ, ਜਿਸ ਕਾਰਨ ਕਈ ਰਾਹਗੀਰਾਂ ਨੂੰ ਹਜਾਰਾਂ ਰੁਪਏ ਦਾ ਨੁਕਸਾਨ ਹੋ ਚੁੱਕਿਆ ਹੈ। ਜੇਕਰ ਤੁਸੀਂ ਬੱਸ, ਰੇਲ ਜਾਂ ਕਿਸੇ ਹੋਰ ਸਾਧਨ ਰਾਹੀਂ ਸਫਰ ਕਰ ਰਹੇ ਹੋ ਤਾਂ ਸਾਵਧਾਨ ਹੋ ਜਾਓ। ਜੇਕਰ ਕੋਈ ਤੁਹਾਡੇ ਕੋਲੋਂ ਤੁਹਾਡਾ ਮੋਬਾਈਲ ਫੋਨ ਮੰਗਦਾ ਹੈ, ਤਾਂ ਇਸ ਤੋਂ ਬਚੋ। ਅੱਜ-ਕੱਲ ਮੋਬਾਈਲ ਫੋਨ ਮੰਗ ਕੇ ਠੱਗੀ ਮਾਰਨ ਵਾਲਾ ਗਿਰੋਹ ਟਰੇਨਾਂ 'ਚ ਸਫਰ ਕਰ ਰਿਹਾ ਹੈ, ਜਿਸ ਕਾਰਨ ਕਈ ਲੋਕਾਂ ਨੂੰ ਹਜਾਰਾਂ-ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਜਲੰਧਰ ਤੋਂ ਲਖਨਊ ਜਾ ਰਹੇ ਵਿਨੋਦ ਪੁਰੀ ਵਾਸੀ ਕਮਲ ਵਿਹਾਰ ਜਲੰਧਰ ਨੇ ਦੱਸਿਆ ਕਿ ਜਦੋਂ ਉਹ ਮੋਰਿੰਡਾ ਪਹੁੰਚੇ ਤਾਂ ਕੋਈ ਅਣਪਛਾਤਾ ਵਿਅਕਤੀ ਟਰੇਨ 'ਚ ਉਨ੍ਹਾਂ ਕੋਲ ਆਇਆ ਅਤੇ ਉਨ੍ਹਾਂ ਕੋਲੋਂ ਫੋਨ ਮੰਗਣ ਲੱਗਾ। ਜਦੋਂ ਉਨ੍ਹਾਂ ਉਸ ਨੂੰ ਫੋਨ ਕਰਨ ਲਈ ਮੋਬਾਈਲ ਦਿੱਤਾ ਤਾਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਦੇ ਬੈਂਕ ਖਾਤੇ 'ਚੋਂ 20 ਹਜਾਰ ਰੁਪਏ ਹੋਰ ਸਾਧਨ ਰਾਹੀਂ ਸਫਰ ਕਰ ਰਹੇ ਹੋ ਤਾਂ ਸਾਵਧਾਨ ਹੋ ਜਾਓ। ਜੇਕਰ ਕੋਈ ਤੁਹਾਡੇ ਕੋਲੋਂ ਤੁਹਾਡਾ ਮੋਬਾਈਲ ਫੋਨ ਮੰਗਦਾ ਹੈ, ਤਾਂ ਇਸ ਤੋਂ ਬਚੋ। ਅੱਜ-ਕੱਲ ਮੋਬਾਈਲ ਫੋਨ ਮੰਗ ਕੇ ਠੱਗੀ ਮਾਰਨ ਵਾਲਾ ਗਿਰੋਹ ਟਰੇਨਾਂ 'ਚ ਸਫਰ ਕਰ ਰਿਹਾ ਹੈ, ਜਿਸ ਕਾਰਨ ਕਈ ਲੋਕਾਂ ਨੂੰ ਹਜਾਰਾਂ-ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਜਲੰਧਰ ਤੋਂ ਲਖਨਊ ਜਾ ਰਹੇ ਵਿਨੋਦ ਪੁਰੀ ਵਾਸੀ ਕਮਲ ਵਿਹਾਰ ਜਲੰਧਰ ਨੇ ਦੱਸਿਆ ਕਿ ਜਦੋਂ ਉਹ ਮੋਰਿੰਡਾ ਪਹੁੰਚੇ ਤਾਂ ਕੋਈ ਅਣਪਛਾਤਾ ਵਿਅਕਤੀ ਟਰੇਨ 'ਚ ਉਨ੍ਹਾਂ ਕੋਲ ਆਇਆਟਰਾਂਸਫਰ ਹੋ ਗਏ। ਜਦੋਂ ਉਨ੍ਹਾਂ ਉਸ ਵਿਅਕਤੀ ਨੂੰ ਲੱਭਣ ਦੀ ਕੋਸ?ਿਸ ਕੀਤੀ ਤਾਂ ਉਨ੍ਹਾਂ ਨੂੰ ਉਹ ਠੱਗ ਨਹੀਂ ਮਿਲਿਆ ਪਰ ਇਕ ਹੋਰ ਵਿਅਕਤੀ ਮਿਲਿਆ, ਜਿਸ ਨਾਲ ਵੀ ਇਸੇ ਤਰ੍ਹਾਂ ਠੱਗੀ ਵੱਜੀ ਸੀ। ਉਕਤ ਵਿਅਕਤੀ ਨੇ ਥਾਣਾ ਮੋਰਿੰਡਾ ਨੂੰ ਸੂਚਿਤ ਕੀਤਾ ਅਤੇ ਪੁਲਸ ਨੇ ਜੀਰੋ ਐੱਫ.ਆਈ.ਆਰ. ਦਰਜ ਕਰ ਲਈ। ਪੀੜਤ ਵਿਨੋਦ ਪੁਰੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਬੈਂਕ ਵਿਚੋਂ ਅਕਾਊਂਟ ਨੰਬਰ ਅਤੇ ਅਕਾਊਂਟ ਹੋਲਡਰ ਦੇ ਘਰ ਦਾ ਪਤਾ ਕੀਤਾ ਤਾਂ ਉਹ ਜਲੰਧਰ ਦਾ ਨਿਕਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਸ ਸਬੰਧ ਵਿਚ ਕਮਿਸ਼ਨਰੇਟ ਪੁਲਸ ਅਤੇ ਸਬੰਧਤ ਥਾਣੇ ਵਿਚ ਲਿਖਤੀ ਰੂਪ ਵਿਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

## ਤੇਜ ਹਵਾਵਾਂ ਤੇ ਬਾਰਿਸ਼ ਨੇ ਲੋਕਾਂ ਨੂੰ ਝੁਲਸਾ ਦੇਣ ਵਾਲੀ ਗਰਮੀ ਤੋਂ ਦਿਵਾਈ ਥੋੜ੍ਹੀ ਰਾਹਤ

ਦੀਨਾਨਗਰ 5 ਜੂਨ। ਪਿਛਲੇ ਕਈ ਦਿਨਾਂ ਤੋਂ ਜਿੱਥੇ ਗਰਮੀ ਨੇ ਵੱਟ ਕਢਾਏ ਹੋਏ ਹਨ, ਉੱਥੇ ਹੀ ਲੂ ਨੇ ਵੀ ਲੋਕਾਂ ਦਾ ਘਰੋਂ ਨਿਕਲਣਾ ਔਖਾ ਕੀਤਾ ਹੋਇਆ ਸੀ। ਲੋਕਾਂ ਨੂੰ ਅੱਤ ਦੀ ਗਰਮੀ ਤੇ ਲੂ ਵਿੱਚ ਰਹਿਣ ਲਈ ਮਜਬੂਰ ਹੋਣਾ ਪਿਆ ਰਿਹਾ ਸੀ ਉਥੇ ਹੀ ਤਾਪਮਾਨ 45 ਤੋਂ 46 ਡਿਗਰੀ ਤੱਕ ਚਲ ਗਿਆ ਸੀ। ਇਸ ਕਾਰਨ ਬੱਚਿਆਂ ਅਤੇ ਬਜੁਰਗਾਂ ਨੂੰ ਭਾਰੀ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਅੱਜ ਅਚਾਨਕ ਦੇਰ ਸਾਮ ਠੰਡੀਆਂ ਹਵਾਵਾਂ ਅਤੇ ਹਲਕੀ ਬਾਰਿਸ ਹੋਣ ਕਾਰਨ ਜਿੱਥੇ ਅੱਤ ਦੀ ਗਰਮੀ ਤੋਂ ਕੁਝ ਰਹਿਤ ਮਿਲੀ ਹੈ ਉੱਥੇ ਨਾਲ ਚੱਲ ਰਹੀਆਂ ਠੰਢੀਆਂ ਹਵਾਵਾਂ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ। ਜੇਕਰ ਗੱਲ ਕੀਤੀ ਜਾਵੇ ਤਾਂ ਇਸ ਹਲਕੀ ਬਾਰਿਸ ਕਾਰਨ ਝੋਨੇ ਦੀ ਪਨੀਰੀ ਤੇ ਪਸ਼ੂਆਂ ਦੇ ਚਾਰੇ ਨੂੰ ਵੀ ਕਾਫੀ ਹੱਦ ਤੱਕ ਰਹਿਤ ਮਿਲੀ ਹੈ ਕਿਉਂਕਿ ਤਾਪਮਾਨ ਇੰਨਾ ਵਧਦਾ ਜਾ ਰਿਹਾ ਸੀ ਕਿ ਫਸਲਾਂ 'ਤੇ ਵੀ ਬੁਰਾ ਅਸਰ ਪੈਣਾ ਸੁਰੂ ਹੋ ਗਿਆ ਸੀ। ਪਰ ਹਲਕੀ ਜਿਹੀ ਹੋਈ ਬਾਰਿਸ ਨੇ ਝੁਲਸਾ ਦੇਣ ਵਾਲੀ ਗਰਮੀ ਤੋਂ ਕੁਝ ਹੱਦ ਤੱਕ ਰਾਹਤ ਜਰੂਰ ਦਿਵਾਈ ਹੈ। ਮੌਸਮ ਵਿਭਾਗ ਅਨੁਸਾਰ ਅਗਲੇ ਕੁਝ ਦਿਨਾਂ ਤੱਕ ਮੌਸਮ 'ਚ ਕੁਝ ਸੁਧਾਰ ਹੋ ਸਕਦਾ ਹੈ ਤੇ ਬੱਦਲ ਦੇ ਨਾਲ-ਨਾਲ ਪੰਜਾਬ ਦੇ ਕੁਝ ਇਲਾਕਿਆਂ 'ਚ ਬਾਰਿਸ਼ ਪੈਣ ਦੀ ਵੀ ਆਸ਼ੰਕਾ ਜਤਾਈ ਜਾ ਰਹੀ ਹੈ।

# ਜਲੰਧਰ 'ਚ 5ਵੀਂ ਜਮਾਤ ਦੀ ਬੱਚੀ ਨਾਲ ਟੀਚਰ ਵੱਲੋਂ ਕੀਤੇ ਗਏ ਜਿਣਸੀ ਸ਼ੋਸ਼ਣ ਦੇ ਮਾਮਲੇ 'ਚ ਸਖਤ ਐਕਸ਼ਨ

ਜਲੰਧਰ 5 ਜੂਨ। ਜਲੰਧਰ ਵਿਚ ਨਿੱਜੀ ਸਕੂਲ 'ਚ ਪੜ੍ਹਦੀ 5ਵੀਂ ਦੀ ਵਿਦਿਆਰਥਣ ਨਾਲ ਹੋਏ ਜਿਣਸੀ ਸ਼ੋਸ਼ਣ ਦੇ ਮਾਮਲੇ ਵਿਚ ਸਖਤ ਐਕਸ਼ਨ ਲਿਆ



ਗਿਆ ਹੈ। ਸਕੂਲ ਪ੍ਰਬੰਧਨ ਨਾਲ ਸਬੰਧਤ ਜੈ ਰਾਣੀ-ਪ੍ਰਾਵਿਨਸ-ਜਲੰਧਰ ਅਡੋਰੇਸ਼ਨ ਕਾਂਗ੍ਰੇਗੇਸ਼ਨ (ਆਰਾਧਨਾ ਭਵਨ) ਦੀ ਸਕੱਤਰ ਸਿਸਟਰ ਜੀਨਾ ਵੱਲੋਂ ਜਾਰੀ ਪ੍ਰੈੱਸ ਬਿਆਨ 'ਚ ਸਕੂਲ ਪ੍ਰਬੰਧਕਾਂ ਵੱਲੋਂ ਉਕਤ ਘਟਨਾ ਦੀ ਸਖਤ ਨਿਖੇਧੀ ਕਰਦਿਆਂ 5 ਮੈਂਬਰਾਂ ਦੀ ਜਾਂਚ ਕਮੇਟੀ ਦਾ ਗਠਨ ਕਰ ਕੇਉਕਤ ਘਟਨਾ ਦੇ ਹਰ ਪਹਿਲੂ ਦੀ ਜਾਣਕਾਰੀ ਇਕੱਠੀ ਕਰ ਕੇ ਜਲਦ ਤੋਂ ਜਲਦ ਰਿਪੋਰਟ ਪੇਸ ਕਰਨ ਲਈ ਕਿਹਾ ਹੈ । ਉਨ੍ਹਾਂ ਪੀੜਤ ਵਿਦਿਆਰਥਣ ਦੇ ਮਾਪਿਆਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੋਸ਼ੀ ਖ਼?ਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਬੀਤੇ ਦਿਨੀਂ ਜਲੰਧਰ ਵਿਖੇ ਇਕ ਅਧਿਆਪਕ ਵੱਲੋਂ ਬੇਸ਼ਰਮੀ ਦੀਆਂ ਹੱਦਾਂ ਪਾਰ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਸੀ। ਦਰਅਸਲ ਇਥੋਂ ਦੇ ਇਕ ਇਲਾਕੇ ਵਿਚ ਨਿੱਜੀ ਸਕੂਲ ਵਿਚ ਪੜ੍ਹਦੀ 5ਵੀਂ ਜਮਾਤ ਦੀ ਬੱਚੀ ਨਾਲ ਅਧਿਆਪਕ ਆਪਣੀ ਹਵਸ ਮਿਟਾਉਣ ਖਾਤਿਰ ਉਸ ਦਾ ਜਿਣਸੀ ਸ਼ੋਸ਼ਣ ਕਰਦਾ ਰਿਹਾ। ਇਸ ਗੱਲ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਬੱਚੀ ਨੇ ਸਾਰੀ ਗੱਲ ਆਪਣੀ ਚਾਚੀ ਨੂੰ ਦੱਸੀ। ਬੱਚੀ ਦੀ ਮਾਂ ਵੱਲੋਂ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਣ ਮਗਰੋਂ ਪੁਲਸ ਨੇ ਅਧਿਆਪਕ ਖ਼?ਲਾਫ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬੱਚੀ ਦੀ ਮਾਂ ਨੇ ਪੁਲਸ ਨੂੰ ਆਪਣੇ ਬਿਆਨ ਵਿਚ ਕਿਹਾ ਕਿ ਉਹ ਲੋਕਾਂ ਦੇ ਘਰਾਂ ਦਾ ਕੰਮ ਕਰਦੀ ਹੈ। ਉਸ ਦੀ ਬੱਚੀ ਹੁਣ ਛੁੱਟੀਆਂ ਹੋਣ ਕਰਕੇ ਨੇੜੇ ਰਹਿੰਦੀ ਚਾਚੀ ਦੇ ਕੋਲ ਰਹਿ ਰਹੀ ਸੀ। ਉਸ ਬੱਚੀ ਨੇ ਆਪਣੀ ਚਾਚੀ ਨੂੰ ਦੱਸਿਆ ਕਿ ਉਸ ਦੇ ਸਕੂਲ ਵਿਚ ਪੜ੍ਹਾਉਂਦਾ ਇਕ ਅਧਿਆਪਕ ਪਿਛਲੇ ਇਕ ਸਾਲ ਤੋਂ ਉਸ ਦਾ ਜਿਣਸੀ ਸ਼ੋਸ਼ਣ ਕਰਦਾ ਆ ਰਿਹਾ ਹੈ। ਉਕਤ ਅਧਿਆਪਕ ਬੱਚੀ ਨੂੰ ਰੋਜਾਨਾ ਪੁਰਾਣੀ ਕੰਟੀਨ ਵਿਚ ਬੁਲਾ ਕੇ ਅੰਦਰੋਂ ਦਰਵਾਜਾ ਬੰਦ ਕਰਨ ਉਪਰੰਤ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਉਸ ਨਾਲ ਗਲਤ ਹਰਕਤਾਂ ਕਰਦਾ ਰਿਹਾ ਹੈ। ਇਸ ਦੇ ਨਾਲ ਹੀ ਅਧਿਆਪਕ ਵੱਲੋਂ ਬੱਚੀ ਨੂੰ ਘਰ ਵਿਚ ਦੱਸਣ ਨੂੰ ਲੈ ਕੇ ਧਮਕੀਆਂ ਦਿੰਦਾ ਸੀ ਕਿ ਜੇਕਰ ਇਸ ਬਾਰੇ ਕਿਸੇ ਨੂੰ ਘਰ ਵਿਚ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ। ਮਾਂ ਮੁਤਾਬਰ ਜਦੋਂ ਬੱਚੀ ਸਕੂਲ ਜਾਂਦੀ ਸੀ ਤਾਂ ਬੇਹੱਦ ਡਰੀ ਹੋਈ ਅਤੇ ਸਹਿਮੀ-ਸਹਿਮੀ ਵਿਖਾਈ ਦਿੰਦੀ ਸੀ। ਪਰਿਵਾਰ ਵੱਲੋਂ ਜਦੋਂ ਪਿਆਰ ਨਾਲ ਉਸ ਨੂੰ ਪੁੱਛਿਆ ਗਿਆ ਤਾਂ ਸਾਰੀ ਘਟਨਾ ਬਾਰੇ ਪਤਾ ਲੱਗਾ। ਪੁਲਸ ਨੇ ਮਾਂ ਦੇ ਬਿਆਨ ਦਰਜ ਕਰਨ ਮਗਰੋਂ ਥਾਣਾ ਜਲੰਧਰ ਕੈਂਟ ਵਿਚ ਮੁਲਜਮ ਟੀਚਰ ਟੋਬੀਅਸ ਥਾਪਰ ਵਿਰੁੱਧ ਆਈ. ਪੀ. ਸੀ. ਦੀ ਧਾਰਾ 376-ਏ.ਬੀ. ਅਤੇ 506 ਤੋਂ ਇਲਾਵਾ 4,6 ਪੋਕਸੋ ਐਕਟ-2012 ਦੇ ਤਹਿਤ ਐੱਫ. ਆਈ. ਆਰ. ਨੰਬਰ 66 ਦਰਜ ਕੀਤੀ ਗਈ ਹੈ। ਜਾਂਚ ਅਧਿਕਾਰੀ ਰਾਜਿੰਦਰ ਪਾਲ ਦੇ ਅਨੁਸਾਰ ਮੁਲਜਮ ਪਿਆਨੋ ਟੀਚਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ 1 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਸੀ। ਉਸ ਤੋਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਲੁਧਿਆਣਾ 'ਚ ਤੇਜਧਾਰ ਹਥਿਆਰਾਂ ਤੇ ਪਿਸਤੌਲ ਦੀ ਨੋਕ 'ਤੇ ਹੋਈ ਲੁੱਟ

ਲੁਧਿਆਣਾ 5 ਜੂਨ। ਜੀ.ਟੀ. ਰੋਡ ਨੇੜੇ ਹਰਗੋਬਿੰਦ ਨਗਰ 'ਚ ਤੇਜਧਾਰ ਹਥਿਆਰਾਂ ਨਾਲ ਲੈਸ ਲੁਟੇਰਿਆਂ ਨੇ ਵਾਰਦਾਤ ਨੂੰ ਅੰਜਾਮ ਦੇ ਕੇ ਢਾਬਾ ਮਾਲਕ ਤੇ ਉਸ ਦੀ ਬੇਟੀ ਨੂੰ ਆਪਣਾ ਸ਼?ਕਾਰ ਬਣਾਇਆ। ਲੁਟੇਰੇ ਔਰਤ ਦੇ ਢਾਬੇ 'ਚ ਰੱਖੀ ਕਰੀਬ 7 ਹਜਾਰ ਰੁਪਏ ਦੀ ਨਕਦੀ, ਮੰਗਲ ਸੂਤਰ ਤੇ ਹੋਰ ਗਹਿਣੇ ਖੋਹ ਕੇ ਫਰਾਰ ਹੋ ਗਏ। ਕੁੱਟਮਾਰ ਦੌਰਾਨ ਜਖਮੀ ਹੋਏ ਢਾਬਾ ਮਾਲਕ ਸੁਰਦਰਸਨ ਸਾਹ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਸ਼?ਕਾਇਤ ਮਿਲਣ ਤੋਂ ਬਾਅਦ ਥਾਣਾ ਡਵੀਜਨ ਨੰਬਰ 6 ਦੀ ਪੁਲਸ ਨੇ ਜਾਂਚ ਤੋਂ ਬਾਅਦ ਜਖਮੀ ਦੇ ਬਿਆਨਾਂ 'ਤੇ ਤਿੰਨ ਅਣਪਛਾਤੇ ਲੁਟੇਰਿਆਂ ਖ਼?ਲਾਫ



ਮਾਮਲਾ ਦਰਜ ਕਰ ਲਿਆ ਹੈ। ਸੁਰਦਰਸਨ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੱਸਿਆ ਕਿ ਉਸ ਦਾ ਹਰਗੋਬਿੰਦ ਨਗਰ ਵਿਚ ਹੀਰੋ ਸਾਈਕਲਜ ਦੇ ਪਿੱਛੇ ਇਕ ਢਾਬਾ ਹੈ। ਉਸ ਦੇ ਢਾਬੇ 'ਤੇ ਤਿੰਨ ਨੌਜਵਾਨ ਆਏ ਜਿਨ੍ਹਾਂ ਕੋਲ ਪਿਸਤੌਲ ਅਤੇ ਤੇਜਧਾਰ ਹਥਿਆਰ ਸਨ। ਉਨ੍ਹਾਂ ਨੇ ਆਉਂਦਿਆਂ ਹੀ ਉਸ ਦੀ ਕੁੱਟਮਾਰ ਕਰਨੀ ਸੁਰੂ ਕਰ ਦਿੱਤੀ ਅਤੇ ਉਸ ਦੇ ਗੱਲੇ ਵਿਚ ਰੱਖੀ 7 ਹਜਾਰ ਰੁਪਏ ਦੀ ਨਕਦੀ ਅਤੇ ਉਸ ਦੀ ਲੜਕੀ ਦੇ ਗਲੇ ਵਿਚ ਪਾਇਆ ਮੰਗਲ ਸੂਤਰ ਅਤੇ ਹੋਰ ਗਹਿਣੇ ਖੋਹ ਲਏ। ਜਦੋਂ ਆਸ-ਪਾਸ ਦੇ ਲੋਕ ਉਸ ਨੂੰ ਬਚਾਉਣ ਲਈ ਆਏ ਤਾਂ ਲੁਟੇਰੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਭੱਜ ਗਏ। ਜਾਂਚ ਅਧਿਕਾਰੀ ਨੇ ਦੱਸਿਆ ਕਿ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।


**NAME CHANGE**
It is for general information that I, MD SHAHBAZ SHAKIL S/o MD SHAKIL AHMAD, permanent R/o Moh-Banoulia, Ward No.-32, Bichli Aran, Biharsharif, Nalanda, Bihar-803101, and currently residing at G-43, Kalindi Kunj, Shaheen Bagh, Abdul Fazal Enclave-II, South Delhi, Delhi-110025, declare that name of mine and my father have been wrongly written as MD SHAHBAZ SHAKEEL and MD SHAKIL AKHTER in my 10th class Certificate, as MD SHAHBAZ SHAKIL and MD SHAKIL AKHTER in my Voter Card No. NWD4410964, as MOHAMMAD SHAHBAZ SHAKEEL and MOHAMMAD SHAKIL AKHTER in my Passport No. K4094609, and as MOHAMMAD SHAHBAZ SHAKIL and MOHAMMAD SHAKIL AKHTER in my PAN Card No. EHYPS1917K. The actual name of mine and my father are MD SHAHBAZ SHAKIL and MD SHAKIL AHMAD respectively.

**PUBLIC NOTICE**
It is for general information that I GAYATRI DEVI PANT W/O Late GANESH DATT PANT R/O 271,BLOCK-B -5, SOM BAZAR ROAD ,SECTOR -5, ROHINI ,RAJA PUR KALAN, ROHINI SECTOR-7, NORTH WEST DELHI DELHI-110085 declare that name of mine has been wrongly written as GAYATRI DEVI in my Hasband ppo no 20077030190020.The actual name of mine is GAYATRI DEVI PANT, respectively which may be amended accordingly.

**NAME CHANGE**
I hitherto known as SHIVNATH VIJAYRAO RANE SARDESSAI S/O VIJAYRAO BABASAHEB RANE SARDESSAI,R/O PARMANENT ADRESS. 13/701,SKP, CHS PLOT D/69,SECTOR -12 KHARGHAR,NAVI MUMBAI ,MAHARASHTRA- 410210,PRESENT ADRESS-806, ????? SINGH BLOCK, ASIAN GAME VILLAGE, SHAHPURJAT, SOUTH DELHI, DELHI-110049 have changed my name and shall hereafter be known as SHIVNATH VIJAYRAO RANE.

**NAME CHANGE**
I, DIVYANGNA D/O RAM KISHAN residing at C-159, BLOCK-C,, JHILMIL COLONY,, SHAHDARA, DELHI -110095 have changed my name to DIVYANGNA MAROTH for all future purposes

**NAME CHANGE**
I, NASIR AHMAD S/O BASHIR AHMAD residing at F-132-133, OLD SEEMAPURI, PO-JHILMIL, DELHI-110095 have changed my name to NASEER AHMAD for all future purposes.

**NAME CHANGE**
I, SHAILESH KUMARI W/o NEERAJ NARESH SHROTI R/o 47, Nagla Miyan Patti, Devari, Hathras, Uttar Pradesh - 204215 have changed the name of my minor son DIPANSHU SHROTI aged 16 years and he shall hereafter be known as ARJIT NARESH SHROTI.

**NAME CHANGE**
I, hitherto Known as AJAY SRIVASTAVA alias AJAY SHRIVASTVA S/o PARAS RAM residing at 8614, Ground Floor, New Rohtak Road, Karol Bagh, Central Delhi, Delhi -110005 have changed my name and shall hereafter be known as AJAY SHRIVASTAV.

**NAME CHANGE**
I, No. 15724420X Rank-NK, Name-GOHIL HARISHCHANDRASINH VANARAJSINH Father of GOHIL VIRRAJSINH Residing at VPO-GADHALI, TEH-GADHADA, DIST-BOTAD, GUJARAT-364750 have changed my minor son's name from GOHIL VIRRAJSINH to GOHIL VIRRAJSINH HARISHCHANDRASINH for all future purposes vide Affidavit dated 04/06/2024 before Notary Public, Delhi.

**NAME CHANGE**
I, GOHIL VANARAJSINH P Father of No. 15724420X Rank-NK, Name-GOHIL HARISHCHANDRASINH VANARAJSINH Presently residing at VPO-GADHALI, TEH-GADHADA, DIST-BOTAD, GUJARAT-364750 have changed my name from GOHIL VANARAJSINH P to GOHIL VANRAJSINH PARBATSINH for all future purposes vide Affidavit dated 04/06/2024 before Notary Public, Delhi.

**NAME CHANGE**
I, No. 14877334M Rank-SEP Name- SHUBHAM Father of DRISHTI Residing at H NO-47, WARD NO-9, VPO-RAMGADHIA, TEH-BHADRA, DIST-HANUMANGARH, RAJASTHAN-335511, have changed my minor daughter's name from DRISHTI to DRISHTI CHOUDHARY for all future purposes vide affidavit dated 04/06/2024 before Notary Public, Delhi.

**PUBLIC NOTICE**
Be it known to all concerned that our clients SMT.SHADNA W/o Sh. RADHEYSHYAM GUPTA, both R/o I-1691/29/7 Sangam Vihar, New Delhi, Delhi-110062 have severed their all relations with their son Avinash Kumar and his wife Chandni Devi and disowned and disinherited them from their all moveable and immovable properties/assets. Anybody dealing with them shall do so at his/her/their own risk and cost.
**SHANTNU BAGGA Advocates**
Chamber No.310, Lawyers Block
Saket Courts Complex
New Delhi-110017
M-8700741947

**PUBLIC NOTICE**
Be it known to public at large that my clients SH PRAMOD KUMAR and R/o H. No. 171/201 A, SANGAM VIHAR, NEW DELHI do hereby disown and disinherits and further severe all relations from Son Shekhar Kumar along with Mrs. Sushama W/o Shekar Kuamr & Vikas Kumar along with Mrs. Mala Kumari W/o Vikas Kumar as there is no more faithful to my clients and beyond their control. He shall have no right whatsoever to claim any share in the moveable and immoveable properties of my client and anybody dealing with him in respect to my clients properties or in any manner whatsoever they shall be doing so at his her own cost and risk for which my clients shall not be liable either socially, morally or legally for any of their acts.
**R P PANDEY & ASSOCIATES**
ADVOCATE
CH NO 614, SAKET COURT
COMPLEX NEW DELHI-110017

**PUBLIC NOTICE**
My client Sunita W/o Sh. Ashok Kumar R/o House no.40 Kondli Village, Durga Mandir Gali, Delhi-110096, has disowned and debarred her son Amit Kumar and his wife Jyoti Gautam from her all movable, immovable properties and have no relation with her in future.
**Ashish Kumar Advocate**
CH.NO.580,
SAKET COURTS NEW DELHI-17

**NAME CHANGE**
I, RAMAKRISHNA PILLAI Father of JC-390094A, Rank-SUB, Name-SATHISH KUMAR S Presently residing at SANTOSH BHAWAN, VPO-KIDANGANNUR, TEH-KOZHENCHERRY, DISTT-PATHANAMTHITTA, KERALA-689514 have changed my name from RAMAKRISHNA PILLAI to A C RAMAKRISHNAPILLAI for all future purposes and in my son's service record my date of birth wrongly mentioned as 01/07/1935 instead of my correct date of birth as 10/10/1939 Vide Affidavit dated 04/06/2024 before Notary Public Delhi.

**PUBLIC NOTICE**
Be it known to general public at large that my clients namely are Sh. Ramji Jaysawal S/o Jamuna Prasad and his wife Radhika Devi both are resided at H.no.63 Block A, V.P. Singh Camp Railway Colony, Tughalkabad, Badarpur, New Delhi-44., now at present address D-107, Prince Colony Hari Nagar Extn. Part-3 Harsh Vihar Tanki Road Badarpur New Delhi 110044., have severed all their relations and disowned their son Hemant Jaiswal and daughter in law namely Shivane Jaiswal, from their all movable and immovable properties since they all are not in the control of my clients. My clients shall have no concern with their acts and deeds in future. My clients will not be responsible to any person for any kind of claim or liability whatsoever arisen while dealing with them or due to their act.
**Rahul Singh & Sagar Saxena**
Advocate
Chamber no. 606 Lawyears Block,
Saket Court New Delhi-110044

**NAME CHANGE**
I,Vinay s/o Uday Kant Jha R/o K2 - 208 Sangam Vihar Delhi-110062 have change my name to Vinay Kumar Jha for all purposes

**PUBLIC NOTICE**
Be it known to public at large that my client Sh. Manish Kumar Singh and R/o 129 A Street-13 Near Durga Mandir, Chhuria Mohalla, Tughlakabd, New Delhi 110044 do hereby disown and disinherits and further severe all relations from my daughter Smt. Aashtha Singh as there is no more faithful to my clients and beyond their control. She shall have no right whatsoever to claim any share in the moveable and immoveable properties of my client and anybody dealing with her in respect to my client's properties or in any manner whatsoever they shall be doing so at his her own cost and risk for which my clients shall not be liable either socially, morally or legally for any of their acts.
**R P PANDEY & ASSOCIATES**
ADVOCATE
CH NO 614,SAKET COURT
COMPLEX NEW DELHI-110017

**PUBLIC NOTICE**
Be it known to all that my client Sanjay Bhalla S/o Late N.C. Bhalla & Amita Bhalla @ Amita Vyas Bhalla W/o Sh. Sanjay Bhalla Both R/o H.No.A-8, Nizamuddin (West), New Delhi 110094 has disowned/debarred their son namely Abhinav Bhalla & his wife namely Kalpana for all purpose from their all movable/immovable properties/assets and severe all their relation with Abhinav Bhalla and Kalpana because my client has no control over them and they do not take care and respect of my client. My client shall not be responsible for any act, deeds and things of his above named son and his wife. If any person deals with them, will do so at his/her/their own risk, cost and consequences. My client shall not be held responsible for any kind of act done by them
**KAMENDRA SINGH Advocate**
Chamber No.951 Patiala House
Courts New Delhi

**NOTICE**
Public at large is hereby informed that my client Mr. Davinder Ratra is the owner of Commercial Shop Bearing No. 92 (wherein GF, FF & SF has also been constructed) area measuring 11X18 Ft. i.e. 22 Sq. yds. Situated at Tikona Park, NH-2, NIT Faridabad Haryana vide Deed of Conveyance dated 23.04.2024 executed by Municipal Corporation Faridabad in favour of Mr. Davinder Ratra in respect of said property SR-SDM Badkhal, Document No. 478, Book No. 01, on dated 23.04.2024. Initially, Perpetual Lease Deed dated 21.12.1973 executed by Faridabad Complex Administration Faridabad in favour of Mr. Gopal Dass in respect of said property Doc. No. 4076. Who died Gopal Dass leaving behind legal heirs Later, Affidavit/NOC/Relinquishment Deed from Others LR's of Late Gopal Dass giving their no objection to transfer their share in the said property to Mr. Davinder Ratra, Later, Re-Allotment Letter issued by MCF in favour of Mr. Davinder Ratra (S/o Gopal Dass Ratra) in respect of said property and Finally, Deed of Conveyance dated 23.04.2024 executed in favour of abovementioned client who will be mortgaging the said property with Cholamandalam Investment and Finance Company Ltd. Whosoever is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.
NEW DELHI
DATE: 4/6/2024
**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

**PUBLIC NOTICE**
Notice is hereby given to the public at large that we are investigating and verifying the title, in respect of the premises more particularly described in the schedule hereunder written which is seized, possessed, owned and/or entitled by Mr. Vijay Kumar Aggarwal 5/o Mr. Raghubar Dayal through General Power of Attorney Dated 20.02.2001 executed by Mrs. Krishna Devi W/o Mr. Raghubar Dayal in favour of Mr. Vijay Kumar Aggarwal 5/o Mr. Raghubar Dayal in respect of Property Bearing No.D-205-A area measuring 100 Sq. Yards, out of Khasra No.55/13.
All those persons/entities having any rights, title, interest, share, claim, demand whatsoever in respect of the said premises or any parts thereof by way of sale, mortgage(save and except the Mortgage application in respect of the said premises in favour of Anand Rathi Global Finance Limited "ARGFL"), transfer, exchange, gift, bequest, trust, inheritance, tenancy, sub-tenancy, leave and license, care taker basis, possession, family arrangement/settlement, decree or order of any Court of Law, Contracts/agreements, encumbrance, lis pendens, and/or any commitment or otherwise howsoever into, over or upon the said premises re hereby required to give notice thereof in writing together with the supporting documents and particulars of any such right or claim to the undersigned, within 14 (Fourteen) days from the date of publication hereof, failing which the claim, if any, shall be deemed to have been released or waived.
**THE SCHEDULE HEREINABOVE REFERRED TO**
Property bearing No. D-205A, land area measuring 100 Sq. yards ie. 83.61 Sq. Meters, out of Khasra Nos. 55/13 situated in the revenue estate of Village Palam Delhi State Delhi, abadi known as Raj Nagar II, Palam Colony, New Delhi-110045.
**MANDEEP SOLANKI ADVOCATE**
DELHI HIGH COURT
E No. D/3748/2012
CHAMBER NO.743, 7th FLOOR,
Place: Delhi SECTOR-10, DWARKA, NEW DELHI-75
DATE: 4/6/2024 MOB:-9716710102

**सार्वजनिक सूचना**
आम जनता को यह जानकारी दी जाती है कि श्री विजय प्रकाश और श्रीमती विनीता गैरोला श्राइन बिल्डटेक प्राइवेट लिमिटेड और एसएससी बिल्डर्स प्राइवेट लिमिटेड के एससीसी सफायर ग्रुप हाउसिंग प्रोजेक्ट में ब्लॉक-ए में तीसरी मंजिल पर फ्रीहोल्ड आवासीय इकाई/फ्लैट संख्या ए-408 के मालिक हैं, जिसका क्षेत्रफल 1395 वर्ग फुट है। ग्राम नूर नगर परगना लोनी तहसील और जिला गाजियाबाद उत्तर प्रदेश के खसरा नंबर 1010, 1011 और 1012 पर राज नगर एक्सटेंशन, गाजियाबाद में स्थित भूमि के एक हिस्से पर निर्मित। विक्रय विलेख के आधार पर दिनांक 17.07.2020 को दस्तावेज़ संख्या 4785, खंड संख्या 16919 पृष्ठ संख्या 293-412 SR- GZB-II के रूप में। और इसे हिंदुजा हाउसिंग फाइनेंस से खो दिया गया है, अब हमारा ग्राहक घोषणा कर रहा है कि किसी अन्य व्यक्ति का उक्त संपत्ति पर कोई अधिकार नहीं है, और उसी संपत्ति को वर्तमान में हिंदुजा हाउसिंग फाइनेंस द्वारा वित्तपोषित किया जाता है और अब उसे फिर से वित्तपोषित किया जाएगा। आवास फाइनेंसर्स लिमिटेड द्वारा। शाखा राजिंदर प्लेस, दिल्ली। यदि किसी भी व्यक्ति को उक्त संपत्ति में अधिकारऋस्वामित्व या हित के संबंध में कोई आपत्ति या दावा है तो इस नोटिस के प्रकाशन की तारीख से 07 दिनों के भीतर हमसे संपर्क करें या उसी को संपर्क करें। यदि किसी को मिला तो अधोहस्ताक्षरित। इसके बाद किसी भी दावे पर विचार नहीं किया जाएगा।
**Naveen Kumar Verma (advocate)**
F-211,sector-3 Vaishali Ghaziabad
Uttar Pradesh-201010, Contact at 09958871432

# ਕਹਾਣੀ

## ਜ਼ਿੰਮੇਵਾਰੀਆਂ

-ਜਿਓਤਿਰਮੌਇ ਦੇਵੀ

ਬੜਾ ਭਰਿਆ ਪੂਰਾ ਪਰਿਵਾਰ ਸੀ। ਚੰਗਾ ਘਰ ਬਾਰ ਸੀ। ਸਭ ਖੁਸ਼ੀਆਂ ਸਨ। ਚਾਰ ਪੁੱਤ, ਦੋ ਧੀਆਂ ਤੇ ਉਨ੍ਹਾਂ ਦੇ ਸੁਖੀ-ਸਾਂਦੀ ਵਸਦੇ ਪਰਿਵਾਰ। ਚਾਰੇ ਪੁੱਤ ਚੰਗੇ ਮਾਣ ਵਾਲੇ ਆਹੁਦਿਆਂ 'ਤੇ ਸਨ। ਸਭ ਤੋਂ ਵੱਡਾ ਕਾਲਜ 'ਚ ਅਧਿਆਪਕ ਸੀ, ਉਸ ਤੋਂ ਛੋਟਾ ਡਾਕਟਰ ਤੇ ਛੋਟੇ ਦੋਵੇਂ ਵਕੀਲ। ਘਰ ਵੀ ਬੜਾ ਸਾਂਵਾ ਚਲਦਾ ਸੀ। ਕਦੇ ਕਦਾਈਂ ਕਿਸੇ ਗੱਲੋਂ ਮਾੜਾ-ਮਾਟਾ ਬੋਲ ਬੁਲਾਰਾ ਵੀ ਹੋ ਜਾਂਦਾ ਪਰ ਰਾਤ ਗਈ ਤੇ ਬਾਤ ਗਈ ਵਾਂਗ ਮਾਹੌਲ ਫੇਰ ਆਪੇ ਹੀ ਠੀਕ ਹੋ ਜਾਂਦਾ। ਉਂਜ ਇਕ ਹੋਰ ਮਾਮਲਾ ਜ਼ਰੂਰ ਸੀ ਜਿਸ ਤੋਂ ਬੋਲ-ਬੁਲਾਰਾ ਬਹੁਤ ਹੁੰਦਾ ਸੀ। ਮਾਮਲੇ ਦਾ ਕਾਰਨ ਸੀ ਘਰ ਦੇ ਵੱਡੇ ਪ੍ਰੋਫੈਸਰ ਪੁੱਤ ਦਾ ਮਾਂ ਮਹਿੱਟਰ ਮੁੰਡਾ, ਜੋਗੀ। ਮੁੰਡੇ ਦੀ ਦਾਦੀ ਨੇ ਮਾਂ ਦੀ ਥਾਂ ਪੂਰਦਿਆਂ ਉਸ ਨੂੰ ਕੁਝ ਹੱਦ ਤੱਕ ਵਿਗਾੜ ਹੀ ਦਿੱਤਾ ਸੀ। ਹੁਣ ਜੋਗੀ ਘਰ ਵਿਚ ਹਰ ਪੰਗੇ ਦੀ ਜੜ੍ਹ ਹੁੰਦਾ ਤੇ ਦਾਦੀ ਉਸ ਦਾ ਪੱਖ ਪੂਰਦੀ। ਸਭ ਨੂੰ ਪਤਾ ਸੀ ਕਿ ਘਰ ਦੀ ਮਾਂ ਦਾ ਜ਼ਿਆਦਾ ਝੁਕਾਅ ਆਪਣੇ ਇਸ ਪੋਤੇ ਵੱਲ ਸੀ।

ਕੋਈ ਵੀ ਘਰ ਔਕੜਾਂ ਜਾਂ ਝੇੜਿਆਂ-ਝਗੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਤਾਂ ਹੋ ਹੀ ਨਹੀਂ ਸਕਦਾ। ਝਗੜੇ ਦਾ ਸਭ ਤੋਂ ਵੱਡਾ ਆਧਾਰ ਬਣਦੇ ਸਨ ਮਹੀਨੇ ਦੇ ਬਿੱਲ। ਬਿਜਲੀ,ਪਾਣੀ, ਰਾਸ਼ਨ ਤੇ ਹੋਰ ਸਾਮਾਨ ਦੇ ਬਿਲ। ਕਈ ਵਾਰ ਤਾਂ ਕਰਿਆਨੇ ਦੇ, ਧੋਬੀ ਦੇ, ਦੋਧੀ ਦੇ, ਮੁਨਿਆਰੀ ਦੇ ਬਿੱਲ ਅਦਾ ਨਾ ਹੁੰਦੇ ਜਾਂ ਫੇਰ ਕਿਤਾਬਾਂ-ਕਾਪੀਆਂ ਦੇ ਬਿੱਲਾਂ ਦੀ ਅਦਾਇਗੀ ਰੁਕ ਜਾਂਦੀ। ਘਰ ਦੀਆਂ ਤਿੰਨ ਨੂੰਹਾਂ ਸਨ ਤੇ ਉਨ੍ਹਾਂ ਦੇ ਪਤੀਆਂ ਦੇ ਨਾਵਾਂ 'ਤੇ ਖਾਤੇ ਚਲਦੇ ਸਨ। ਦੁਕਾਨਾਂ ਵਾਲੇ, ਕੰਮਾਂ ਵਾਲੇ ਬਿੱਲ ਲੈ ਕੇ ਆਉਂਦੇ। ਕਈ ਵਾਰ ਗਰਮਾ-ਗਰਮੀ ਵੀ ਹੁੰਦੀ, ਕੁਝ ਅਦਾਇਗੀ ਹੁੰਦੀ, ਕੁਝ ਅੱਗੇ ਪੈ ਜਾਂਦੇ। ਇਵੇਂ ਹੀ ਇਕ ਵਾਰ ਤਕੜੀ ਗਰਮਾ-ਗਰਮਾ ਹੋ ਗਈ। ਵੱਡਾ ਪੁੱਤਰ ਮਾਂ ਨਾਲ ਉਲਝ ਗਿਆ,' ਪਿਛਲੇ ਸਾਲ ਤਾਂ ਹਾਲੇ ਤਲਾਈਆਂ ਭਰਵਾਈਆਂ ਸਨ ਮਾਂ, ਇਸ ਵਾਰ ਨਵੀਂ ਤਲਾਈ ਦੀ ਕੀ ਲੋੜ?' ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਘਰ ਦੇ ਹੋਰ ਪੁੱਤਰ ਵੀ ਆ ਡਟੇ। ਸਾਰੇ ਹੀ ਵਧ-ਵਧ ਕੇ ਬੋਲਣ ਲੱਗ ਪਏ। ਮਾਤਾ ਨੇ ਸੋਚਿਆ ਕਿ ਉਨ੍ਹਾਂ ਨੂੰ ਕੀ ਦੱਸੇ ਕਿ ਉਸ ਦੇ ਹੋਰ ਪੋਤੇ-ਪੋਤੀਆਂ ਲਈ ਹੁਣ ਵੱਖਰੇ ਬਿਸਤਰਿਆਂ ਦੀ ਲੋੜ ਸੀ ਪਰ ਉਹ ਚੁੱਪ ਹੀ ਕਰ ਗਈ। 'ਤੂੰ ਜੋਗੀ ਨੂੰ ਸਿਰ ਚਾੜ੍ਹੀ-ਜਾਨੀ ਏ," ਡਾਕਟਰ ਪੁੱਤਰ ਮਾਂ ਨਾਲ ਖਹਿਬੜ ਰਿਹਾ ਸੀ, 'ਪਿਛਲੇ ਮਹੀਨੇ ਨਵੀਂ ਰਜ਼ਾਈ ਭਰਵਾਈ ਸੀ ਤੇ ਹੁਣ ਤਲਾਈ ਤਾਂ ਉਸ ਦੇ ਫਰਜ਼ੰਦ ਲਈ ਸੀ, ਪ੍ਰੋਫੈਸਰ ਸਾਹਿਬ ਗਰਜ ਪਏ, 'ਦਰਜੀ ਦਾ ਬਿੱਲ ਦੇਖੋ ਅਸਮਾਨੀਂ ਚੜ੍ਹਿਆ ਪਿਐ, ਦੋਧੀ ਦਾ ਵੀ ਘੱਟ ਨਹੀਂ। ਹਰ ਮਹੀਨੇ ਸਾਰੇ ਹੀ ਬਿਲ ਵਧੀ ਜਾਂਦੇ ਨੇ, ਵਧੀ ਜਾਂਦੇ ਨੇ।' ਵੱਡੇ ਵਕੀਲ ਪੁੱਤ ਨੇ ਮੋਰਚਾ ਸਾਂਭਿਆ, 'ਇਸ ਤੋਂ ਪਹਿਲਾਂ ਕਿ ਗੱਲ ਹੱਥੋਂ ਨਿਕਲ ਜਾਵੇ, ਕੁਝ ਸੋਚਣਾ ਚਾਹੀਦਾ ਏ।'

ਮਾਤਾ ਤਾਂ ਇਸ ਗੱਲੋਂ ਵੀ ਪਸੀਨੇ ਨਾਲ ਤਰ ਹੋਈ ਜਾਂਦੀ ਸੀ ਕਿ ਨੂੰਹਾਂ ਨਾ ਸੁਣ ਲੈਣ ਕਿ ਉਸ ਦੇ ਪੁੱਤਰ ਕੀ ਗੱਲਾਂ ਪਏ ਕਰਦੇ ਸਨ। ਉਹ ਬੋਲੀ, 'ਦੇਖੋ, ਪਿਛਲੇ ਮਹੀਨੇ ਕੁਝ ਖਰਚਾ ਵੱਧਣਾ ਹੀ ਸੀ। ਤੁਹਾਡੀਆਂ ਭੈਣਾਂ ਆਈਆਂ ਘਰ ਦੇ ਜਵਾਈ ਆਏ ਤੇ ਉਨ੍ਹਾਂ ਨੂੰ ਕੋਈ ਖਾਲੀ ਹੱਥੀ ਤਾਂ ਨਹੀਂ ਨਾ ਤੋਰ ਦਿੰਦਾ। ਫੇਰ ਤੁਹਾਡੇ ਦੋ ਭਰਾਵਾਂ ਦੇ ਜਨਮ ਦਿਨ ਵੀ ਸਨ ਕਿਉਂ ਐਡਾ ਚੀਕ-ਚਿਹਾੜਾ ਪਾਉਂਦੇ?" ਛੋਟੇ ਵਕੀਲ ਸਾਹਿਬ ਨੇ ਸਮਾਂ ਮੁਨਾਸਿਬ ਸਮਝਦਿਆਂ ਮੂੰਹ ਖੋਲ੍ਹਿਆ, "ਤੇ ਉਸ ਤੋਂ ਪਿਛਲੇ ਮਹੀਨੇ? ਉਦੋ ਖਰਚਾ ਕਿਉਂ ਵੱਧਿਆ। ਮਾਤਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਸੇ ਮਹੀਨੇ ਤੋਂ ਬਿਜਲੀ, ਪਾਣੀ ਦੇ ਬਿੱਲਾਂ ਦੀਆਂ ਦਰਾਂ ਵਧੀਆਂ ਸਨ ਤੇ ਦਾਲਾਂ ਤੇ ਭਾਅ ਵੀ।" ਉਹ ਇਹ ਕਿਵੇਂ ਕਹਿੰਦੀ ਕਿ ਛੋਟੇ ਵਕੀਲ ਸਾਹਿਬ ਦੀ ਪਤਨੀ ਦੇ ਪੇਕਿਓਂ ਚਾਰ ਜੀਆਂ ਦੀ ਧਾੜ ਵੀ ਉਸ ਮਹੀਨੇ ਆਈ ਸੀ। ਤੇ ਨਾਲੇ ਇਹ ਕਹਿੰਦਿਆਂ ਮਾਤਾ ਦੀ ਜ਼ੁਬਾਨ ਨਾ ਸੜ ਜਾਏ। ਕਿ ਘਰ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਖਰਚਾ ਵੱਧ ਰਿਹਾ ਸੀ। ਉਹ ਪੋਤੇ-ਪੋਤੀਆਂ ਤੋਲਣਾ ਤਾਂ ਸੋਚ ਵੀ ਨਹੀਂ ਸੀ ਸਕਦੀ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤਾਂ ਮਤਾ ਦਾ ਮਾਣ ਸਨ, ਉਸ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਦੇ ਮੁਜੱਸਮੇ। ਵੱਡੇ ਵਕੀਲ ਸਾਹਿਬ ਅੰਤਲੀ ਦਲੀਲ ਦੇ ਰਹੇ ਸਨ, 'ਸਚਾਈ ਤਾਂ ਇਹ ਹੈ ਕਿ ਇਥੇ ਕਿਸੇ ਨੂੰ ਪੈਸੇ ਦੀ ਕਦਰ ਹੀ ਕੋਈ ਨਹੀਂ।" ਮਾਂ ਸਿਰਫ ਫਿੱਕਾ ਜਿਹਾ ਮੁਸਕਰਾਈ। ਉਹ ਤਾਂ ਸੋਚ ਹੀ ਕੁਝ ਹੋਰ ਰਹੀ ਸੀ। ਏਨੇ ਨੂੰ ਇਕ ਹੋਰ ਬਾਣ ਆ ਗਿਆ, "ਜਿੱਥੋਂ ਤੱਕ ਜੋਗੀ ਦਾ ਸਵਾਲ ਹੈ, ਤੁਹਾਨੂੰ ਪਤਾ ਕੀ ਹੈ ਕਿ ਮੈਂਆਂ ਨੇ ਉਹਨੂੰ ਪੜ੍ਹਨ-ਲਿਖਣ ਜੋਗਾ ਵੀ ਨਹੀਂ ਛੱਡਿਆ।" ਮਾਤਾ ਕੁਰਲਾ ਉਠੀ, "ਨਹੀਂ! ਇੰਜ ਨਾ ਕਹੋ ਪੁੱਤਰੋ, ਮੇਰੇ ਪੋਤੇ ਬਾਰੇ!" ਜੋਗੀ ਦਾ ਪ੍ਰੋਫੈਸਰ ਪਿਤਾ ਵਿਚੋਂ ਹੀ ਬੋਲਿਆ, "ਸਾਹਮਣੇ ਹੀ ਤਾਂ ਹੈ ਕਿਵੇਂ ਬੋਕ ਵਾਂਗ ਵਧੀ ਜਾਂਦੈ, ਖਾਣ-ਪੀਣ ਤੋਂ ਇਲਾਵਾ ਕੀ ਕੰਮ ਹੈ ਉਹਨੂੰ!"

ਇਹ ਗੱਲ ਤਾਂ ਮਾਤਾ ਬਰਦਾਸ਼ਤੋਂ ਪਰ੍ਹੇ ਦੀਆਂ ਸਨ। ਜੋਗੀ ਚੰਗਾ ਖਾਣ ਦਾ ਸ਼ੌਕੀਨ ਸੀ ਤੇ ਦਾਦੀ ਉਸ ਮਾਂ-ਮਹਿੱਟਰ ਦੀ ਇਹ ਇੱਛਾ ਵੀ ਪੂਰੀ ਨਾ ਕਰਦੀ? ਮੁੰਡੇ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਸੀ ਤੇ ਹੁਣ ਦਾਦੀ ਨੂੰ ਸੁਣਨਾ ਪੈ ਰਿਹਾ ਸੀ। ਮਾਤਾ ਦੇ ਲੱਠਾਂ ਵਰਗੇ ਕਮਾਊ ਪੁੱਤ ਕੁਝ ਹੋਰ ਚਿਰ ਕਮਾਈ ਦੀਆਂ, ਖਰਚੇ ਦੀਆਂ ਤੇ



ਬੱਚਿਆਂ ਦੀਆਂ ਲੋੜਾਂ ਦੀਆਂ, ਫਜ਼ੂਲ ਜਿਹੀਆਂ ਗੱਲਾਂ ਕਰਦੇ ਰਹੇ। ਮਾਤਾ ਤਾਂ ਮਾਲਾ ਫੇਰਨ ਲੱਗ ਪਈ ਸੀ। ਉਹ ਕਿੰਨਾ ਚਿਰ ਹੋਰ ਸਭ ਕੁਝ ਸਕਦੀ ਸੀ! ਦੋ ਨੂੰਹਾਂ ਵੀ ਜੋਗੀ ਵਿਰੁੱਧ ਬੁੜ ਬੁੜ ਕਰ ਰਹੀਆਂ ਸਨ ਪਰ ਵੱਡੇ ਵਕੀਲ ਦੀ ਪਤਨੀ ਜੋਗੀ ਖਿਲਾਫ ਕੁਝ ਨਹੀਂ ਸੀ ਬੋਲਦੀ। ਸ਼ਾਇਦ ਇਸ ਕਰਕੇ ਕਿ ਉਹਦੇ ਆਪਣੇ ਪੇਕੇ ਘਰ ਉਹਦੀ ਮਾਂ ਉਸ ਦੇ ਮਾਂ-ਵਾਹਰੇ ਭਤੀਜੇ ਨੂੰ ਸਾਂਭਦੀ ਸੀ। ਦਿਨ ਬੀਤਦੇ ਗਏ। ਮਾਤਾ ਦੀ ਉਮਰ ਤਾਂ ਬਹੁਤੀ ਨਹੀਂ ਸੀ ਪਰ ਮਾੜੀ ਸਿਹਤ ਤੇ ਦਿਨੋ-ਦਿਨ ਘਰ ਦੇ ਮਾੜੇ ਹੁੰਦੇ ਜਾਂਦੇ ਹਾਲਾਤ ਨੇ ਉਹਨੂੰ ਬਹੁਤ ਥਕਾ ਦਿੱਤਾ ਸੀ। ਉਹ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਹੌਲੀ ਹੌਲੀ ਛੱਡਦੀ ਗਈ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਲਾਉਣ ਲੱਗ ਪਈ। ਹਾਂ, ਸ਼ਾਮ ਵੇਲੇ ਪੋਤੇ-ਪੋਤੀਆਂ ਨਾਲ ਬੈਠਣਾ, ਖੇਡਣਾ ਤੇ ਬਾਤਾਂ ਪਾਉਣੀਆਂ ਕਦੇ ਵੀ ਨਾ ਛੱਡ ਸਕੀ। ਸਾਲਾਂ ਤੋਂ ਜਿਹੜਾ ਘਰ ਉਹਨੇ ਮਿਹਨਤ ਨਾਲ ਪੋਟਾ ਪੋਟਾ ਕਰ ਕੇ ਸੰਭਾਲਿਆ ਸੀ, ਨੂੰਹਾਂ ਹਵਾਲੇ ਕਰ ਦਿੱਤਾ। ਤੇ ਨੂੰਹਾਂ ਨੂੰ ਘਰ ਸੰਭਾਲਣ ਵਿਚ ਮਾਤਾ ਦੀ ਸਲਾਹ ਕਿੱਥੇ ਚਾਹੀਦੀ ਸੀ? ਖੈਰ! ਮਾਤਾ ਤਾਂ ਵੀ ਸੰਤੁਸ਼ਟ ਸੀ। ਜ਼ਿੰਮੇਵਾਰੀਆਂ ਇਕ ਪੀੜ੍ਹੀ ਤੋਂ ਸਰਕ ਕੇ ਅਗਲੀ ਪੀੜ੍ਹੀ 'ਤੇ ਜਾ ਪਈਆਂ ਸਨ। ਤੇ ਘਰ ਸਾਵਾਂ ਚੱਲ ਰਿਹਾ ਸੀ।

ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਨਾਲ ਮਾਤਾ ਅਚਾਨਕ ਫੇਰ ਘਰ ਦਾ ਕੇਂਦਰ ਬਿੰਦੂ ਬਣ ਗਈ। ਹਰ ਕੋਈ ਫਿਰ ਉਸੇ ਪੁੱਛਣ ਲੱਗਾ। ਮਾਤਾ ਦੀ ਉਮਰ ਕੀ ਸੱਚਮੁਚ ਜ਼ਿਆਦਾ ਹੋ ਗਈ? ਮਾਤਾ ਦੀ ਸਿਹਤ ਕਿਵੇਂ ਹੈ? ਕੀ ਉਸ ਦੇ ਦਿਨ ਪੁੱਗ ਗਏ ਹਨ? ਫਿਰ ਹਰ ਕੋਈ ਮਾਤਾ ਬਾਰੇ ਚਿੰਤਤ ਹੋਣ ਲੱਗੇ। ਠੀਕ ਹੈ ਕਿ ਪੁੱਤ ਵੱਡੇ ਹੋ ਗਏ ਸਨ ਤੇ ਕਿਸੇ ਨੂੰ ਵੀ ਮਾਤਾ ਦੀ ਬਹੁਤੀ ਲੋੜ ਨਹੀਂ ਸੀ ਰਹਿ ਗਈ ਪਰ ਇਸ ਨਾਲ ਮਾਂ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਭਾਵਨਾ ਤਾਂ ਨਹੀਂ ਸੀ ਨਾ ਘੱਟ ਸਕਦੀ। ਨੂੰਹਾਂ-ਪੁੱਤ ਤਹਿ ਦਿਲੋਂ ਮਾਂ ਦਾ ਧਿਆਨ ਕਰਨ ਲੱਗ ਸਨ ਤੇ ਜੋਗੀ ਦਾ ਵੀ! ਮਾਤਾ ਉਠਦੀ, ਬਹਿੰਦੀ, ਮੰਜੇ 'ਤੇ ਪਈ ਨਿੰਮਾ-ਨਿੰਮਾ ਮੁਸਕਰਾਂਦੀ ਰਹਿੰਦੀ ਤੇ ਕਹੀ ਜਾਂਦੀ, 'ਮੈਂ ਠੀਕ ਹਾਂ ਬੱਚਾ, ਮੈਨੂੰ ਕੁਝ ਨਹੀਂ ਚਾਹੀਦਾ। ਤੁਸੀ ਹੋ ਤੇ ਮੇਰੇ ਕੋਲ ਸਭ ਕੁਝ ਹੈ।' ਉਹਨੂੰ ਤਸੱਲੀ ਸੀ ਕਿ ਚਾਚੀਆਂ ਹੁਣ ਜੋਗੀ ਦਾ ਪੂਰਾ ਖਿਆਲ ਰੱਖਦੀਆ ਸਨ, ਖਾਸਕਰ ਵਿਚਕਾਰਲੀ ਚਾਚੀ। ਇਕ ਦਿਨ ਡਾਕਟਰ ਪੁੱਤ ਨੇ ਆਪਣੀ ਪਤਨੀ ਨੂੰ ਹਰਖ ਕੇ ਕਿਹਾ,'ਤੈਨੂੰ ਪਤੈ ਮਾਂ ਨੂੰ ਕਿੰਨੇ ਹੀ ਦਿਨਾਂ ਤੋਂ ਬੁਖਾਰ ਏ? ਉਹ ਵਿਚਾਰੀ ਆਪਣੇ ਪਤੀ ਤੋਂ ਇਹੋ ਜਿਹੀ ਝਿੜਕ ਦੀ ਆਸ ਨਹੀਂ ਸੀ ਰੱਖਦੀ। ਘਬਰਾ ਕੇ ਬੋਲੀ, 'ਮੈਨੂੰ ਕਿਵੇਂ ਪਤਾ ਲਗਦਾ? ਉਹ ਤਾਂ ਰੋਜ਼ ਨਹਾਉਂਦੇ ਨੇ, ਪਾਠ-ਪੂਜਾ 'ਤੇ ਬੈਠਦੇ ਨੇ। ਹਾਂ, ਰੋਟੀ ਜ਼ਰੂਰ ਕੁਝ ਦਿਨਾਂ ਤੋਂ ਘਟਾ ਦਿੱਤੀ ਏ।

ਜੋਗੀ ਨੇ ਵੀ ਅੱਜ ਸਵੇਰੇ ਈ ਮੈਨੂੰ ਕਿਹਾ ਸੀ ਕਿ ਮਾਤਾ ਕੁਝ ਠੀਕ ਨਹੀਂ।' 'ਤੂੰ ਕਿੰਨੀ ਲਾਪ੍ਰਵਾਹ ਏਂ। ਮੈਂ ਹੀ ਮਾਂ ਕੋਲ ਜਾਨਾ।" ਡਾਕਟਰ ਸਾਹਿਬ ਮਾਂ ਦੇ ਕਮਰੇ ਵੱਲ ਭੱਜ ਨਿਕਲੇ ਤੇ ਫੇਰ ਚਾਰੇ ਭਰਾ, ਮਾਂ ਦੇ ਸਿਰਹਾਣੇ ਜਾ ਖੜ੍ਹੇ ਹੋਏ। ਮਾਤਾ ਅੱਖਾਂ ਮੀਚੀ ਪਈ ਸੀ, ਸ਼ਾਂਤ-ਚਿੱਤ। ਜੋਗੀ ਦਾਦੀ ਦੀਆਂ ਪੁੜਪੁੜੀਆਂ ਝੱਸ ਰਿਹਾ ਸੀ। ਪ੍ਰੋਫੈਸਰ ਨੇ ਮਾਂ ਦਾ ਮੱਥਾ ਟੋਹਿਆ। ਡਾਕਟਰ ਨੇ ਫਿਕਰਮੰਦੀ ਦਰਸਾਈ," ਮਾਂ ਨੂੰ ਤਾਂ ਬੜਾ ਤਾਪ ਚੜ੍ਹਿਐ।" ਪਰ ਮਾਤਾ ਇੰਨੇ ਕੁ ਬੁਖਾਰ ਨੂੰ ਕੀ ਸਮਝਦੀ ਸੀ।" ਨਹੀਂ, ਨਹੀਂ ਮੈਨੂੰ ਬੁਖਾਰ ਤਾਂ ਕੋਈ ਨਹੀਂ ਐਵੇਂ ਜ਼ਰਾ ਕੁ ਦਰਦਾ ਨੇ। ਮੈਂ ਤਾਂ ਹੀ ਸਵੇਰ ਤੋਂ ਉੱਠੀ ਈ ਨਹੀਂ, ਐਵੇਂ ਕਿਉਂ ਫਿਕਰ ਕਰਦੇ ਓ?" ਉਹਨੇ ਸਾਰਿਆਂ ਨੂੰ ਚਿੰਤਾਮੁਕਤ ਕਰਨ ਲਈ ਕਿਹਾ। ਸ਼ਾਮ ਤੱਕ ਮਾਤਾ ਬੇਹੋਸ਼ ਹੀ ਹੋ ਗਈ, ਅੱਖਾਂ ਹੀ ਨਾ ਖੋਲ੍ਹੇ। ਅਗਲੇ ਤਿੰਨ ਦਿਨਾਂ ਵਿਚ ਕਮਰਾ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ, ਟੀਕਿਆਂ ਤੇ ਉਨ੍ਹਾਂ ਦੀ ਗੰਧ ਨਾਲ ਭਰ ਗਿਆ। ਉੱਡੇ ਮੂੰਹਾਂ ਵਾਲੇ ਪੁੱਤ ਕਮਰੇ ਦੇ ਅੰਦਰ ਬਾਹਰ ਹੋਈ ਜਾਂਦੇ। ਨੂੰਹਾਂ ਦੇ ਵੀ ਜਿਹੇਂ ਹੋਸ਼ ਉੱਡ ਗਏ ਸਨ।" ਮਾਂ ਨੇ ਦਵਾਈ ਲਈ? ਮਾਂ ਨੇ ਦੁੱਧ ਪੀਤਾ? ਮਾਂ ਨੇ ਰਸ ਪੀਤਾ? " ਸਵਾਲ ਬੱਸ ਇਹੋ ਜਿਹੇ ਹੀ ਹੋ ਕੇ ਰਹਿ ਗਏ। ਖਰਚੇ, ਦਵਾਈਆਂ ਡਾਕਟਰਾਂ ਦਾ ਕੋਈ ਅੰਤ ਨਾ ਰਿਹਾ। ਮਾਤਾ ਨੂੰ ਬਚਾਉਣ ਦੀ ਮੁਹਿੰਮ ਛਿੜ ਗਈ। ਧੀਆਂ ਵੀ ਆ ਕੇ ਮਾਂ ਦੇ ਗੋਡੇ-ਮੁੱਢ ਲੱਗ ਗਈਆਂ। ਦੁਖੀ ਤਾਂ ਸਾਰੇ ਸਨ ਪਰ ਜੋਗੀ ਦਾ ਦੁੱਖ ਕੋਈ ਨਹੀਂ ਸੀ ਜਾਣਦਾ। ਰਾਤ ਨੂੰ ਸਾਰੇ ਸੌਂ ਜਾਂਦੇ, ਪਰ ਜੋਗੀ ਦਾਦੀ ਦੇ ਕੋਲ ਹੀ ਮੰਜੇ 'ਤੇ ਸਿਰ ਸੁੱਟੀ ਬੈਠਾ ਰਹਿੰਦਾ। ਬੇਹੋਸ਼, ਸੁੱਧ -ਬੁੱਧ ਤੋਂ ਸੱਖਣੀ ਮਾਤਾ ਰਾਤ ਵੇਲੇ ਅਚਨਚੇਤ ਜੋਗੀ ਦਾ ਮੱਥਾ ਪਲੋਸਦੀ ਤੇ ਕਦੇ-ਕਦੇ ਕੁਝ ਕਹਿੰਦੀ ਵੀ, ਪਰ ਨਾਲ ਦੀ ਨਾਲ ਫਿਰ ਨੀਂਦੇ ਸੌਂ ਜਾਂਦੀ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਜਦੋਂ ਘਰ ਹੁੰਦੇ ਤਾਂ ਮਾਤਾ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਪ੍ਰੋਫੈਸਰ, ਡਾਕਟਰ ਤੇ ਵਕੀਲ ਪੁੱਤ ਬਚਪਨ ਦੀਆਂ ਗੱਲਾਂ ਕਰਦੇ। ਮਾਂ ਦੀ ਘਾਲਣਾ ਯਾਦ ਕਰਦੇ। ਨੂੰਹਾਂ ਛੋਟੀ ਛੋਟੀ ਗੱਲੋਂ ਮਾਂ ਦਾ ਵਿਰੋਧ ਕਰਨ ਦੀਆਂ ਗੱਲਾਂ ਨੂੰ ਯਾਦ ਕਰਕੇ ਆਪਣੀ ਗਲਤੀ 'ਤੇ ਝੂਰਦੀਆਂ। ਪੋਤੇ-ਪੋਤੀਆਂ ਕੰਧਾਂ ਕੌਲਿਆਂ ਪਿੱਛੇ ਖੜ੍ਹ ਕੇ ਰੋ ਲੈਂਦੇ। ਜੋਗੀ ਦਾ ਦੁੱਖ ਤਾਂ ਉਸ ਦੇ ਅੰਗ-ਅੰਗ ਵਿਚੋਂ ਛਲਕਦਾ ਸੀ। ਤੇ ਫੇਰ ਮਾਤਾ ਚਲਾਣਾ ਕਰ ਗਈ। ਪਰਿਵਾਰ ਦੀਆਂ ਧੀਆਂ ਵੱਲੋਂ ਚੌਥੇ ਦਿਨ ਦਿੱਤੀ ਗਈ ਸ਼ਰਧਾਜਲੀ ਮਗਰੋਂ ਉਠਾਲਾ ਹੋ ਗਿਆ। ਹੁਣ ਚਾਰੇ ਪੁੱਤਰਾਂ ਨੇ ਮਾਂ ਨੂੰ ਵਿਦਾਇਗੀ ਦੇਣ ਲਈ ਸ਼ਰਾਧ ਕਰਨਾ ਸੀ। ਉਨ੍ਹਾਂ ਮਾਂ ਦੇ ਅਗਲੇ ਸਫਰ ਲਈ ਸਾਮਾਨ ਢੋਣਾ ਸੀ। ਨਵੇਂ ਬਿਸਤਰੇ, ਤਲਾਈਆਂ, ਰਜਾਈਆਂ, ਰੇਸ਼ਮੀ ਸਿਰ੍ਹਾਣੇ, ਭਾਂਡੇ ਤੇ ਕਿੰਨਾ ਕੁਝ ਹੀ ਕੁਝ ਨਵਾਂ ਇਕੱਠਾ ਹੋਇਆ। ਦੂਰੋਂ-ਪਾਰੋਂ ਸਾਰੇ ਰਿਸ਼ਤੇਦਾਰ ਘਰ ਵਿਚ ਇਕੱਠੇ ਹੋ ਰਹੇ ਸਨ। ਮਾਤਾ ਦੇ ਸਭ ਤੋਂ ਨੇੜਲੇ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਕਿੱਥੇ ਸੀ? ਉਹ ਨਾ ਖਾਂਦਾ, ਨਾ ਦਿਸਦਾ ਸਭ ਤੋਂ ਛੋਟਾ ਚਾਚਾ ਕਦੇ ਉਹਨੂੰ ਲੱਭਦਾ ਤੇ ਬੁਲਾ ਕੇ ਰੋਟੀ ਖਵਾਉਂਦਾ। ਮੁੰਡਾ ਪੀਲਾ ਭੂਕ ਵਰਗਾ ਹੋਇਆ ਪਿਆ ਸੀ। ਚਿੱਟੇ ਪਰ ਮੈਲੇ ਕੱਪੜੇ, ਵਾਲ ਖਿੰਡੇ ਹੋਏ। ਉਹ ਡਡਰਿਆਂ ਵਾਂਗ ਝਾਕਦਾ ਜਿਵੇਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਵੇ। ਸ਼ਰਾਧ ਦਾ ਦਿਨ ਵੀ ਆ ਗਿਆ। ਘਰ ਨੂੰ ਨਵੀਂ ਜਿਹੀ ਦਿੱਖ ਦਿੱਤੀ ਗਈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਭਜਨ ਮੰਡਲੀਆਂ ਨੇ ਆਪੋ-ਆਪਣੀਆਂ ਥਾਵਾਂ ਸਾਂਭ ਲਈਆਂ। ਪ੍ਰੋਫੈਸਰ ਨੇ ਜੋਗੀ ਨੂੰ ਸੱਦਿਆ, 'ਕਿਥੇ ਸੀ? ਇੱਥੇ ਆ ਬੈਠ ਇੱਥੇ?" ਮੁੰਡੇ ਨੇ ਹੈਰਾਨੀ ਜਿਹੀ 'ਚ ਪੁੱਛਿਆ, "ਕਿਉਂ, ਮੈਂ ਇਥੇ ਕੀ ਕਰਨੈ? 'ਤੂੰ ਆਪਣੀ ਦਾਦੀ ਲਈ ਇਹ ਸਾਰਾ ਸਾਮਾਨ ਦਾਨ ਕਰਨਾ ਏ? 'ਦਾਨ? ਕਿਹਨੂੰ?" 'ਤੂੰ ਚੁੱਪ ਕਰ ਕੇ ਬੈਠ ਜਾ ਇਥੇ ਆਕੇ!"

ਜੋਗੀ ਚੁਪਚਾਪ ਬੈਠ ਗਿਆ ਤੇ ਫੇਰ ਪੰਡਿਤ ਦੇ ਪਿੱਛੇ ਪਿੱਛੇ ਮੰਤਰ ਵੀ ਬੋਲਣ ਲੱਗ ਪਿਆ। ਮੰਤਰ ਬੋਲਦਿਆਂ ਬੋਲਦਿਆਂ ਉਸ ਦਾ ਸਬਰ ਟੁੱਟ ਗਿਆ। ਉਸ ਨੇ ਉੱਚੀ ਸਾਰੀ ਲੇਰ ਮਾਰੀ। 'ਹਾਏ ਦਾਦੀ! ਤੂੰ ਕਿਉਂ ਤੁਰ ਗਈ ਦਾਦੀ! ਇਨ੍ਹਾਂ ਪਖੰਡੀਆਂ ਤੇਰੇ ਜਿਉਂਦੇ ਜੀਅ ਬਿਸਤਰਿਆਂ ਤੇ ਭਾਂਡਿਆਂ ਦੀ ਖਾਤਰ ਹੀ ਤੈਨੂੰ ਭੰਡਿਆ ਸੀ।" ਹੋਰ ਪੋਤੇ ਪੋਤਰੀਆਂ ਵੀ ਆਪੋ-ਆਪਣੀ ਥਾਂ ਡੁਸਕਣ ਲੱਗ ਪਏ। ਪਰ੍ਹਾਂ ਬੈਠੇ ਦੋਸਤ, ਮਿੱਤਰ, ਰਿਸ਼ਤੇਦਾਰ ਵੀ ਦੌੜੇ ਆਏ। 'ਕੀ ਹੋਇਆ, ਕੀ ਹੋਇਆ?" ਜੋਗੀ ਅੱਗੋ ਕੁਝ ਨਾ ਬੋਲਿਆ ਤੇ ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨ ਲੱਗਾ। 'ਇਹ ਕੀ ਬਕਦੈਂ ਬੇਸ਼ਰਆਂ। ਪ੍ਰੋਫੈਸਰ ਆਪਣੇ ਪੁੱਤ ਨੂੰ ਘੂਰ ਰਿਹਾ ਸੀ। ਛੋਟੇ ਚਾਚੇ ਨੇ ਕਿਹਾ, 'ਜੋਗੀ, ਕੀ ਗੱਲ ਏ? ਤੂੰ ਦੱਸ ਮੈਨੂੰ!"

ਜੋਗੀ ਦੀਆਂ ਅੱਖਾਂ 'ਚੋ ਦਰਿਆ ਵਹਿ ਤੁਰੇ," ਤੁਸੀਂ ਦਾਦੀ ਨੂੰ ਕਦੇ ਸੁਖ ਨਹੀਂ ਦਿੱਤਾ। ਹਰ ਗੱਲ 'ਤੇ ਉਸ ਨੂੰ ਟੋਕਦੇ ਰਹੇ। ਉਹ ਸਾਡੇ ਲਈ ਸਾਮਾਨ ਬਣਾਉਂਦੀ ਤੇ ਤੁਸੀ ਭੰਡਦੇ ਰਹੇ। ਮੈਂ ਮਰੀ ਹੋਈ ਦਾਦੀ ਦੇ ਨਾਂ 'ਤੇ ਕੋਈ ਦਾਨ ਨਹੀਂ ਕਰ ਸਕਦਾ!" ਜੋਗੀ ਉਥੋਂ ਉੱਠ ਕੇ ਭੱਜ ਤੁਰਿਆ। ਛੋਟੇ ਚਾਚੇ ਦੀਆਂ ਅੱਖਾਂ ਵਿਚੋਂ ਵੀ ਦਰਦ ਛਲਕਿਆ ਤੇ ਤਿੰਨੋ ਵੱਡੇ ਭਰਾ ਇਕ ਦੂਜ ਦੇ ਮੂੰਹ ਵੱਲ ਝਾਕਣ ਲੱਗੇ। ਚੁੱਪ-ਗੜੁੱਪ।

# ਵਿਅੰਗ

## ਜ਼ਰਾ ਦੇਖ ਕੇ ਚਲੋ

ਗਿੱਦੜ ਨਖਿੱਧ ਜਿਹਾ ਜਾਨਵਰ ਗਿਣਿਆ ਜਾਂਦਾ ਹੈ। ਕੋਈ ਡਰਾਕਲ ਹੋਵੇ ਤਾਂ ਉਸ ਨੂੰ ਗਿੱਦੜ ਜਿਹਾ ਡਰਾਕਲ ਆਖ ਦਿੱਤਾ ਜਾਂਦਾ ਹੈ। ਕਿਸੇ ਬਾਜ਼ਾਰੀ ਮਜਨੂੰ ਨੂੰ ਲੋਕ ਕੁੱਟ ਧਰਨ ਤਾਂ ਇਸ ਨੂੰ ਗਿੱਦੜ ਕੁਟ ਕਿਹਾ ਜਾਂਦਾ ਹੈ। ਇਸ ਪ੍ਰਕਾਰ ਜੇ ਕੋਈ ਜੇਬਕਤਰਾ ਮੌਕੇ ਤੇ ਫੜੇ ਜਾਣ ਕਾਰਨ ਕੁੱਟਿਆ ਜਾਵੇ ਤਾਂ ਉਹ ਵੀ ਗਿੱਦੜ ਕੁੱਟ ਦੀ ਮਾਰ ਹੇਠ ਆ ਜਾਂਦਾ ਹੈ। ਅਜਿਹੀ ਕੁੱਟ ਵਿਚ ਸਾਡੇ ਜਿਹੇ ਵੀ ਦੋ-ਚਾਰ ਜੁੱਤੀਆਂ ਲਾ ਕੇ ਸ਼ੇਰ ਬਣ ਦੇ ਦੇਖ ਲੈਂਦੇ ਹਨ ਉਂਝ ਭਾਵੇਂ ਘਰ ਵਾਲੀ ਤੋਂ ਚੌਵੀ ਘੰਟੇ ਡਰਕੇਜੂਨ ਪੂਰੀ ਕਰਦੇ ਹੋਣ। ਸਪਸ਼ਟ ਹੈ ਕਿ ਗਿੱਦੜ ਦੀ ਚਰਚਾ ਕਈ ਵਾਰ ਹੋ ਜਾਂਦੀ ਹੈ। ਪੁਰਾਣੇ ਬਜ਼ੁਰਗ ਪਹਿਲੇ ਵੇਲਿਆਂ ਵਿਚ 'ਸ਼ੁਕਰ ਸੁਰਮਈ ਦੇ ਰੰਗਾਂ ਨੂੰ ਕਿ ਗਿੱਦੜ ਚੱਲੇ ਗੰਗਾ ਨੂੰ' ਕਈ ਵਾਰ ਉਚਰਦੇ ਸਨ। ਚਾਹੇ ਹੁਣ ਦੀ ਅੰਗਰੇਜ਼ੀ ਤਰਜ਼ ਦੀ ਪੀੜ੍ਹੀ ਅਜਿਹੇ ਦੇਸੀ ਕਥਨਾਂ ਤੋਂ ਪੂਰੀ ਤਰ੍ਹਾਂ ਬੇਖਬਰ ਹੀ ਹੈ। ਹਾਂ ਗਿੱਦੜਸਿੰਗੀ ਤੋਂ ਜਾਣੂ ਹੋਣਗੇ। ਖੈਰ, ਅਸੀਂ ਗੱਲ ਕਰਨੀ ਹੈ ਗਿੱਦੜਚੀਕ ਦੀ ਜੋ ਸਭ ਤੋਂ ਵੱਧ ਚਰਚਾ ਵਿਚ ਆਉਂਦੀ ਹੈ। ਇਹ ਭੇਡ ਚਾਲ ਦੀ ਤਰਜ਼ ਵਾਲਾ ਕੰਮ ਹੁੰਦਾ ਹੈ। ਜਿਸ ਤਰ੍ਹਾਂ ਇਕ ਭੇਡ ਦੂਜੀ ਭੇਡ ਦੇ ਪਿੱਛੇ ਪਿੱਛੇ ਹੋ ਲੈਂਦੀ ਹੈ ਉਸੇ ਤਰ੍ਹਾਂ ਜੇ ਗਿੱਦੜ ਕਿਸੇ ਕਾਰਨ ਚੀਕ ਮਾਰ ਦੇਵੇ ਤਾਂ ਨੇੜੇ ਤੇੜੇ ਦੇ ਗਿੱਦੜ ਫੌਰਨ ਚੀਕਾਂ ਮਰਨ ਲੱਗ ਪੈਂਦੇ ਹਨ। ਇੰਜ ਇਹ ਆਪਣੀ ਕਟੁੰਬੀ ਦੀ ਏਕਤਾ ਦਾ ਪ੍ਰਗਟਾਵਾ ਕਰਦੇ ਹਨ। ਭਾਵ ਪਹਿਲੀ ਚੀਕ ਦੇ ਕਾਰਨ ਪਿੱਛੇ ਨਹੀਂ ਜਾਇਆ ਜਾਂਦਾ ਕੇਵਲ ਗਿੱਦੜ ਯੂਨੀਅਨ ਜ਼ਿੰਦਾਬਾਦ ਦਾ ਕੰਮ ਹੀ ਕੀਤਾ ਜਾਂਦਾ ਹੈ। ਗਿੱਦੜ ਚੀਕ ਕਈ ਵਾਰ ਚੇਤੇ ਆ ਜਾਂਦੀ ਹੈ ਬੰਦੇ ਹਾਲਾਂਕਿ ਸੋਚਣ ਸਮਝਣ ਦੀ ਤਾਕਤ ਨਾਲ ਲੈਸ ਹੁੰਦੇ ਹਨ ਪਰ ਕਈ ਹਾਲਤਾਂ ਵਿਚ ਇਹ ਗਿੱਦੜ ਦੇ ਪੈਰੋਕਾਰ ਹੀ ਬਣ ਜਾਂਦੇ ਹਨ ਪਰ ਇਹ ਮਨੁੱਖੀ ਕਾਰ-ਵਿਹਾਰ ਵਿਚ ਹਾਨੀਕਾਰਕ ਸਿੱਧ ਹੁੰਦੀ ਹੈ। ਕਿਉਂਕਿ ਗਲਤ-ਠੀਕ ਦਾ ਫਰਕ ਖਤਮ ਹੋ ਜਾਂਦਾ ਹੈ।

ਕਈ ਵਾਰ ਚੀਕਾਂ ਸੰਘ ਪਾੜਨ ਜਾਂ ਸਿਰ ਪੋਲ ਕਰਨ ਦਾ ਕੰਮ ਹੀ ਕਰਦੀਆਂ ਹਨ। ਸਾਡੇ ਜਦੋਂ ਸਮਾਜਵਾਦ ਦੀ ਚੜ੍ਹਤ ਵੇਲੇ ਮੁਲਾਜ਼ਮ, ਮਜ਼ਦੂਰ, ਜਥੇਬੰਦੀਆਂ ਦਾ ਜ਼ੋਰ ਹੁੰਦਾ ਸੀ ਉਥੋਂ ਕਈ ਵਾਰ ਬਗੈਰ ਸੋਚੇ ਪਰਖੇ ਗਿੱਦੜ ਚੀਕ ਪੈਣ ਲੱਗ ਪੈਂਦੀ ਸੀ। ਅਫਸਰਸ਼ਾਹੀ ਭਾਵੇ ਅਫਸਰ ਲੋਕ ਮਾਰਖਾਨੇਦਾਰ ਕੋਈ ਮਜ਼ਦੂਰ ਤੇ ਮੁਲਾਜ਼ਮ ਦੇ ਸ਼ਰੀਕ ਯਾਨਿ ਕਿ ਦੁਸ਼ਮਣ ਸਮਝੇ ਜਾਂਦੇ ਹਨ। ਨਤੀਜੇ ਵਜੋਂ ਜੇ ਕੋਈ ਈਮਾਨਦਾਰ ਅਫਸਰ ਵੀ ਕਿਸੇ ਗੈਰ-ਜ਼ਿੰਮੇਵਾਰ ਮੁਲਾਜ਼ਮ ਨੂੰ ਡਿਊਟੀ ਪ੍ਰਤੀ ਸੁਚੇਤ ਕਰਦਾ ਤਾਂ ਉਸ ਖਿਲਾਫ ਵੀ 'ਅਫਰਸ਼ਾਹੀ ਮੁਰਦਾਬਾਦ' ਅਤੇ 'ਮੁਲਾਜ਼ਮ ਏਕਤਾ ਜ਼ਿੰਦਾਬਾਦ' ਦਾ ਬੈਂਡ ਵਾਜਾ ਵੱਜਣ ਲੱਗ ਪੈਂਦਾ ਸੀ। ਇਸੇ ਪ੍ਰਕਾਰ ਕਿਸੇ ਨੇਕ ਨੀਤ ਕਾਰਖਾਨੇ ਦੇ ਮਾਲਿਕ ਵਲੋਂ ਜੇ ਕਿਸੇ ਮਜਬੂਰੀ ਵੱਸ ਮਜ਼ਦੂਰਾਂ ਨੂੰ ਕੁਝ ਆਖ ਦਿੱਤਾ ਜਾਂਦਾ ਤਾਂ ਵੀ ਸਰਮਾਏਦਾਰੀ ਮੁਰਦਾਬਾਦ ਤੇ ਮਜ਼ਦੂਰ ਏਕਤਾ ਜ਼ਿੰਦਾਬਾਦ ਦਾ ਸੰਗੀਤ ਸ਼ੁਰੂ ਹੋ ਜਾਂਦਾ ਸੀ। ਲਿਖਣ ਦਾ ਭਾਵ ਇਹ ਨਹੀਂ ਕਿ ਭ੍ਰਿਸ਼ਟ ਅਫਸਰਾਂ ਤੇ ਗਰੀਬਮਾਰ ਕਾਰਖਾਨੇਦਾਰ ਜਾਂ ਸਰਮਾਏਦਾਰ ਦਾ ਵਿਰੋਧ ਨਾ ਕੀਤਾ ਜਾਵੇ।

ਅਸੀਂ ਆਪ ਸਮਾਜਵਾਦੀ ਵਿਚਾਰਧਾਰਾ ਰੱਖਦੇ ਹਾਂ ਤੇ ਇਸ ਦੇ ਪਤਨ 'ਤੇ ਵੀ ਦੁਖੀ ਵੀ ਹਾਂ ਪਰ ਹਰ ਕੇਸ ਜਾਂ ਸਮੱਸਿਆ ਦੀ ਘੋਖ ਜ਼ਰੂਰ ਹੋਣੀ ਚਾਹੀਦੀ ਹੈ ਤੇ ਘੋਟਾ ਲਗਾ ਕੇ ਚੀਕ ਚੰਘਿਆੜਾ ਨਹੀਂ ਪਾਉਣਾ ਚਾਹੀਦਾ ਜੇ ਕੋਈ ਵਿਰੋਧ ਕਰਨ ਦੇ ਯੋਗ ਹੈ ਤਾਂ ਵਿਰੋਧ ਡੱਟ ਕੇ ਹੋਣਾ ਚਾਹੀਦਾ ਹੈ ਪਰ ਜੇ ਕੋਈ ਨੇਕ ਅਫਸਰ ਜਾਂ ਸਰਮਾਏਦਾਰ ਡਿਊਟੀ ਚੰਗੀ ਤਰ੍ਹਾਂ ਕਰਨ ਲਈ ਆਖੇ ਜਾਂ ਤਾੜੇ ਤਾਂ ਇਸ ਵਿਰੁੱਧ ਗਿੱਦੜ ਚੀਕ ਘਾਤਕ ਸਿੱਧ ਹੁੰਦੀ ਹੈ।

ਸਮਾਜਵਾਦ ਦਾ ਪਤਨ ਤੇ ਨਿਜੀਕਰਨ ਜਾਂ ਪੂੰਜੀਵਾਦ ਦੀ ਚੜ੍ਹਤ ਦਾ ਇਕ ਵੱਡਾ ਕਾਰਨ ਜਥੇਬੰਦੀਆਂ ਦੀਆਂ ਗਿੱਦੜ ਚੀਕਾਂ ਹਨ। "ਮੇਰੇ ਹੱਕ ਇਥੇ ਰੱਖ" ਉਤੇ ਜ਼ੋਰ ਦਿੱਤਾ ਗਿਆ ਤੇ ਕਾਮੇ ਨੂੰ ਫਰਜ਼ ਪੂਰਤੀ ਬਾਰੇ ਅਵੇਸਲਾ ਕਰ ਛੱਡਿਆ। ਪੈਦਾਵਾਰ ਘੱਟ ਗਈ ਕੰਮ ਚੋਰੀ ਭਾਰੂ ਹੋ ਗਈ ਇਸ ਸਮਾਜਵਾਦ ਦਾ ਚੰਗਾ ਭਲਾ ਸੰਕਲਪ ਬਦਨਾਮ ਹੋ ਕੇ ਰਹਿ ਗਿਆ। ਸਪੱਸ਼ਟ ਹੈ ਕਿ ਗਿੱਦੜ ਚੀਕ ਮਾਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ। ਪਹਿਲੀ ਚੀਕ ਦੇ ਠੀਕ ਗਲਤ ਹੋਣ ਬਾਰੇ ਪੂਰੀ ਤਰ੍ਹਾਂ ਪੁਣ ਛਾਣ ਕਰਕੇ ਹੀ ਅਗਾਂਹ ਕਦਮ ਪੁੱਟਣਾ ਚਾਹੀਦਾ ਹੈ। ਜੇ ਪਹਿਲੀ ਚੀਕ ਠੀਕ ਨਾ ਲੱਗੇ ਤਾਂ ਉਸ ਨੂੰ ਸਮਝਾ ਕੇ ਚੁੱਪ ਕਰਾਉਣਾ ਚਾਹੀਦਾ ਹੈ।

ਨਿਰਾ ਕੋੜਮੇ ਤੇ ਕਬੀਲੇ ਦੇ ਅਸਰ ਹੇਠ ਨਹੀਂ ਆਉਣਾ ਚਾਹੀਦਾ ਕਾਮਰੇਡ ਜਾਂ ਸਾਥੀ ਹੋਣਾ ਮਾੜਾ ਨਹੀਂ ਪਰ ਅਨ੍ਹੇਵਾਹ ਇਕ ਦੂਜੇ ਦੇ ਮਗਰ ਲੱਗਣਾ ਹਾਨੀਕਾਰਕ ਹੁੰਦਾ ਹੈ। ਇੰਝ "ਹਮ ਤੋ ਡੂਬੇ ਹੈਂ ਸਨਮ, ਤੁਝ ਕੋ ਭੀ ਲੇ ਕੇ ਡੂਬੇਂ ਗੇਂ" ਵਾਲਾ ਕੰਮ ਵੀ ਹੋ ਜਾਂਦਾ ਹੈ। ਇਸ ਲਈ ਸਾਥ ਅਕਲ ਨਾਲ ਹੋਣਾ ਚਾਹੀਦਾ ਹੈ। ਨਾ ਕਿ ਗਿੱਦੜ ਚੀਕ ਦੇ ਨੁਸਖੇ ਮੁਤਾਬਕ। ਗਿੱਦੜ ਚੀਕ ਗਿੱਦੜਾਂ ਲਈ ਹੀ ਠੀਕ ਹੈ ਬੰਦਿਆਂ ਲਈ ਨਹੀਂ ਬੰਦਿਆਂ ਨੂੰ ਤਾਂ "ਏ ਭਾਈ ਜ਼ਰਾ ਦੇਖ ਕੇ ਚਲੋ" ਚੇਤੇ ਰੱਖਣਾ ਚਾਹੀਦਾ ਹੈ।

-ਰਾਜਿੰਦਰ ਪਾਲ ਸ਼ਰਮਾ

# ਵਿਅੰਗ

## ਲੀਡਰਾਂ ਤੇ ਮਾਸਟਰਾਂ ਦੀ ਬੱਲੇ-ਬੱਲੇ

ਜਿਸ ਤਰ੍ਹਾਂ ਦਲੀਲ ਤੇ ਵਕੀਲ ਦਾ ਸਬੰਧ ਹੈ, ਉਸੇ ਤਰ੍ਹਾਂ ਲੀਡਰ ਤੇ ਲੈਕਚਰ ਦਾ ਹੈ। ਜਿਹੜਾ ਬੰਦਾ ਲੈਕਚਾਰ ਨਹੀਂ ਕਰ ਸਕਦਾ, ਉਹ ਲੀਡਰ ਨਹੀਂ ਹੋ ਸਕਦਾ। ਕੰਮ ਜਾਂ ਕਿੱਤਾ, ਜੋ ਅਜਿਹਾ ਹੈ ਪਰ ਲੀਡਰ ਵੀ ਹਰੇਕ ਨਹੀਂ ਬਣ ਸਕਦਾ। ਵਿਸ਼ੇਸ਼ ਰੁਚੀ ਤੇ ਰੁਝਾਨ ਦੀ ਲੋੜ ਹੁੰਦੀ ਹੈ। ਇਕ ਵਾਰ ਇਕ ਮੁਹੱਲੇ ਵਾਲੇ ਇਸ ਗੱਲੋਂ ਔਖੇ ਸਨ ਕਿ ਜਦੋਂ ਵੀ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਮਾੜਾ ਮੋਟਾ ਕੰਮ ਪੈਂਦਾ ਸੀ ਤਾਂ ਉਨ੍ਹਾਂ ਨੂੰ ਹੋਰ ਮੁਹੱਲੇ ਤੋਂ ਕੋਈ ਲੀਡਰ ਨਾਲ ਲੈ ਕੇ ਜਾਣਾ ਪੈਂਦਾ ਸੀ। ਇਕ ਦਿਨ ਮੁਹੱਲੇ ਦਾ ਇਕੱਠ ਹੋਇਆ ਤੇ ਸਾਰਿਆਂ ਨੇ ਲੀਡਰ ਦੀ ਘਾਟ ਬਾਰੇ ਵਿਚਾਰ ਕੀਤਾ। ਫੈਸਲਾ ਇਹ ਹੋਇਆ ਕਿ ਕੋਈ ਮੁਹੱਲੇ ਵਿਚੋਂ ਲੀਡਰ ਪੈਦਾ ਕੀਤਾ ਜਾਵੇ ਤਾਂ ਜੋ ਦੂਜਿਆਂ ਦੇ ਮਗਰ ਫਿਰਨ ਵਿਚ ਹੁਣ ਜਿਹੜਾ ਲੜਕਾ ਪੈਦਾ ਹੋਏਗਾ, ਉਸ ਨੂੰ ਲੀਡਰ ਬਣਾਓ। ਸੁਭਾਵਿਕ ਤੌਰ 'ਤੇ ਕਿਸੇ ਘਰ ਲੜਕਾ ਪੈਦਾ ਹੋ ਗਿਆ। ਸਾਰਾ ਮੁਹੱਲਾ ਉਸ ਨੂੰ ਆਪਣਾ ਹੀ ਸਮਝਦਾ ਸੀ ਕਿਉਂਕਿ ਲੀਡਰ ਦੀ ਘਾਟ ਪੂਰੀ ਹੋਣ ਦੀ ਉਸ ਤੋਂ ਆਸ ਸੀ। ਉਸ ਦੀ ਸੇਵਾ ਤੇ ਖਾਤਿਰਦਾਰੀ ਵੀ ਸਭ ਕਰਦੇ ਸਨ। ਆਸ਼ੀਰਵਾਦ ਤੇ ਸ਼ੁੱਭ ਇੱਛਾਵਾਂ ਉਸ ਸੰਭਾਵੀ ਲੀਡਰ ਨੂੰ ਮਿਲਦੀਆਂ ਸਨ।

ਹੌਲੀ ਹੌਲੀ ਉਹ ਵੱਡਾ ਹੁੰਦਾ ਗਿਆ ਤੇ ਮੁਹੱਲੇ ਵਾਲੇ ਖੁਸ਼ ਹੁੰਦੇ ਗਏ ਪਰ ਉਸ ਮੁੰਡੇ ਨੇ ਘਰਵਾਲਿਆਂ ਨੂੰ ਦੁਕਾਨ ਪਾ ਕੇ ਦੇਣ ਲਈ ਆਖ ਦਿੱਤਾ। ਲੀਡਰਾਂ ਵਾਲੇ ਜਰਾਸੀਮ ਉਸ ਵਿਚ ਉੱਕਾ ਹੀ ਨਹੀਂ ਸਨ। ਜਦੋਂ ਮੁਹੱਲੇ ਵਾਲਿਆਂ ਨੂੰ ਉਸ ਦੀ ਇੱਛਾ ਬਾਰੇ ਪਤਾ ਲੱਗਾ ਤਾਂ ਉਹ ਭੱਜੇ-ਭੱਜੇ ਮੁੰਡੇ ਦੇ ਘਰ ਆਏ। ਉਸਨੂੰ ਸਮਝਾਉਣ ਲੱਗੇ ਕਿ ਅਸੀਂ ਤਾਂ ਸਾਰਾ ਜ਼ੋਰ ਤੈਨੂੰ ਲੀਡਰ ਬਣਾਉਣ 'ਤੇ ਲਾਇਆ ਸੀ ਪਰ ਤੂੰ ਲੂਣ-ਤੇਲ ਵੇਚਣ ਲਈ ਜ਼ਿੱਦ ਫੜੀ ਬੈਠਾ ਹੈ ਪਰ ਮੁੰਡੇ ਨੇ ਸਾਫ ਕਹਿ ਦਿੱਤਾ ਕਿ ਉਸਨੂੰ ਲੀਡਰੀ ਦਾ ਕੋਈ ਸ਼ੌਕ ਨਹੀਂ ਤੇ ਦੁਕਾਨ ਹੀ ਕਰੇਗਾ। ਮੁਹੱਲੇ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਪਰੋਕਤ ਤੋਂ ਸਪੱਸ਼ਟ ਹੈ ਕਿ ਸੁਭਾਵਿੱਕ ਰੁਝਾਨ ਤੇ ਰੁਚੀ ਬਗੈਰ ਬੰਦਾ ਨਾ ਤਾਂ ਲੀਡਰ ਬਣ ਸਕਦਾ ਹੈ ਤੇ ਨਾ ਕੋਈ ਹੋਰ ਮੱਲ ਮਾਰ ਸਕਦਾ ਹੈ। ਹਰ ਕੰਮ ਵਿਚ ਸਫਲਤਾ ਲਈ ਵਿਸ਼ੇਸ਼ ਰੁਚੀ ਦੀ ਲੋੜ ਹੁੰਦੀ ਹੈ। ਆਉਂਦੇ ਹਾਂ ਲੀਡਰ ਲੈਕਚਰ ਵੱਲ। ਲੀਡਰ ਨੂੰ ਆਮ ਜਨਤਕ ਭਾਸ਼ਣ ਤਾਂ ਕਰਨੇ ਹੀ ਪੈਂਦੇ ਹਨ। ਵਿਸ਼ੇਸ਼ ਕਰਕੇ ਚੋਣਾਂ ਦੇ ਨੇੜੇ ਜਾ ਕੇ ਤਾਂ ਲੈਕਚਰਾਂ ਦੀ ਧੂੜ ਵਰ੍ਹਾਉਣੀ ਪੈਂਦੀ ਹੈ। ਆਮ ਹਾਲਾਤ ਵਿਚ ਵੀ ਕਦੇ ਟੂਰਨਾਮੈਂਟ ਦੇ ਉਦਘਾਟਨ ਜਾਂ ਸਮਾਪਤੀ 'ਤੇ ਬੋਲਣਾ ਪੈਂਦਾ ਹੈ ਤੇ ਕਈ ਵਾਰ ਕਿਸੇ ਮੇਲੇ ਮੁਸ਼ਾਵੇ 'ਤੇ। ਹੋਰ ਤਾਂ ਹੋਰ ਸਾਡੇ ਸਮਾਜਿਕ ਸਮਾਗਮਾਂ ਵਿਚ ਵੀ ਲੀਡਰਾਂ ਦੇ ਭਾਸ਼ਣ ਉਰਫ ਲੈਕਚਰ ਆਮ ਚੱਲਦੇ ਹਨ। ਕਈਆਂ ਦੀ ਤਾਂ ਲੀਡਰਾਂ ਨਾਲ ਨੇੜਤਾ ਹੁੰਦੀ ਹੈ ਤੇ ਬਹੁਤੇ ਸਾਡੇ ਜਿਹੇ ਖਿੱਚ ਧੂਹ ਕੇ ਲੀਡਰਾਂ ਨੂੰ ਸੱਦ ਲੈਂਦੇ ਹਨ। ਮਰਗਤ ਦੇ ਭੋਗ ਤੇ ਦੋ-ਚਾਰ ਲੀਡਰਾਂ ਵਲੋਂ 'ਸ਼ਰਧਾਂਜਲੀ ਲੈਕਚਾਰ' ਆਮ ਹੁੰਦੇ ਹਨ। ਵਿਆਹ ਮੰਗਣਾ ਵੀ ਇਨ੍ਹਾਂ ਬਗੈਰ ਨਹੀਂ ਸਜਦਾ। ਜੇ ਕਿਤੇ ਇਥੇ ਵੀ ਦੋ-ਚਾਰ ਲਫਜ਼ ਬੋਲਣੇ ਹੋਣ ਤਾਂ ਲੀਡਰ ਸਾਹਿਬ ਨੂੰ ਹੀ ਕਸ਼ਟ ਦਿੱਤਾ ਜਾਂਦਾ ਹੈ। ਉਂਝ ਇਹ ਵੀ ਸਪੱਸ਼ਟ ਹੈ ਕਿ ਲੀਡਰ ਹਰੇਕ ਨਹੀਂ ਬਣ ਸਕਦਾ। ਲੋਕ ਰਾਜ ਵਿਚ ਚਾਹੇ ਅਚੋਵਾਈ ਤਾਂ ਕਈਆਂ ਨੂੰ ਹੁੰਦੀ ਹੈ ਕਿ ਲੀਡਰੀ ਵਿਚ ਪੈਰ ਧਰਿਆ ਜਾਵੇ ਪਰ ਵਿਸ਼ੇਸ਼ ਯੋਗਤਾ ਬਗੈਰ ਕੁਝ ਪੱਲੇ ਨਹੀਂ ਪੈਂਦਾ। ਸਰਕਾਰੇ-ਦਰਬਾਰੇ ਚੱਲਦੀ ਹੈ ਤੇ ਸਮਾਜ ਵਿਚ ਪੂਰੀ ਸ਼ਾਨ ਹੁੰਦੀ ਹੈ। ਕਈਆਂ ਦੇ ਕੰਮ ਕਰਾਉਣ ਦੀ ਸਮੱਰਥਾ ਹੁੰਦੀ ਹੈ। ਇਸੇ ਕਾਰਨ ਤਾਂ ਮੁਹੱਲੇ ਵਾਲੇ ਲੀਡਰ ਪੈਦਾ ਕਰਨਾ ਚਾਹੁੰਦੇ ਸਨ। ਆਪਣਾ ਲੀਡਰ ਹੋਵੇ ਤਾਂ ਬੰਦਾ ਮਾਣ ਨਾਲ ਬਾਂਹ ਫੜ ਕੇ ਤੋਰਨ ਜੋਗਾ ਹੁੰਦਾ ਹੈ। ਸਾਡੇ ਅਜੇ ਕੌਮੀ ਪੱਧਰ 'ਤੇ ਕਹਿਣੀ ਤੇ ਕਰਨੀ ਦਾ ਸੁਮੇਲ ਸਥਾਪਿਤ ਨਹੀਂ ਹੋ ਸਕਿਆ।



ਨੈਤਿਕ ਸੋਚ ਦੀ ਘਾਟ ਕਾਰਨ ਲੀਡਰਾਂ ਦੇ ਲੈਕਚਾਰਾਂ ਦੀ ਵਿਸ਼ਵਾਸ ਯੋਗਤਾ ਦੀ ਘਾਟ ਜ਼ਰੂਰ ਹੁੰਦੀ ਹੈ ਪਰ ਆਸ ਕਰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਠੱਲ ਪਏਗੀ ਤੇ ਫਿਰ ਕਹਿਣੀ ਤੇ ਕਰਨੀ ਦਾ ਵੀ ਸੁਮੇਲ ਹੋ ਜਾਏਗਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੈਕਚਰ ਬਗੈਰ ਸਫਲ ਲੀਡਰ ਹੋਣਾ ਔਖਾ ਹੈ, ਬਲਕਿ ਅਸੰਭਵ ਹੈ। ਲੀਡਰ ਤੇ ਲੈਕਚਾਰ ਦਾ ਇੰਨਾ ਹੀ ਗੂੜ੍ਹਾ ਰਿਸ਼ਤਾ ਹੈ, ਜਿੰਨਾ ਵਕੀਲ ਤੇ ਦਲੀਲ ਦਾ। ਸੋ ਲੀਡਰ ਤੇ ਲੈਕਚਰ ਜ਼ਿੰਦਾਬਾਦ!

-ਰਾਜਿੰਦਰ ਪਾਲ ਸ਼ਰਮਾ

# ਮਿੰਨੀ ਕਹਾਣੀਆਂ

## ਸੁਧਾਰ

"ਦੇਖੋ ਜੀ, ਮੈਂ ਹੋਰ ਤਾਂ ਸਭ ਕੁਝ ਬਰਦਾਸ਼ਤ ਕਰ ਸਕਦੀ ਹਾਂ ਪਰ ਕਿਸੇ ਦੀ ਟੋਕਾ ਟਾਕੀ ਮੈਨੂੰ ਬਿਲਕੁਲ ਬਰਦਾਸ਼ਤ ਨਹੀਂ।" ਵਿਆਹ ਦੇ ਪਹਿਲੇ ਦਿਨਾਂ ਵਿਚ ਹੀ ਮੇਰੀ ਪਤਨੀ ਦਾ ਆਦੇਸ਼।

ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਹੁੰਦੀ ਰਹ। ਇਕ ਦਿਨ ਕੁਵੇਲੇ ਜਿਹੇ ਮੇਰਾ ਸਾਲਾ ਆ ਗਿਆ। ਰੋਟੀ ਖਾਣ ਲੱਗਿਆਂ ਮੂੰਹ ਵਿਚ ਇਕ ਬੁਰਕੀ ਪਾਈ ਸੀ ਕਿ ਉਸ ਦੀ ਸਪਾਟ ਪੇਂਡੂ ਬੋਲੀ ਨੇ ਆਪਣੀ ਭੈਣ ਨੂੰ ਝੰਜੋੜ ਸੁੱਟਿਆ, "ਕੁੜੀਏ! ਤੂੰ ਤਾਂ ਸੰਨ੍ਹੀ ਹੀ ਰਲਾ ਰੱਖੀ ਹੈ, ਐਨਾ ਲੂਣ, ਮਾਸੜ ਜੀ ਤਾਂ ਪਹਿਲਾਂ ਹੀ ਬੀ ਪੀ ਦੇ ਮਰੀਜ ਐ, ਮਾਰਨਾ ਇਨ੍ਹਾਂ ਨੂੰ?

ਸਾਡੇ ਵਲੋਂ ਵੀ ਕੋਈ ਪ੍ਰਤੀਕਰਮ ਨਾ ਕਰਨ 'ਤੇ ਉਸ ਨੇ ਸਾਨੂੰ ਵੀ ਕਸੂਰਵਾਰ ਠਹਿਰਾਉਂਦਿਆਂ ਆਖਿਆ, ਓਏ ਜੀਜੇ! ਭੈਣ ਤਾਂ ਬੇਵਕੂਫ ਹੈ ਹੀ, ਤੁਸੀਂ ਵੀ ਚੁੱਪ ਚਾਪ ਬੈਠੇ ਰੋਟੀ ਖਾਈ ਜਾ ਰਹੇ ਹੋ, ਆਪਣੀ ਨੂੰਹ ਨੂੰ ਐਨਾ ਹੀ ਨਹੀਂ ਸਮਝਾ ਸਕਦੇ ਕਿ ਭਾਈ ਲੂਣ ਘੱਟ ਪਾਇਆ ਕਰ। ਉਸ ਦਿਨ ਤੋਂ ਬਾਅਦ ਸਾਡੇ ਘਰ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ।

-ਰਘਬੀਰ ਸਿੰਘ ਮਹਿਮੀ



## ਫਰਕ

"ਮੰਮੀ ਮੈਂ ਕਾਲਜ ਲਈ ਲੇਟ ਹੋ ਗਿਆ। ਰੋਟੀ ਲੈ ਆਓ।" ਗੁਰਿੰਦਰ ਨੇ ਸ਼ਰਟ ਦੇ ਬਟਣ ਲਗਾਉਂਦਿਆਂ ਆਪਣੀ ਮਾਂ ਨੂੰ ਕਿਹਾ। ਉਸੇ ਸਮੇਂ ਉਸ ਦੀ ਛੋਟੀ ਭੈਣ ਨੇ ਰੋਟੀ ਦੀ ਥਾਲੀ ਮੇਜ 'ਤੇ ਰੱਖ ਦਿੱਤੀ ਪਰ ਪਾਣੀ ਦਾ ਗਲਾਸ ਮੇਜ 'ਤੇ ਰੱਖਣ ਲੱਗੇ ਉਸ ਦੇ ਹੱਥੋਂ ਫਿਸਲ ਗਿਆ ਤੇ ਥੋੜ੍ਹਾਂ ਜਿਹਾ ਪਾਣੀ ਗੁਰਿੰਦਰ ਦੀ ਸ਼ਰਟ 'ਤੇ ਡਿੱਗ ਪਿਆ।

ਗੁਰਿੰਦਰ ਆਪਣੀ ਭੈਣ 'ਤੇ ਗੁੱਸੇ ਹੋਣ ਲੱਗਾ ਤਾਂ ਉਸ ਦੀ ਭੈਣ ਨੇ ਡਰਦਿਆਂ ਕਿਹਾ, "ਪਾਣੀ ਹੀ ਹੈ, ਸੁੱਕ ਜਾਵੇਗਾ।" ਗੁਰਿੰਦਰ ਨੇ ਗੁੱਸੇ ਵਿਚ ਰੋਟੀ ਦੀ ਥਾਲੀ ਪਰ੍ਹੇ ਧੱਕ ਦਿੱਤੀ। ਉਸ ਦੀ ਮਾਂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਅਣ-ਸੁਣਿਆ ਕਰ ਦਿੱਤਾ ਤੇ ਕਾਲਜ ਵੱਲ ਤੁਰ ਪਿਆ। ਪਹਿਲਾ ਪੀਰੀਅਡ ਲਗਾਉਣ ਤੋਂ ਬਾਅਦ ਉਹ ਕੰਟੀਨ ਚਲਾ ਗਿਆ। ਉਹ ਖਾਣ ਲਈ ਕੁਝ ਮੰਗਵਾਉਂਦਾ, ਐਨੇ ਵਿਚ ਨਿੱਕੀ ਆ ਗਈ। ਨਿੱਕੀ ਉਸ ਦੇ ਨਾਲ ਪੜ੍ਹਦੀ ਸੀ ਤੇ ਦੋਨਾਂ ਵਿਚ ਚੰਗੀ ਬਣਦੀ ਸੀ। ਨਿੱਕੀ ਉਸ ਦੀ ਸਾਹਮਣੀ ਕੁਰਸੀ 'ਤੇ ਬੈਠ ਗਈ ਪਰ ਜਦੋਂ ਉਸ ਨੇ ਆਪਣਾ ਕਿਤਾਬਾਂ ਵਾਲਾ ਬੈਗ ਮੈਜ 'ਤੇ ਰੱਖਿਆ ਤਾਂ ਬੈਗ ਸਾਹਮਣੇ ਪਈ ਸੌਸ ਦੀ ਬੋਤਲ ਨਾਲ ਟਕਰਾਹਿਆ। ਸਰਾ ਸੌਸ ਗੁਰਿੰਦਰ ਦੇ ਕੱਪੜਿਆਂ 'ਤੇ ਡਿੱਗ ਪਿਆ। ਨਿੱਕੀ ਨੇ ਹਲਕੀ ਜਿਹੀ ਸੌਰੀ ਆਖੀ ਤਾਂ ਗੁਰਿੰਦਰ ਨੇ ਕੱਪੜੇ ਸਾਫ ਕਰਦਿਆਂ ਮੁਸਕਰਾ ਕੇ ਕਿਹਾ, ਕੋਈ ਗੱਲ ਨਹੀਂ।

-ਰੁਪਿੰਦਰ ਕੌਰ

# ਕਾਵਿ ਰਚਨਾ

## ਦੋ ਪਲ

ਕਿਸੇ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,
ਸੁਣੇ ਕੰਨ 'ਚ ਨਾ ਪਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।

-ਵਿਯੋਗੀ

# ਮਿੰਨੀ ਕਹਾਣੀ

## ਲੁੱਟੇ ਗਏ

ਪ੍ਰਾਂਤ ਵਿਚ ਪੰਚਾਹਿਤ ਸਮਿਤੀਆਂ ਤੇ ਪੰਚਾਇਤਾਂ ਦੀਆਂ ਚੋਣਾਂ ਹੋ ਰਹੀਆਂ ਸਨ। ਦੋਵਾਂ ਮੁੱਖ ਪਾਰਟੀਆਂ ਨੇ ਚੋਣ ਬੂਥ ਅਤੇ ਚੋਣ ਡੱਬੇ ਆਪਣੇ ਕਬਜ਼ੇ ਵਿਚ ਕਰਨ ਲਈ ਬਿਹਾਰ ਤੋਂ ਤਜਰਬੇਕਾਰ ਚੋਣ ਮਾਫੀਆ ਆਗੂ ਲੈ ਆਂਦੇ ਸਨ। ਦੋਵਾਂ ਮੁੱਖ ਪਾਰਟੀਆਂ ਦੇ ਲੱਠਬਾਜ਼ਾਂ ਲਈ ਅੱਜ ਕੱਲ੍ਹ ਬਹੁਤ ਕੰਮ ਸੀ। ਉਨ੍ਹਾਂ ਨੇ ਚੋਣਾਂ ਦੇ ਦਿਨਾਂ ਵਿਚ ਕਬਜ਼ਿਆਂ, ਥਾਣਿਆਂ ਵਿਚ ਬੰਦਾ ਫਸਾਉਣਾ ਫੇਰ ਛੁਡਾਉਣਾ ਆਦਿ ਦਾ ਧੰਦਾ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਸੀ।

ਗੈਂਗ ਜੁੱਟ ਬਣ ਗਏ ਸਨ। ਧਰਮ, ਜਾਤ, ਗੋਤ, ਬਰਾਦਰੀ, ਲਾਲਚ, ਧਮਕੀ, ਰੋਆਬ, ਸ਼ਰਾਬ, ਭੁੱਕੀ, ਸਮੈਕ ਆਦਿ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਸੀ। ਬਹੁਤ ਥਾਈਂ ਨਾਮਜ਼ਦਗੀ ਪੱਤਰ ਗੁੰਮ ਹੋ ਗਏ ਸਨ। ਮਿਲੇ ਹੀ ਨਹੀਂ ਸਨ। ਕਈ ਥਾਈਂ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਗਏ। ਕਈ ਥਾਈਂ ਨਾਮਜ਼ਦਗੀ ਪੱਤਰ ਜਾਅਲੀ ਅਰਜ਼ੀਆਂ ਰਾਹੀਂ ਰਣ ਹੋ ਗਏ ਸਨ। ਰੌਲਾ ਪੈ ਗਿਆ ਸੀ, ਗੈਂਗ ਬਹੁਤੇ ਹੀ ਸਰਗਰਮ ਸਨ। ਮਹਿਲਾਂ ਦੇ ਭਵਨਾਂ ਦੇ ਕੰਨ ਅਤੇ ਅੱਖਾਂ ਬੰਦ ਸਨ। ਦੋਵਾਂ ਮੁੱਖ ਪਾਰਟੀਆਂ ਨੇ ਨਕਲੀ ਸ਼ਰਾਬਾਂ, ਮਿਲਾਵਟੀ ਸ਼ਰਾਬਾਂ, ਮਿਲਾਵਟੀ ਭੁੱਕੀ ਅਤੇ ਨਮਕ ਮਿਲੀ ਸਮੈਕ ਦੇ ਖੁੱਲ੍ਹੇ ਭੰਡਾਰੇ ਚਾਲੂ ਕੀਤੇ ਹੋਏ ਸਨ। ਪਿਆਕੜਾਂ ਦੀਆਂ ਪੌਂ ਬਾਰ੍ਹਾਂ ਸਨ। ਖਬਰ ਆਈ ਸੀ ਕਿ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮਿਲਾਵਟੀ ਜ਼ਹਿਰਲੀ ਸ਼ਰਾਬ ਪੀ ਕੇ 107 ਮੌਤਾਂ ਹੋ ਚੁੱਕੀਆਂ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਬਹੁਤ ਸਾਰੇ ਨਕਲੀ ਤੇ ਜ਼ਹਿਰੀਲੀ ਸ਼ਰਾਬ ਦੇ ਹੜ੍ਹ ਵਿਚ ਰੁੜ ਗਏ ਸਨ। ਸ਼ਰਾਬ ਯੁੱਧ ਜਾਰੀ ਸੀ। ਆਮ ਦਿਨਾਂ ਵਿਚ ਵੀ ਹਰ ਰੋਜ਼ ਦਸ ਕਰੋੜ ਰੁਪਏ ਦੀ ਸ਼ਰਾਬ ਪੀਤੀ ਜਾ ਰਹੀ ਸੀ। ਹੁਣ ਤਾਂ...

ਗੈਂਗ ਵਾਰ ਜਾਰੀ ਸੀ। ਸ਼ਰਾਬ, ਭੁੱਕੀ, ਅਫੀਮ ਦੀ ਮੁਫਤ ਸਪਲਾਈ ਜਾਰੀ ਸੀ। ਵੋਟਾਂ ਨੇੜੇ ਆ ਰਹੀਆਂ ਸਨ। ਵੱਖ ਵੱਖ ਪਿੰਡਾਂ ਵਿਚ ਜਬਰੀ ਸਰਬ ਸੰਮਤੀਆਂ ਕਰਵਾਈਆਂ ਜਾ ਰਹੀਆਂ ਸਨ। ਨਸ਼ੇੜੀ ਬਹੁਤੀ ਪੀ ਕੇ ਥਾਂ-ਥਾਂ ਡਿੱਗੇ ਪਏ ਸਨ। ਬੇਸੁਰਤਾ ਘੱਟ ਨਸ਼ਈ ਬੰਦੇ ਨੇ ਆ ਦੇ ਦੱਸਿਆ, ਓਏ ਆਪਣੇ ਪਿੰਡ ਵਿਚ ਤਾਂ ਸਰਬ ਸੰਮਤੀ ਹੋ ਗਈ ਹੇ। ਸ਼ਰਾਬ, ਭੁੱਕੀ, ਅਫੀਮ, ਚਰਸ ਬੰਦ, ਆਪਾਂ ਤਾਂ ਲੁੱਟੇ ਗਏ। ਹੈਂ ਸੱਚੀਂ ਸਰਬਸੰਮਤੀ ਹੋ ਗਈ। ਬੇਸੁਰਤ ਪੈ ਨਸ਼ੇੜੀ ਉਠ ਕੇ ਬਹਿ ਗਏ ਉੱਚੀ ਉੱਚੀ ਰੋਣ ਲੱਗੇ।

-ਪ੍ਰੋ. ਹਮਦਰਦਵੀਰ



# ਕਾਵਿ ਕਿਆਰੀ

## ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਲੈ ਕੇ ਇਸ
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ
ਤੋਂ, ਕਿਰਤੀ ਅਤੇ
ਤਮੀਜ਼ਾਂ ਵਾਲੇ,
ਭਾਰਤ ਮਾਂ ਦੇ ਰਾਜ ਦੁਲਾਰੇ,
ਲੇਖਾਂ ਨੂੰ ਚਮਕਾਉਣ ਦੀ ਖਾਤਿਰ,
ਸੋਨਾ ਨਿਰਾ ਕਮਾਉਣ
ਦੀ ਖਾਤਿਰ,
ਸਭ ਪਰਦੇਸ਼ੀਂ ਤੁਰ ਚੱਲੇ ਨੇ।
ਸੁੱਖਾਂ ਸੁੱਖ
ਜਵਾਨੀ ਆਈ, ਜਵਾਨੀ
ਵੀ ਨਾਲ ਲਿਆਈ,
ਭੁੱਖਾਂ ਦੇ ਸੰਤਾਪ ਬੁਰੇ ਨੇ,
ਥੋੜਾਂ ਦੇ ਅਹਿਸਾਸ
ਬੁਰੇ ਨੇ,
ਬੜੀ ਉਚੇਰੀ ਸਿੱਖਿਆ ਪਾ ਕੇ,
ਆਪਣੇ ਦੇਸ਼ ਵਿਚੋਂ
ਹੁਨਰ ਕਮਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ।
ਉਤੋਂ ਉਤੋਂ ਹੱਸਣ ਮਾਵਾਂ
ਹੰਝੂ ਕਿੱਦਾਂ
ਛੱਕਣ ਮਾਵਾਂ, ਮੱਚਦੇ ਹੋਏ
ਅੰਗਿਆਰ ਤੁਰੇ ਨੇ,
ਸੱਤ ਸਮੁੰਦਰੋਂ ਪਾਰ ਤੁਰੇ ਨੇ,
ਇਕ ਸੁਨਹਿਰੀ ਆਸ ਜਗਾ ਕੇ,
ਪਰ ਮਮਾ ਨੂੰ ਲਾਂਬੂ
ਲਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ,
ਸੱਖਣੇ ਸੱਖਣੇ
ਵਿਹੜੇ ਹੋ ਗਏ, ਰਹਿੰਦ ਖੂਹੰਦ
ਹੀ ਪਿੱਛੇ ਰਹਿ ਗਏ,
ਹੁਨਰ ਦੇਸ਼ ਦਾ ਮੰਡੀ ਵਿਕਿਆ
ਅਕਲਾਂ ਉਤੇ
ਪਹਿਰਾ ਲੱਗਿਆ, ਭੈਣ ਸਾਕ
ਬਚਾਉਣ ਦੀ ਖਾਤਿਰ,
ਆਪਣਾ ਕੱਲ੍ਹ ਰੁਸ਼ਨਾਉਣ
ਦੀ ਖਾਤਿਰ, ਸਭ
ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਦੀ ਇਸ ਮੰਡੀ ਅੰਦਰ,
ਆਪਾਂ ਵੀ ਕੁਝ ਬੋਲੀ
ਲਾਈਏ, ਆਪਣੇ ਇਲਮ
ਦੀ ਕੀਮਤ ਪਾਈਏ,
ਤੁਰਿਆ ਜਾਂਦਾ ਪੂਰ ਬਚਾਈਏ,
ਮਨ ਅੰਦਰ ਸ਼ੰਕਾਵਾਂ ਲੈ ਕੇ,
ਅੱਖਾਂ ਵਿਚ ਆਸ਼ਾਵਾਂ
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ
ਲੇਖਾਂ ਨੂੰ ਚਮਕਾਉਣ
ਦੀ ਖਾਤਿਰ
ਸੋਨਾ ਨਿਰਾ ਕਮਾਉਣ ਦੀ ਖਾਤਿਰ



# ਬੂਹੇ ਤੱਕਦੀਆਂ ਬੁੱਢੀਆਂ ਅੱਖਾਂ

**ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ।**

ਬਜ਼ੁਰਗ ਉਦਾਸ ਹਨ ਤੇ ਬੁਢਾਪਾ ਪਰੇਸ਼ਾਨ। ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ। ਉੱਨਤ ਆਵਾਜਾਈ ਦੇ ਸਾਧਨਾਂ ਕਾਰਨ ਮਨੁੱਖ ਹੁਣ ਰੁਜ਼ਗਾਰ ਦੇ ਸਿਲਸਿਲੇ ਵਿੱਚ ਦੂਰ-ਨੇੜੇ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਂਦਾ ਹੈ। ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਭਾਲਣਾ ਜਾਂ ਦੇਸ਼ ਦੇ ਹੀ ਕਿਸੇ ਦੁਰੇਡੇ ਇਲਾਕੇ ਵਿੱਚ ਜਾ ਕੇ ਨੌਕਰੀ ਕਰਨਾ ਅਤੇ ਉੱਥੇ ਹੀ ਵੱਸ ਜਾਣ ਦਾ ਚਲਨ ਬਹੁਤ ਵਧ ਗਿਆ ਹੈ। ਜਿਸ ਵੇਲੇ ਔਲਾਦ ਘਰ ਤੋਂ ਦੂਰ ਦੇਸ਼ ਜਾਂ ਵਿਦੇਸ਼ ਵੱਲ ਪਰਵਾਸ ਕਰਦੀ ਹੈ, ਉਦੋਂ ਮਾਂ-ਪਿਓ ਤੰਦਰੁਸਤ ਸਰੀਰਕ ਅਵਸਥਾ ਵਿੱਚ ਹੁੰਦੇ ਹਨ ਪਰ ਵਕਤ ਲੰਘਣ ਨਾਲ ਸਿਹਤ ਕਮਜ਼ੋਰ ਹੁੰਦੀ ਜਾਂਦੀ ਹੈ ਤੇ ਪਰਦੇਸ ਗਿਆਂ ਦੇ ਰੁਝੇਵੇਂ ਵਧਦੇ ਜਾਂਦੇ ਹਨ। ਨਤੀਜਾ ਹੁੰਦਾ ਹੈ ਸਹਾਰੇ ਦੀ ਉਮਰ ਵਿੱਚ ਸਹਾਰੇ ਤੋਂ ਰਹਿਤ ਜੀਵਨ। ਜਿਸ ਵਿਹੜੇ ਵਿੱਚ ਭੈਣ-ਭਰਾ, ਮਾਂ-ਬਾਪ ਦੀ ਬੁੱਕਲ ਵਿੱਚ ਕਈ ਵਰ੍ਹੇ ਇਕੱਠੇ ਖੇਡੇ ਹੁੰਦੇ ਹਨ ਮੁੜ ਕਿਸੇ ਸ਼ਗਨਾਂ ਦੇ ਮੌਕੇ ਜਾਂ ਦੁੱਖ ਦੀ ਘੜੀ ਹੀ ਇਕੱਠੇ ਹੁੰਦੇ ਹਨ। ਕਈ ਵਾਰ ਅਜਿਹੇ ਮੌਕੇ ਵੀ ਪੂਰਾ ਪਰਿਵਾਰ ਨਹੀਂ ਮਿਲਦਾ। ਪਰਿਵਾਰਾਂ ਵਿੱਚ ਘਟਦਾ ਮੋਹ ਤੇ ਸ਼ਖ਼ਸੀਅਤ ਦਾ ਟਕਰਾਅ ਵੀ ਬਜ਼ੁਰਗਾਂ ਦੇ ਇਕੱਲਿਆਂ ਰਹਿ ਜਾਣ ਦਾ ਕਾਰਨ ਬਣ ਗਿਆ ਹੈ। ਹਰ ਮਨੁੱਖ ਆਪਣੀ ਆਜ਼ਾਦੀ ਭਾਲ ਰਿਹਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਹਰੇਕ ਆਪਣੀ ਅਲੱਗ ਤੇ ਵਿਅਕਤੀਗਤ ਜਗ੍ਹਾ ਚਾਹੁੰਦਾ ਹੈ। ਇੱਕ-ਦੂਜੇ ਦੀ ਗੱਲ ਸੁਣਨੀ ਤੇ ਬਰਦਾਸ਼ਤ ਕਰਨੀ ਔਖਾ ਕੰਮ ਹੋ ਗਿਆ ਹੈ। ਅੱਗੇ ਕੌੜੀਆਂ-ਫਿੱਕੀਆਂ ਗੱਲਾਂ ਸੁਣ ਕੇ, ਕਰਕੇ ਵੀ ਲੋਕ ਇੱਕੋ ਘਰ ਵਿੱਚ ਰਹਿੰਦੇ ਸਨ ਪਰ ਹੁਣ 'ਕੱਠਿਆਂ ਰਹਿਣਾ ਔਖਾ ਲਗਦਾ ਹੈ। ਹੁਣ ਬਹੁਤ ਸਾਰੇ ਘਰ ਅਜਿਹੇ ਮਿਲ ਜਾਣਗੇ ਜਿਨ੍ਹਾਂ ਘਰਾਂ ਵਿੱਚ ਦੋ ਪੀੜ੍ਹੀਆਂ, ਇੱਕੋ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਂਝ ਤੋਂ ਬਗੈਰ ਵੱਖ-ਵੱਖ ਛੱਤਾਂ 'ਤੇ ਰਹਿੰਦੀਆਂ ਹਨ। ਅਜਿਹੇ ਮਾਂ-ਬਾਪ ਤੇ ਨੂੰਹਾਂ-ਪੁੱਤ ਹਨ ਜੋ ਇੱਕੋ ਘਰ ਵਿੱਚ ਰਹਿੰਦਿਆਂ ਵੀ ਕਈ-ਕਈ ਦਿਨ ਇੱਕ ਦੂਜੇ ਦੇ ਮੱਥੇ ਨਹੀਂ ਲੱਗਦੇ, ਗੱਲ ਕਰਨੀ ਤਾਂ ਬਹੁਤ ਦੂਰ ਦੀ ਗੱਲ ਹੈ। ਜਾਇਦਾਦ ਦੇ ਝਗੜਿਆਂ ਨੇ ਵੀ ਪਰਿਵਾਰਾਂ ਵਿੱਚ ਤਣਾਅ ਬਹੁਤ ਵਧਾ ਦਿੱਤਾ ਹੈ। ਇੱਕ ਪੀੜ੍ਹੀ ਜਾਇਦਾਦਾਂ ਸਿਰਜਦੀ ਹੈ ਜ਼ਿੰਦਗੀ ਨੂੰ ਸੌਖਿਆਂ ਕਰਨ ਜਾਂ ਫਿਰ ਮਾੜੇ ਚੰਗੇ ਵਕਤ ਵਿੱਚ ਇੱਕ ਸਹਾਇਕ ਰਾਸ਼ੀ ਵਜੋਂ ਵਰਤੇ ਜਾ ਸਕਣ ਲਈ ਪਰ ਬਾਅਦ ਵਿੱਚ ਅਜਿਹੀਆਂ ਜਾਇਦਾਦਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਬਜ਼ੁਰਗ ਪੀੜ੍ਹੀ ਅਜਿਹੀ ਜਾਇਦਾਦ ਨੂੰ ਆਪਣੇ ਬੁਢਾਪੇ ਦੀ ਸੁਰੱਖਿਆ ਵਜੋਂ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਜਦਕਿ ਨਵੀਂ ਪੀੜ੍ਹੀ ਇਸ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਜਾਂ ਕਿਸੇ ਹੋਰ ਮਨੋਰਥ ਲਈ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀ ਹੈ। ਮਸਲਾ ਫਿਰ ਟਕਰਾਅ ਵਾਲਾ ਬਣ ਜਾਂਦਾ ਹੈ। 'ਹਿੱਕ 'ਤੇ ਰੱਖ ਕੇ ਮਰਿਓ' ਜਾਂ 'ਜਾਇਦਾਦਾਂ ਨਾਲ ਨਹੀਂ ਜਾਣੀਆਂ' ਵਰਗੇ ਆਮ ਸੁਣੇ ਜਾਂਦੇ ਸੰਵਾਦ ਅਜਿਹੇ ਮੌਕਿਆਂ 'ਤੇ ਪੈਦਾ ਹੋਈ ਕੁੜੱਤਣ ਦੀ ਹੀ ਪੈਦਾਵਾਰ ਹਨ। ਬੁਢਾਪਾ ਜ਼ਿੰਦਗੀ ਦੀ ਢਲਾਣ ਦਾ ਸਮਾਂ ਹੈ। ਸਰੀਰਕ ਸਮਰੱਥਾ ਘਟ ਜਾਂਦੀ ਹੈ ਤੇ ਕਈ ਵਾਰ ਇਸ ਉਮਰੇ ਬਜ਼ੁਰਗ ਗੰਭੀਰ ਬੀਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਦਿਲ, ਸਾਹ, ਕੈਂਸਰ ਵਰਗੀਆਂ ਬੀਮਾਰੀਆਂ ਅਜਿਹੀਆਂ ਹਨ ਜੋ ਪੈਸਾ, ਵਕਤ ਅਤੇ ਸੁਚੱਜੀ ਸਰੀਰਕ ਸਾਂਭ ਸੰਭਾਲ ਦੀ ਮੰਗ ਕਰਦੀਆਂ ਹਨ। ਸਾਡੇ ਮੁਲਕ ਵਿੱਚ ਬਹੁਤ ਘੱਟ ਹੀ ਬਜ਼ੁਰਗ ਹਨ ਜਿਨ੍ਹਾਂ ਨੂੰ ਸਿਹਤ ਸੰਭਾਲ ਜਾਂ ਹੋਰ ਅਜਿਹੇ ਮਸਲਿਆਂ ਲਈ ਸਮਾਜਿਕ ਸੁਰੱਖਿਆ ਉਪਲਬਧ ਹੈ। ਕੁਝ ਫ਼ੀਸਦੀ ਸੇਵਾਮੁਕਤ ਸਰਕਾਰੀ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਸਭ ਨੂੰ ਆਪਣਾ ਬੋਝ ਖ਼ੁਦ ਹੀ ਚੁੱਕਣਾ ਪੈਂਦਾ ਹੈ। ਸਰਕਾਰੀ ਢਾਂਚੇ ਤੋਂ ਮਿਲਦੀਆਂ ਪੈਨਸ਼ਨਾਂ ਸਾਰਿਆਂ ਨੂੰ ਮੁਹੱਈਆ ਨਹੀਂ ਤੇ ਉਂਜ ਵੀ ਉਹ ਇੰਨੀਆਂ ਨਿਗੂਣੀਆਂ ਹੁੰਦੀਆਂ ਹਨ ਕਿ ਦਵਾਈ ਦਾਰੂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਅਜਿਹੇ ਸਮੇਂ ਵਿੱਚ ਬਜ਼ੁਰਗਾਂ 'ਤੇ ਖ਼ਰਚਣ ਵਾਸਤੇ ਨਾ ਕੋਈ ਪੈਸਾ ਕੱਢ ਕੇ ਰਾਜ਼ੀ ਹੈ, ਨਾ ਵਕਤ ਦੇ ਕੇ ਤੇ ਨਾ ਹੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲੈ ਕੇ। ਨਤੀਜਾ ਜਾਂ ਤਾਂ ਬਜ਼ੁਰਗ ਆਪਣੀ ਪੁਸ਼ਤੈਨੀ ਰਿਹਾਇਸ਼ 'ਤੇ ਹੱਡ ਰੋਲਦੇ ਜ਼ਿੰਦਗੀ ਕੱਢਦੇ ਹਨ ਜਾਂ ਫਿਰ ਪੁੱਤਾਂ ਦੀ ਮਿਹਰ ਸਦਕਾ ਦੋ-ਦੋ, ਚਾਰ-ਚਾਰ ਮਹੀਨੇ ਕਿਸੇ ਬੱਚੇ ਦੇ ਘਰ ਵਿੱਚ ਮਹੀਨੇਵਾਰ ਕਿਸ਼ਤਾਂ ਵਾਂਗ ਵੰਡੇ ਜਾਂਦੇ ਹਨ ਪਰ ਅੱਜ-ਕੱਲ੍ਹ ਪੁੱਤ ਧੀ ਵੀ ਇੱਕ-ਇੱਕ ਹੀ ਰਹਿ ਗਏ ਹਨ। ਇਸ ਲਈ ਆਉਂਦੇ ਵਰ੍ਹਿਆਂ ਵਿੱਚ ਹਾਲਾਤ ਹੋਰ ਗੰਭੀਰ ਹੋਣੇ ਹਨ ਕੁਝ ਸਮਾਂ ਪਹਿਲਾਂ ਦਿੱਲੀ ਅਤੇ ਉਸ ਦੇ ਨਾਲ ਜੁੜੇ ਇਲਾਕਿਆਂ ਵਿੱਚ ਕੀਤੇ ਸਰਵੇ ਰਾਹੀਂ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ 44 ਫ਼ੀਸਦੀ ਭਾਵ ਅੱਧੇ ਦੇ ਕਰੀਬ ਬਜ਼ੁਰਗ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਇਕੱਲਤਾ ਮਹਿਸੂਸ ਕਰਦੇ ਹਨ। ਇਹ ਅੰਕੜਾ ਪੇਂਡੂ ਖੇਤਰਾਂ ਵਿੱਚ 20 ਫ਼ੀਸਦੀ ਦੇ ਕਰੀਬ ਹੈ ਕਿਉਂਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਅਜੇ ਉਨੀ ਬੁਰੀ ਤਰ੍ਹਾਂ ਨਹੀਂ ਟੁੱਟੀ। ਜ਼ਿਆਦਾਤਰ ਬਜ਼ੁਰਗਾਂ ਨੇ ਇਕੱਲਤਾ ਦਾ ਕਾਰਨ ਪਰਿਵਾਰਕ ਮੈਂਬਰਾਂ ਨਾਲ ਘੱਟ ਗੱਲਬਾਤ ਜਾਂ ਸਮਾਜਿਕ ਮੇਲ-ਜੋਲ ਨਾ ਹੋਣਾ ਦੱਸਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਲੋਕਾਂ ਦੀ ਔਸਤਨ ਉਮਰ ਵੀ ਵਧ ਰਹੀ ਹੈ। ਸਾਲ 2011 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 9 ਕਰੋੜ ਬਜ਼ੁਰਗ ਹਨ ਜੋ ਕਿ ਅਗਲੇ ਪੰਦਰਾਂ ਸਾਲ ਵਿੱਚ ਭਾਵ 2026 ਤਕ ਦੁਗਣੇ ਹੋ ਜਾਣਗੇ। ਇਸ ਉਮਰ ਵਿੱਚ ਬਹੁਤ ਵਾਰੀ ਜੀਵਨ ਸਾਥੀ ਇੱਕ-ਦੂਜੇ ਦਾ ਸਰੀਰਕ ਤੌਰ 'ਤੇ ਵੀ ਸਾਥ ਛੱਡ ਚੁੱਕੇ ਹੁੰਦੇ ਹਨ। ਇੱਕ ਦੂਜੇ ਦਾ ਹੌਂਸਲਾ




ਬਣਾਈ ਰੱਖਣ ਜਾਂ ਵਕਤ ਬੇਵਕਤ ਇੱਕ ਦੂਜੇ ਦਾ ਛੋਟਾ ਮੋਟਾ ਕਾਜ ਸੰਵਾਰਨ ਲਈ ਉਨ੍ਹਾਂ ਦੇ ਕੋਲ ਕੋਈ ਆਪਣਾ ਸਹਾਰਾ ਨਹੀਂ ਹੁੰਦਾ। ਲੜਖੜਾਉਂਦੀਆਂ ਲੱਤਾਂ ਤੇ ਕੰਬਦੀਆਂ ਬਾਹਾਂ ਇੱਕ ਦੂਜੇ ਦੇ ਸਾਥ ਨਾਲ ਕੁਝ ਵਰ੍ਹੇ ਹੋਰ ਚੱਲ ਸਕਦੀਆਂ ਹਨ ਪਰ ਸਾਥੀ ਦਾ ਅਜਿਹਾ ਘਾਟਾ ਪੈ ਚੁੱਕਾ ਹੁੰਦਾ ਹੈ ਜਾਂ ਜ਼ਿੰਦਗੀ ਵਿੱਚ ਪੈਣਾ ਲਾਜ਼ਮੀ ਹੁੰਦਾ ਹੈ। ਸਥਿਤੀ ਕਈ ਵਾਰ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਸਾਰੀ ਉਮਰ ਇੱਕ-ਦੂਜੇ ਨਾਲ ਨਾ ਬਣੀ ਹੋਵੇ। ਇਹ ਸਥਿਤੀਆਂ ਬਦਲੀਆਂ ਜਾ ਸਕਦੀਆਂ ਹਨ। ਵਿਦੇਸ਼ਾਂ ਦਾ ਸਾਨੂੰ ਬਹੁਤ ਕੁਝ ਚੰਗਾ ਲੱਗਦਾ ਹੈ ਪਰ ਅਸੀਂ ਅਪਨਾਉਂਦੇ ਨਹੀਂ। ਵਿਦੇਸ਼ਾਂ ਵਿੱਚ ਵਿਦਿਆਰਥੀਆਂ ਨੂੰ ਕਮਿਊਨਿਟੀ ਸੇਵਾ ਵਾਸਤੇ ਸਵੈ-ਸੇਵਕ ਦੇ ਤੌਰ 'ਤੇ ਕੰਮ ਕਰਨਾ ਪੈਂਦਾ ਹੈ। ਕੋਈ ਵੀ ਡਿਗਰੀ ਜਾਂ ਕੋਰਸ ਦਾ ਸਰਟੀਫਿਕੇਟ ਦੇਣ ਤੋਂ ਪਹਿਲਾਂ ਉਨ੍ਹਾਂ ਲਈ ਤੀਹ ਘੰਟੇ ਜਾਂ ਪੰਜਾਹ ਘੰਟੇ ਦੀ ਅਜਿਹੀ ਸਮਾਜ ਸੇਵਾ ਕੀਤੀ ਹੋਣੀ ਜ਼ਰੂਰੀ ਹੁੰਦੀ ਹੈ। ਸਾਡੇ ਕੋਲ ਵਿਦਿਆਰਥੀਆਂ ਦੀਆਂ ਫ਼ੌਜਾਂ ਹਨ, ਉਨ੍ਹਾਂ ਕੋਲੋਂ ਲਏ ਕੁਝ ਘੰਟੇ ਬਜ਼ੁਰਗਾਂ ਨਾਲ ਬਿਤਾਉਣ ਲਈ ਵਰਤੇ ਜਾ ਸਕਦੇ ਹਨ। ਬਜ਼ੁਰਗਾਂ ਦਾ ਕੁਝ ਵਕਤ ਬਿਹਤਰ ਹੋ ਜਾਵੇਗਾ ਤੇ ਸ਼ਾਇਦ ਸਾਡੇ ਵਿਦਿਆਰਥੀ ਵੀ ਬਜ਼ੁਰਗਾਂ ਦੇ ਤਜਰਬਿਆਂ ਤੋਂ ਕੁਝ ਨਵੇਂ ਨੁਕਤੇ ਸਿੱਖ ਲੈਣ, ਜ਼ਿੰਦਗੀ ਨੂੰ ਸ਼ਿੰਗਾਰਨ ਵਾਸਤੇ ਜਾਂ ਉਨ੍ਹਾਂ ਦੀਆਂ ਗ਼ਲਤੀਆਂ ਦੇ ਸ਼ੀਸ਼ੇ ਵਿੱਚੋਂ ਕੁਝ ਨਵਾਂ ਚਿਤਰਣ ਵਾਸਤੇ। ਸਰਕਾਰਾਂ ਤੇ ਸਵੈ-ਸੇਵੀ ਸੰਸਥਾਵਾਂ ਨੂੰ ਸਾਂਝੇ ਸਹਿਯੋਗ ਨਾਲ ਸ਼ਹਿਰਾਂ ਵਿੱਚ ਸੀਨੀਅਰ ਸਿਟੀਜ਼ਨ ਪਾਰਕ ਜਾਂ ਕੋਈ ਵੀ ਸਾਂਝੀ ਜਗ੍ਹਾ ਦਾ ਵਿਕਾਸ ਕਰਨਾ ਚਾਹੀਦਾ ਹੈ ਜਿੱਥੇ ਬਜ਼ੁਰਗ ਇਕੱਠੇ ਹੋ ਕੇ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਣ। ਉਮਰ ਦੇ ਅਨੁਸਾਰ ਖੇਡ ਤਮਾਸ਼ਿਆਂ ਵਿੱਚ ਹਿੱਸਾ ਲੈ ਸਕਣ। ਤਿਆਰ ਹੋ ਕੇ ਘਰ ਤੋਂ ਬਾਹਰ ਨਿਕਲਣ ਦਾ ਚਾਅ ਪ੍ਰਾਪਤ ਕਰ ਸਕਣ। ਮੁੰਬਈ ਵਿੱਚ ਇੱਕ ਅਜਿਹੀ ਪਾਰਕ ਹੈ ਜਿੱਥੇ ਬਜ਼ੁਰਗ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ। ਅਜਿਹੇ ਇਕੱਠਾਂ ਵਿੱਚ ਬਜ਼ੁਰਗਾਂ ਦੇ ਤਜਰਬੇ ਦਾ ਫਾਇਦਾ ਲੈਣ ਲਈ ਉੱਥੇ ਆਮ ਲੋਕਾਂ ਦਾ ਆਉਣਾ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਬਜ਼ੁਰਗਾਂ ਦੇ ਸਾਰੀ ਉਮਰ ਕੀਤੇ ਕੰਮਾਂ ਦੇ ਤਜਰਬੇ ਦੇ ਹਿਸਾਬ ਨਾਲ ਉਨ੍ਹਾਂ ਕੋਲੋਂ ਨੌਜਵਾਨ ਬਹੁਤ ਕੁਝ ਸਿੱਖ ਸਕਦੇ ਹਨ। ਸੱਠ ਸਾਲ ਤੋਂ ਬਾਅਦ ਜੀਵਨ ਦਾ ਕੋਈ ਅੰਤ ਨਹੀਂ ਹੋ ਜਾਂਦਾ। ਸਰਕਾਰਾਂ ਤੇ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਬਜ਼ੁਰਗ ਕੋਈ ਸੇਵਾ ਦੇ ਸਕਦੇ ਹੋਣ, ਉਨ੍ਹਾਂ ਨੂੰ ਰੁਝੇਵੇਂ ਵਿੱਚ ਰੱਖਣ ਲਈ ਕੋਈ ਨਾ ਕੋਈ ਕੰਮ ਲਿਆ ਜਾਵੇ। ਬਜ਼ੁਰਗਾਂ ਨੂੰ ਜ਼ਿੰਦਗੀ ਦੀ ਸ਼ਾਮ ਵਿੱਚ ਬਲੀ ਦੇ ਬੱਕਰੇ ਵਾਂਗ ਛੱਡ ਦੇਣਾ ਸੱਭਿਅਕ ਸਮਾਜ ਵਿੱਚ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਾਡੀ ਜ਼ਿੰਦਗੀ ਨੂੰ ਇਹ ਰੂਪ ਦੇਣ ਵਾਲੇ ਬਜ਼ੁਰਗ ਹੀ ਹਨ ਜੋ ਕਿ ਕਦੇ ਜਵਾਨ ਸਨ। ਉਨ੍ਹਾਂ ਦੀ ਸੁਚੱਜੀ ਸਾਂਭ-ਸੰਭਾਲ ਸਾਡੀ ਨੈਤਿਕ ਤੇ ਸਮਾਜੀ ਜ਼ਿੰਮੇਵਾਰੀ ਬਣਦੀ ਹੈ।

-ਹਰਪ੍ਰੀਤ ਸਿੰਘ ਹੀਰੋ

## ਪਲੀਤ ਹੋ ਰਹੇ ਸੱਭਿਆਚਾਰ ਦੀ ਚਿੰਤਾ

ਮੌਜੂਦਾ ਯੁੱਗ ਵਿਚ ਕਿਸੇ ਦੂਜੇ ਦੇਸ਼ ਨੂੰ ਸਿਰਫ਼ ਹਥਿਆਰਾਂ ਦੀ ਤਾਕਤ ਨਾਲ ਹੀ ਗੁਲਾਮ ਨਹੀਂ ਬਣਾਇਆ ਜਾਂਦਾ, ਸਗੋਂ ਇਸ ਲਈ ਵੱਡੀਆਂ ਤਾਕਤਾਂ ਵੱਲੋਂ ਹੋਰ ਵੀ ਢੰਗ-ਤਰੀਕੇ ਵਰਤੇ ਜਾਂਦੇ ਹਨ। ਇਸ ਲਈ ਸਾਮਰਾਜੀ ਦੇਸ਼ਾਂ ਦੀ ਸਾਜਿਸ਼ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਦੀ ਆਰਥਿਕਤਾ ਉਤੇ ਉਹ ਆਪਣਾ ਕਬਜ਼ਾ ਜਮਾਉਣਾ ਚਾਹੁੰਦੇ ਹਨ, ਇਕ ਤਾਂ ਉਥੋਂ ਦੇ ਸੱਭਿਆਚਾਰ, ਭਾਸ਼ਾ, ਸਾਹਿਤ, ਸਿੱਖਿਆ ਤੇ ਸਿਹਤ ਢਾਂਚੇ, ਵਿਰਾਸਤ ਅਤੇ ਲੋਕ ਏਕਤਾ ਨੂੰ ਖੋਖਲਾ ਕਰ ਦਿੱਤਾ ਜਾਵੇ ਅਤੇ ਦੂਜਾ ਉਥੋਂ ਦੀ ਜਨਤਾ ਅਤੇ ਖਾਸ ਕਰਕੇ ਮਿਹਨਤਕਸ਼ ਜਮਾਤ ਅਤੇ ਨੌਜਵਾਨ ਵਰਗ ਨੂੰ ਨਸ਼ਿਆਂ, ਨੰਗੇਜ਼ਵਾਦ, ਫੈਸ਼ਨ, ਅਸ਼ਲੀਲਤਾ, ਜਿਸਮ ਫਰੋਸ਼ੀ, ਅੰਧ-ਵਿਸ਼ਵਾਸ, ਜੋਤਿਸ਼, ਲਾਟਰੀ, ਫ਼ਿਰਕਾਪ੍ਰਸਤੀ, ਜਾਤ-ਪਾਤ, ਸਮਾਜਿਕ ਬੁਰਾਈਆਂ ਅਤੇ ਹੋਰ ਗ਼ੈਰ-ਸੱਭਿਅਕ ਵਰਤਾਰਿਆਂ ਦੀ ਦਲਦਲ ਵਿਚ ਫਸਾ ਦਿੱਤਾ ਜਾਵੇ ਤਾਂ ਕਿ ਲੋਕ ਆਪਣੇ ਸਮਾਜ, ਸੱਭਿਆਚਾਰ ਅਤੇ ਦੇਸ਼ ਦੇ ਵਿਕਾਸ ਪ੍ਰਤੀ ਸੋਚਣਾ ਹੀ ਛੱਡ ਦੇਣ। ਨੰਗੇਜ਼ਵਾਦ ਉਭਾਰਨ ਤੇ ਘਰ-ਘਰ ਵਿਚ ਪਹੁੰਚਾਉਣ ਲਈ ਕਈ ਟੈਲੀਵਿਜ਼ਨ ਚੈਨਲ ਅਤੇ ਬਹੁਤ ਸਾਰੀਆਂ ਲੱਚਰ ਕਿਸਮ ਦੀਆਂ ਫ਼ਿਲਮਾਂ ਜ਼ਿੰਮੇਵਾਰ ਕਹੀਆਂ ਜਾ ਸਕਦੀਆਂ ਹਨ। ਟੈਲੀਵਿਜ਼ਨ ਹਰੇਕ ਵਿਅਕਤੀ ਦੀ ਪਹੁੰਚ ਵਿਚ ਹੋਣ ਕਰਕੇ ਇਸ ਦਾ ਪ੍ਰਭਾਵ ਜ਼ਿਆਦਾ ਤੇ ਜਲਦੀ ਕਬੂਲਿਆ ਜਾਂਦਾ ਹੈ। ਬਹੁਤੇ ਟੀ. ਵੀ. ਚੈਨਲ ਆਪਣੇ ਵਪਾਰਕ ਹਿੱਤਾਂ ਖਾਤਰ ਅਜਿਹੇ ਨੰਗੇਜ਼ ਭਰਪੂਰ ਤੇ ਅਸ਼ਲੀਲ ਪ੍ਰੋਗਰਾਮ ਫ਼ਿਲਮਾਂ, ਲੜੀਵਾਰ ਅਤੇ ਇਸ਼ਤਿਹਾਰਬਾਜ਼ੀ ਪ੍ਰਸਾਰਿਤ ਰਿਹਾ ਹੈ, ਜਿਸ ਨੂੰ ਸਾਰਾ ਪਰਿਵਾਰ ਇਕੱਠਾ ਬੈਠ ਕੇ ਨਹੀਂ ਵੇਖ ਸਕਦਾ। ਹੁਣ ਤਾਂ ਟੀ. ਵੀ. ਲੜੀਵਾਰਾਂ ਵਿਚ ਵੀ ਅਸ਼ਲੀਲਤਾ ਤੇ ਰਿਸ਼ਤਿਆਂ ਵਿਚਲੀ ਅਨੈਤਿਕਤਾ ਨੂੰ ਉਭਾਰ ਕੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਵਿਚਲੇ ਵਿਸ਼ਵਾਸ ਤੇ ਸੱਚਾਈ ਨੂੰ ਖ਼ੂੰ-ਖ਼ੂੰ ਕੀਤਾ ਜਾ ਰਿਹਾ ਹੈ। ਬੇਸ਼ੱਕ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਟੀ. ਵੀ. ਚੈਨਲਾਂ ਨੂੰ ਜ਼ਾਬਤੇ ਹੇਠ ਰੱਖਣ ਲਈ ਕੇਬਲ ਟੈਲੀਵਿਜ਼ਨ ਨੈਟਵਰਕ ਕਾਨੂੰਨ 1994 ਲਾਗੂ ਕੀਤਾ ਗਿਆ ਸੀ, ਪਰ ਫੈਸ਼ਨ ਟੀ. ਵੀ. ਚੈਨਲ ਦੇ ਬੇਰੋਕ-ਟੋਕ ਪ੍ਰਸਾਰਨ ਸਮੇਤ ਦੂਜੇ ਹੋਰ ਟੀ. ਵੀ. ਚੈਨਲਾਂ ਉਤੇ ਚਲਦੇ ਰਿਐਲਟੀ ਸ਼ੋਅ (ਦਰਅਸਲ ਬਨਾਉਟੀ) ਅਤੇ ਫੈਸ਼ਨ ਸ਼ੋਅ ਨੰਗੇਜ਼ਵਾਦ ਤੇ ਲਚਰਤਾ ਦੀਆਂ ਸਭ ਹੱਦਾਂ ਪਾਰ ਕਰਦੇ ਹੋਏ ਪ੍ਰਤਿਭਾ ਲੱਭਣ ਦੀ ਆੜ ਹੇਠ ਭਾਗ ਲੈਣ ਵਾਲੇ ਨੌਜਵਾਨ ਲੜਕੇ-ਲੜਕੀਆਂ ਅਤੇ ਦਰਸ਼ਕਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ, ਜਿਸ ਨੂੰ ਰੋਕਣ ਲਈ ਸਰਕਾਰ ਅਤੇ ਸੰਬੰਧਿਤ ਮੰਤਰਾਲੇ ਵੱਲੋਂ ਕੋਈ ਸਖ਼ਤ ਕਦਮ ਨਹੀਂ ਉਠਾਏ ਜਾ ਰਹੇ। ਅਸਲ ਹਕੀਕਤ ਇਹ ਹੈ ਕਿ ਬਿਜਲਈ ਮੀਡੀਏ ਅਤੇ ਪ੍ਰਿੰਟ ਮੀਡੀਏ ਦਾ ਇਕ ਵੱਡਾ ਹਿਸਾ ਆਪਣੇ ਵਪਾਰਕ ਹਿੱਤਾਂ ਦੀ ਪੂਰਤੀ ਲਈ ਪੱਛਮੀ ਸੱਭਿਆਚਾਰ ਨੂੰ ਘਰ-ਘਰ ਵਿਚ ਪਹੁੰਚਾ ਕੇ ਦੇਸ਼ ਨੂੰ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਜਥੇਬੰਦਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ।

# ਮੇਰੇ ਪਿੰਡ ਦੇ ਉਦਾਸ ਲੋਕ



**ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ 'ਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ।**

ਆਮ ਪਿੰਡਾਂ ਵਾਂਗ ਮੇਰੇ ਪਿੰਡ ਪੂਹਲੀ ਦੇ ਵੀ ਕੁਝ ਲੋਕ ਉਦਾਸ ਹਨ। ਇਸ ਪਦਾਰਥਵਾਦੀ ਯੁੱਗ ਵਿੱਚ ਲੱਗੀ ਹਰ ਖੇਤਰ ਵਿੱਚ ਬੇਤਹਾਸ਼ਾ ਦੌੜ ਨਾਲ ਹੋ ਰਹੀ ਤਬਦੀਲੀ ਨੇ ਲੋਕਾਂ ਨੂੰ ਆਪਾ-ਧਾਪੀ ਵਿੱਚ ਪਾ ਦਿੱਤਾ ਹੈ। ਯੁੱਗ ਦੇ ਪਲਟਣ ਨਾਲ ਪੁਰਾਣਾ ਸਭ ਕੁਝ ਉਥਲ-ਪੁਥਲ ਹੋ ਰਿਹਾ ਹੈ। ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ ਵਿੱਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ। ਇਸੇ ਹੀ ਤਰਜ਼ ਵਿੱਚ ਇੱਕ ਦਿਨ ਮੈਂ ਸਾਡੀ ਗਲੀ ਵਿੱਚੋਂ ਲੰਘਦੀ ਮੇਰੀ ਚਾਚੀ ਚਰਨੋਂ ਨੂੰ ਪੁੱਛ ਬੈਠਾ "ਚਾਚੀ ਜੀ, ਤੁਸੀਂ ਤੱਕੜੇ ਰਹਿੰਨੇ ਓ।" ਮੇਰੇ ਪੁੱਛਣ ਦੀ ਦੇਰ ਹੀ ਸੀ ਕਿ ਉਹ ਮੱਥੇ ਉੱਤੇ ਹੱਥ ਰੱਖ ਕੇ ਮੇਰੇ ਵੱਲ ਝਾਕਦੀ ਆਪਣੇ ਦੁੱਖੜੇ ਫਰੋਲਣ ਲੱਗੀ, "ਵੇ ਭਾਈ, ਕਾਹਦੇ ਤਕੜੇ ਆਂ। ਔਹ ਤੇਰਾ ਚਾਚਾ ਜੈ ਵੱਢਫੜੇ ਨਸ਼ੇ ਨੇ ਐਨਾ ਘੋਗੀ ਬਣਾਤਾ ਕਿ ਖੇਤ-ਬੰਨੇ ਦਾ ਉਹ ਖਹਿੜਾ ਈ ਛੱਡ ਗਿਐ। ਬਸ ਭੁੱਕੜ ਦਾ ਰੱਜਿਆ ਘਰੇ ਈ ਕੂੰਡੇ-ਬੱਠਲੀਆਂ ਵਿੱਚ ਹੱਥ-ਪੈਰ ਮਾਰਦਾ ਰਹਿੰਦੈ। ਮੈਨੂੰ ਤਾਂ ਉਦੋਂ ਬਲਾਈਂ ਬੁਰਾ ਲਗਦੈ ਜਦੋਂ ਭਾਈ ਉਹ ਪਟਿਆਲੇ ਤੋਂ ਲੈ ਕੇ ਦਿੱਲੀ-ਦੱਖਣ ਦੀਆਂ ਗੱਲਾਂ ਕਰਦਾ ਸਾਹ ਨ੍ਹੀਂ ਲੈਂਦਾ। ਔਹ ਫ਼ਸਲ ਏਸ ਨੂੰ ਖੇਤ 'ਚ ਡੀਕਦੀ ਰਹਿੰਦੀ ਐ। ਖੇਤੀ ਵੀ ਭਾਈ ਮੁੰਡਿਆ, ਖਸਮਾਂ ਸੇਤੀ ਹੁੰਦੀ ਐ।"

ਐਨੀ ਗੱਲ ਕਰਦੀ ਚਾਚੀ ਨੇ ਨੇੜੇ ਹੁੰਦੇ ਹੌਲੀ ਆਵਾਜ਼ ਵਿਚ ਦੱਸਿਆ, "ਤੇ ਔਹ ਸਾਡਾ ਕੀਤਾ, ਬਾਰ੍ਹਾਂ ਜਮਾਤਾਂ ਕੀ ਪੜ੍ਹ ਗਿਐ, ਉਹ ਮੋਟਰਸਾਈਕਲ ਤੋਂ ਪੈਰ ਥੱਲੇ ਨ੍ਹੀਂ ਲਾਉਂਦਾ। ਸੌ-ਸੌ ਦੇ ਦੋ ਲੀਲੇ ਲੀਲੇ ਨੋਟ ਲੈ ਜਾਂਦੈ ਰੋਜ਼ ਈ। ਔਹ ਪਿਛਲੇ ਸਾਲ ਨੰਬਰਦਾਰਾਂ ਨੂੰ ਕਿੱਲੇ ਜ਼ਮੀਨ 'ਤੇ ਗੂਠਾ ਲਾਇਆ ਸੀ ਉਹਦੇ ਪਿਓ ਨੇ। ਬਸ ਭੋਰ-ਭੋਰ ਕੇ ਖਾਈ ਜਾਂਦੇ, ਐ ਦੋਵੇਂ ਪਿਓ-ਪੁੱਤ। ਮੈਂ ਤਾਂ ਐਂਈ ਝੁਰੀ ਜਾਨੀ ਆਂ, ਬਈ ਸਾਡੇ ਘਰ ਦਾ ਕੀ ਬਣੂ।" ਐਡੀ ਰਾਮ ਕਹਾਣੀ ਸੁਣਾਉਂਦੀ ਚਾਚੀ ਉਦਾਸ ਹੋ ਗਈ ਸੀ। ਮੈਂ ਚਾਚੀ ਨੂੰ ਦਿਲਾਸਾ ਦਿੰਦੇ ਕਿਹਾ, "ਤੂੰ 'ਕੱਲੀ ਨ੍ਹੀਂ ਔਖੀ। ਔਹ ਆਪਣੇ ਪਿੰਡ 'ਚੋਂ ਚਾਚੀ ਤੂੰ ਉਹ ਘਰ ਦੱਸ। ਜੀਹਦਾ ਪਿਓ ਜਾਂ ਮੁੰਡਾ ਸ਼ਰਾਬ ਜਾਂ ਭੁੱਕੜ ਨ੍ਹੀਂ ਲੈਂਦਾ। ਏਸ ਨਾਮੁਰਾਦ ਬਿਮਾਰੀ ਤੋਂ ਤਾਂ ਕੋਈ ਟਾਵਾਂ ਘਰ ਹੀ ਬਚਿਆ ਹੋਊ ਸਾਰੇ ਪਿੰਡ 'ਚੋਂ।"

ਐਨੀ ਗੱਲ ਕਰਕੇ ਮੈਨੂੰ ਤੁਰਨ ਹੀ ਲੱਗਿਆ ਸੀ। ਹੁਣ ਚਾਚੀ ਨੇ ਫ਼ਿਕਰ ਕਰਦੀ ਨੇ ਪੁੱਛਿਆ, "ਨਾ ਪੁੱਤੇ ਫੇਰ ਆਹ ਆਪਣੇ ਲੋਕਾਂ ਦਾ ਕੀ ਬਣੂੰ। ਭੁੱਕੜ ਖਾ-ਖਾ ਕੇ ਕੱਲ੍ਹ ਦੇ ਜੁਆਕਾਂ ਦੇ ਬੂਥੜ ਸੁੱਕੇ ਪਏ ਐ। ਕੰਮ ਕਰਕੇ ਕੋਈ ਰਾਜ਼ੀ ਨ੍ਹੀਂ। ਫੇਰ ਏਹ ਤਾਂ ਸਾਡੇ ਆਂਗੂੰ ਜ਼ਮੀਨਾਂ ਈ ਵੇਚਣਗੇ।"

ਚਾਚੀ ਦੀ ਇਸ ਪੁੱਛੀ ਗੱਲ ਦੇ ਜਵਾਬ ਮੂਹਰੇ ਮੈਂ ਲਾਜਵਾਬ ਸੀ।

ਐਨੀ ਗੱਲ ਸੁਣਦਾ ਮੈਂ ਉਥੋਂ ਤੁਰ ਪਿਆ। ਹੁਣ ਚਾਚੀ ਮੂੰਹ ਵਿਚ ਬੁੜ-ਬੁੜ ਕਰਦੀ ਜਾ ਰਹੀ ਸੀ।

ਐਂ ਈਂ ਮੈਂ ਪਰਸੋਂ ਤਾਏ ਰੁਲੀਏ ਦਾ ਹਾਲ-ਚਾਲ ਪੁੱਛ ਬੈਠਾ ਸੀ। ਮੇਰੇ ਪੁੱਛਦੇ ਹੀ ਉਸ ਨੇ ਆਪਣੇ ਚਾਰੇ ਮੁੰਡਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤਆਂ ਸਨ। ਉਹ ਮੇਰੇ ਕੋਲ ਆਪਣੇ ਮਨ ਦੀ ਭੜਾਸ ਕੱਢਣ ਲੱਗਿਆ। ਆਹ ਦੇਖ ਪਾੜ੍ਹਿਆ, ਚਾਰ ਪੁੱਤਾਂ ਦਾ ਮੈਂ ਪਿਉ ਆਂ। ਜਦੋਂ ਏਹ ਜੰਮੇ ਸੀ ਤਾਂ ਮੈਂ ਹਿੱਕ ਕੱਢ ਕੇ ਤੁਰਦਾ ਹੁੰਦਾ ਸੀ। ਪਿੰਡ ਵਿਚੋਂ ਮੇਰਾ ਕੋਈ ਸਾਨੀ ਨ੍ਹੀਂ ਸੀ। ਆਹ ਹੁਣ ਤੂੰ ਮੇਰੇ ਆਹ ਲੀੜੇ ਪਾਏ ਦੇਖ! ਏਨਾ ਨੂੰ ਧੋਤਿਆਂ ਨੂੰ ਪੂਰੇ ਪੰਦਰਾਂ ਦਿਨ ਹੋਗੇ। ਆਹ ਦੁੱਪੜ ਬਣੇ ਪਏ ਐ ਏਹੇ। ਮੇਰੇ ਕਿਸੇ ਪੁੱਤ ਜਾਂ ਨੂੰਹ ਨੇ ਮੈਨੂੰ ਐਂ ਨੀਂ ਕਿਹਾ ਕਿ ਬਾਪੂ ਤੇਰੇ ਕੱਪੜੇ ਧੋ ਦੀਏ।"

ਐਨੀ ਗੱਲ ਕਰਦੇ ਤਾਏ ਰੁਲੀਏ ਨੇ ਮੋਟੇ-ਸ਼ੀਸ਼ੇ ਵਾਲੀ ਐਨਕ ਸੱਜੇ ਹੱਥ ਨਾਲ ਸਾਫ਼ ਕਰਨ ਦੇ ਬਹਾਨੇ ਆਪਣੀਆਂ ਅੱਖਾਂ ਪੂੰਝ ਲਈਆਂ ਸਨ। ਉਹ ਆਪਣੀਆਂ ਅੱਖਾਂ ਦੇ ਭਰਵੱਟੇ ਜਿਹੇ ਹਿਲਾਉਂਦਾ ਹੋਰ ਦੱਸਣ ਲੱਗਿਆ, "ਹਾਂ, ਤੈਨੂੰ ਤਾਂ ਸ਼ੇਰਾ ਪਤਾ ਈ ਹੋਣੈਂ ਕਿ ਚਾਰੇ ਮੁੰਡੇ ਮੈਨੂੰ ਮੀਨ੍ਹਾ-ਮੀਨ੍ਹਾ ਰੋਟੀ ਦਿੰਦੇ ਐ। ਜੇ ਕਿਸੇ ਘਰੇ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਦਿਨ ਵੀ ਉਤੇ ਦੀ ਹੋ ਜਾਣ ਤਾਂ ਉਹ ਨੂੰਹ ਕਹੂ ਬਾਪੂ ਤੈਨੂੰ ਤਾਂ ਸਾਡੇ ਕੰਨੀ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਟੱਪਗੇ ਐ। ਹੁਣ ਤੂੰ ਮਲਕੀਤੇ ਕਿਆਂ ਕੰਨੀ ਚਲਾ ਜਾਹ। ਪਾੜ੍ਹਿਆ, ਕਈ ਆਰੀ ਐ ਚਿੱਤ ਕਰਦੈ ਕਿ ਕੋਈ ਖੂਹ-ਖਾਤਾ ਗੰਦਾ ਕਰਦਿਆਂ। ਫੇਰ ਸੋਚੀਦੈ ਬੀ ਸਾਲੇ ਫੇਰ ਵੀ ਆਪਣੇ ਮੁੰਡੇ ਐ। ਕਾਹਨੂੰ ਏਨ੍ਹਾ ਨੂੰ ਹੁਣ ਮੂੰਹ-ਕਾਲਸ ਦਿਵਾਉਣੀ ਐਂ। ਏਹ ਤਾਂ ਕਲਯੁੱਗ ਐ ਭਾਈ। ਏਥੇ ਬੁੜ੍ਹਿਆਂ ਨੂੰ ਟੁੱਕ ਦੀ ਬੁਰਕੀ ਪਿੱਛੇ ਔਲਾਦ ਤੇ ਬਾਹਲਾ ਕੁਝ ਕਹਾਉਣਾ ਪੈਂਦੈ।" ਐਨੀਆਂ ਗੱਲਾਂ ਕਰਦਾ ਤਾਇਆ ਰੁਲੀਆ ਉਦਾਸ ਹਾਓਕਾ ਭਰਦਾ ਅੱਗੇ ਤੁਰ ਗਿਆ। ਮੈਂ ਤਾਏ ਦੀਆਂ ਗੱਲਾਂ ਬਾਰੇ ਸੋਚਦਾ ਜਾ ਰਿਹਾ ਸੀ ਕਿ ਸੱਥ ਵਿੱਚ ਖੜ੍ਹੇ ਬੰਦਿਆਂ ਵਿੱਚੋਂ ਮੈਨੂੰ ਨਰ ਸਿਓਂ ਨੇ ਪੁੱਛਿਆ, "ਕਿਮੇਂ ਐਂ ਪਾੜ੍ਹਿਆ ਜਮਾਂ ਈ ਨੀਵੀਂ ਜੀ ਪਾਈ ਕੀ ਸੋਚਦਾ ਜਾਨੈਂ ਤੂੰ।" ਮੈਂ ਉਨ੍ਹਾਂ ਕੋਲ ਖੜ੍ਹ ਗਿਆ। ਮੈਂ ਤਾਏ ਰੁਲੀਏ ਦੀ ਸੁਣੀ ਵਿੱਥਿਆ ਉਨ੍ਹਾਂ ਨੂੰ ਸੁਣਾਈ। ਕੋਲ ਖੜ੍ਹੇ ਬੰਦਿਆਂ ਵਿੱਚੋਂ ਬਖ਼ਸ਼ੀਸ਼ ਬੋਲਿਆ, "ਜਣੀਂ ਦੀ, ਜਦੋਂ ਦੀ ਰੁਲੀਏ ਦੇ ਘਰੋਂ ਗੁਜ਼ਰੀ ਐ, ਉਦੋਂ ਤੋਂ ਰੁਲੀਆ ਬਸ ਰੁਲ ਕੇ ਈ ਰਹਿ ਗਿਐ ਵਿਚਾਰਾ। ਸਹੁਰੇ ਮੁੰਡਿਆ ਨੇ ਤਾਂ ਜਿਮੇਂ ਉਸ ਨੂੰ ਭੁਲਾ ਈ ਦਿੱਤੈ।"

ਹਰਬੰਸ ਨੇ ਕਿਹਾ, "ਬਾਈ, ਭਾਵੇਂ ਮੁੰਡੇ ਕਿੰਨੇ ਈ ਚੰਗੇ ਹੋਣ ਜਦੋਂ ਆਹ ਨਾਲ ਦਾ ਜੀਵਨ-ਸਾਥੀ 'ਤੁਰਜੇ' ਨਾ ਫੇਰ ਤਾਂ ਬੰਦਾ ਓਦਰ ਈ ਜਾਂਦੈ।"

ਬਖ਼ਸ਼ੀਸ਼ ਨੇ ਮਨ ਵਿੱਚ ਪੀੜ ਜਿਹੀ ਮਹਿਸੂਸ ਕਰਦੇ ਦੱਸਿਆ, "ਗੱਲ ਤਾਂ ਤੇਰੀ ਏ ਚਾਲੀ-ਸੇਰੀ ਐ ਬੰਸਿਆ। ਆਹ ਮੇਰੇ ਅੱਲ ਦੇਖ ਲੈ, ਨਾਲੇ ਮੈਂ ਉਮਰ ਭੋਗੀ ਬੈਠਾਂ ਹੁਣ ਅੱਸੀਆਂ ਵਰ੍ਹਿਆਂ ਤੋਂ ਟੱਪ ਚੱਲਿਆਂ। ਆਹ ਜਿੰਦਣ ਦੀ ਮੁੰਡਿਆਂ ਦੀ ਮਾਂ ਮਰੀ ਐ ਨਾ, ਸਾਲਾ ਮਨ ਈ ਕਦੇ ਖੁਸ਼ ਨੀਂ ਰਿਹਾ। ਡਮਾਰਾ ਉਧਰੇ ਈ ਲੱਗਿਆ ਰਹਿੰਦੈ। ਨਾਲੇ ਮੇਰੇ ਮੁੰਡੇ ਮੈਨੂੰ ਹੱਥੀਂ ਛਾਮਾਂ ਕਰਦੇ ਐ। 'ਕੱਲਤਾ ਤਾਂ ਬੰਦੇ ਨੂੰ ਘੁਣ ਆਗੂੰ ਖਾ ਜਾਂਦੀ ਐ। ਰਾਤ ਨੂੰ 'ਕੱਲੇ ਪਏ ਹੋਰ ਈ ਸੋਚਾਂ ਸੋਚੀ ਜਾਨੇ ਆਂ। 'ਕੱਲੇ ਬੰਦੇ ਤੋਂ ਤਾਂ ਕੰਧਾਂ ਵੀ ਮੁੱਖ ਮੋੜ ਲੈਂਦੀਐਂ।"

ਕ੍ਰਿਪਾਲ ਨੇ ਹੱਸਦੇ ਹੋਏ ਕਿਹਾ, "ਓਏ ਬਾਈ, ਤੂੰ ਤਾਂ ਮੇਰਾ ਵੀ ਦਿਲ ਡੇਗੀ ਜਾਨੈ। ਆਹ ਮੈਂ ਉਦੋਂ ਮਸਾਂ ਪੰਜਾਹਾਂ ਦਾ ਸੀ ਜਦੋਂ ਮੇਰੇ ਘਰ ਆਲੀ ਜੁਲੀਆਂ ਤੋ ਕੂਚ ਕਰਗੀ ਸੀ। ਮੈਂ ਤਾਂ ਓਦਣ ਦਾ ਮਨ ਈ ਕਰੜਾ ਕਰ ਲਿਐ। ਜਦੋਂ ਰੱਬ ਨੇ ਈ 'ਕੱਲੇ ਰੱਖਤੇ ਤਾਂ ਰਹਿਣਾ ਪਊ। ਸੋਚਾਂ-ਸੋਚੀ ਜਾਂਦੇ ਦਾ ਮਨ ਤਾਂ ਕਈ ਆਰੀ ਘਾਊਂ-ਮਾਊਂ ਹੋ ਜਾਂਦੈ ਪਰ ਫੇਰ ਹੌਂਸਲਾ ਕਰ ਲਈਦੈ ਮਨ ਹੋਰ ਈ ਪਾਸੇ ਲਾਈਦੈ।



ਤਾਰ ਨੇ ਹੌਕਾ ਲੈ ਕੇ ਕਿਹਾ, "ਭਾਵੇਂ ਤੀਮੀਂ ਹੋਵੇ ਚਾਹੇ ਬੰਦਾ। ਜਦੋਂ ਏਨ੍ਹਾਂ ਵਿੱਚੋਂ ਇੱਕ 'ਤੁਰਜੇ' ਤਾਂ ਫੇਰ ਦੂਜੇ ਨੂੰ ਦਿਨ-ਕਟੀ ਕਰਨੀ ਐਸ ਉਮਰ ਵਿੱਚ ਔਖੀ ਹੋ ਜਾਂਦੀ ਐ। ਬਖ਼ਸ਼ੀਸ਼ ਨੇ ਕਿਹਾ, "ਨਹੀਂ ਤਾਰ! ਮਨ ਨਾਲ ਉਮਰਾਂ ਦਾ ਕੋਈ ਸਬੰਧ ਨ੍ਹੀਂ ਹੁੰਦਾ। ਏਹ ਤਾਂ ਮਰਦੇ ਦਮ ਤਕ ਜੋੜੀ ਬਣੀ ਰਹੇ ਤਾਂ ਹੀ ਚੈਨ ਆਉਂਦੈ ਦੋ ਜੀਆਂ ਨੂੰ। ਹਰਬੰਸ ਨੇ ਦੱਸਿਆ ਕਿ ਮੌਤ ਵੀ ਤਾਂ ਬੰਦੇ ਨੇ ਆਪ ਈ ਸਹੇੜੀ ਐਂ। ਆਹ ਜਿੰਨੇ ਆਪਣੇ ਪਿੰਡ ਵਿਚ ਮਰੇ ਐ ਬੁੜ੍ਹਾ ਹੋ ਕੇ ਤਾਂ ਕੋਈ ਹੀ ਮਰਿਆ ਹੋਊ। ਨਹੀਂ ਤਾਂ ਕੋਈ ਦੁਰਘਟਨਾ ਨਾਲ, ਕੋਈ ਮਾੜੀ ਔਲਾਦ ਦਾ ਸਤਾਇਆ, ਕੋਈ ਕਰਜ਼ਈ ਹੋ ਕੇ ਫਾਹਾ ਲੈ ਕੇ ਮਰ ਜਾਂਦੈ। ਕੋਈ ਏਥੇ ਲਾਲਚ ਵਿਚ ਤਰੱਕੀ ਕਰਦਾ ਮਾਨਸਿਕ-ਸੰਤੁਲਨ ਹੀ ਖੋਹ ਬੈਠਦੈ। ਆਹ ਨਸ਼ਿਆਂ ਨਾਲ ਤਾਂ ਆਪਣੇ ਪਿੰਡ 'ਚੋਂ ਜਵਾਨ ਮੁੰਡੇ ਬਾਹਲੇ ਈ ਮਰੇ ਐ।" ਹੁਣ ਉਥੇ ਖੜ੍ਹੇ ਬੰਦੇ ਆਪਸ ਵਿੱਚ ਬਿਗਾਨੀਆਂ ਜਿਹੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਉਂਦੇ ਉਦਾਸ ਤੇ ਚੁੱਪ ਸਨ।

-ਬੰਤ ਸਿੰਘ ਚੱਠਾ



**ਪੌੜੀਆਂ 'ਚੋਂ ਪਿਆਨੋ ਦੀ ਆਵਾਜ਼**

ਰੇਂਸ (ਫਰਾਂਸ) 'ਚ ਇਕ ਸਬਵੇਅ ਦੀਆਂ ਪੌੜੀਆਂ ਵਰਗੇ ਸੰਤਰ 'ਤੇ ਤੁਰਦੇ ਲੋਕ, ਜੋ ਅਸਲ ਵਿਚ ਇਕ ਸੰਗੀਤਮਈ ਕੀ-ਬੋਰਡ ਹੈ। ਇਸ ਦੀ ਹਰੇਕ ਕੀ 'ਤੇ ਪੈਰ ਪੈਣ 'ਤੇ ਵੱਖ ਵੱਖ ਤਰ੍ਹਾਂ ਦਾ ਸੰਗੀਤ ਨਿਕਲਦਾ ਹੈ ਜੋ ਹੌਲੀ ਹੌਲੀ ਰਾਗ ਵਿਚ ਬਦਲ ਜਾਂਦਾ ਹੈ।

## ਪੰਜਾਬ 'ਚ ਕੈਂਸਰ ਦਾ ਕਹਿਰ-ਹੋਰ ਕਿੰਨੀਆਂ ਜਾਨਾਂ ਜਾਣਗੀਆਂ?

ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਸਬੰਧੀ ਕੀਤੇ ਗਏ ਸਰਵੇਖਣ ਦੇ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ। ਸਿਹਤ ਵਿਭਾਗ ਵੱਲੋਂ ਪਿਛਲੇ ਮਹੀਨੇ ਘਰ-ਘਰ ਜਾ ਕੇ ਕੈਂਸਰ ਪੀੜਤਾਂ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੀ ਰਿਪੋਰਟ ਅਨੁਸਾਰ ਸੂਬੇ ਵਿੱਚ ਹਰ ਰੋਜ਼ ਕੈਂਸਰ ਨਾਲ 18 ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ। ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਵੀ ਕੌਮੀ ਔਸਤ ਨਾਲੋਂ ਵੱਧ ਹੈ। ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਪਿੱਛੇ 80 ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੋ ਰਹੀ ਹੈ ਜਦੋਂ ਕਿ ਪੰਜਾਬ ਵਿੱਚ ਇਹ ਗਿਣਤੀ 90 ਹੈ। ਇਸੇ ਤਰ੍ਹਾਂ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਮਗਰ 211 ਵਿਅਕਤੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ ਜਦੋਂ ਕਿ ਪੰਜਾਬ ਵਿੱਚ ਇਹ ਦਰ 215.9 ਮਰੀਜ਼ ਪ੍ਰਤੀ ਲੱਖ ਦਰਜ ਕੀਤੀ ਗਈ ਹੈ। ਸੂਬੇ ਦੇ ਮਾਲਵਾ ਖੇਤਰ ਵਿੱਚ ਤਾਂ ਸਥਿਤੀ ਹੋਰ ਵੀ ਬਦਤਰ ਹੈ ਜਿੱਥੇ ਇਹ ਗਿਣਤੀ 250.8 ਹੈ। ਰਿਪੋਰਟ ਅਨੁਸਾਰ ਕੈਂਸਰ ਦਾ ਪ੍ਰਕੋਪ ਹੁਣ ਇਕੱਲੇ ਮਾਲਵਾ ਖੇਤਰ ਵਿੱਚ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਇਸ ਨੇ ਪੈਰ ਪਸਾਰ ਲਏ ਹਨ। ਦੁਆਬਾ ਖੇਤਰ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਔਸਤ ਗਿਣਤੀ 224.5 ਪ੍ਰਤੀ ਲੱਖ ਹੈ ਜਦੋਂ ਕਿ ਮਾਝੇ ਵਿੱਚ ਇਹ ਦਰ 166 ਦੇ ਕਰੀਬ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਦੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਕੈਂਸਰ ਦੀ ਮਾਰ ਸਾਰੇ ਜ਼ਿਲ੍ਹਿਆਂ ਤੋਂ ਜ਼ਿਆਦਾ ਹੈ ਜਿੱਥੇ ਇੱਕ ਲੱਖ ਦੀ ਅਬਾਦੀ ਪਿੱਛੇ 136.3 ਮੌਤਾਂ ਹੋ ਚੁੱਕੀਆਂ ਹਨ ਅਤੇ ਪੂਰੇ ਸੂਬੇ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਕਾਰਨ 33,318 ਵਿਅਕਤੀ ਜਾਨ ਤੋਂ ਹੱਥ ਧੋ ਬੈਠੇ ਹਨ। ਕੈਂਸਰ ਦੀ ਮਹਾਂਮਾਰੀ ਨੂੰ ਹੋਰ ਵਧਣ-ਫੁੱਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਇਸ ਸਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਪੀੜਤ ਮਰੀਜ਼ਾਂ ਦੀ ਮੁਢਲੇ ਪੜਾਅ 'ਤੇ ਹੀ ਪਛਾਣ ਕਰਨ ਲਈ ਸਰਵੇਖਣ ਕਰਨ ਦਾ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਨਾ ਕੇਵਲ ਭਾਰਤ ਬਲਕਿ ਸਮੁੱਚੇ ਵਿਸ਼ਵ ਵਿੱਚ ਇਹ ਇੱਕ ਵਿਲੱਖਣ ਅਤੇ ਨਿਵੇਕਲਾ ਸਰਵੇ ਕੀਤਾ ਗਿਆ ਹੈ ਜਿਸ ਵਿੱਚ ਕੈਂਸਰ ਪੀੜਤਾਂ ਦੇ ਅੰਕੜੇ ਇਕੱਤਰ ਕਰਨ ਤੋਂ ਇਲਾਵਾ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਪ੍ਰਭਾਵਿਤ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਅਤੇ ਸਹੀ ਇਲਾਜ ਸਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਮੁਹਿੰਮ ਅਧੀਨ ਸੂਬੇ ਦੇ 12,603 ਪਿੰਡਾਂ ਸਮੇਤ 217 ਸ਼ਹਿਰਾਂ ਅਤੇ ਕਸਬਿਆਂ ਦੇ 2 ਕਰੋੜ 64 ਲੱਖ 84 ਹਜ਼ਾਰ ਚਾਰ ਸੌ ਚੌਂਤੀ ਵਿਅਕਤੀਆਂ ਦੀ ਜਾਂਚ ਕੀਤੀ ਗਈ ਹੈ ਅਤੇ ਇਸ 'ਤੇ 1.7 ਕਰੋੜ ਰੁਪਏ ਖਰਚ ਹੋਏ ਹਨ। ਇਸ ਮੁਹਿੰਮ ਦੇ ਅਗਲੇ ਪੜਾਅ ਵਿੱਚ ਪੀ. ਜੀ. ਆਈ. ਚੰਡੀਗੜ੍ਹ ਦੀਆਂ ਟੀਮਾਂ ਦੁਆਰਾ ਸਰਵੇ ਤਹਿਤ ਪਛਾਣੇ ਗਏ 80,000 ਦੇ ਲਗਪਗ ਕੈਂਸਰ ਪੀੜਤਾਂ ਦੀ ਜਾਂਚ ਅਤੇ ਸਾਂਭ-ਸੰਭਾਲ ਕੀਤੀ ਜਾਵੇਗੀ। ਕੈਂਸਰ ਦੇ ਪ੍ਰਕੋਪ ਤੋਂ ਚਿੰਤਤ ਹੋਈ ਸੂਬਾ ਸਰਕਾਰ ਵੱਲੋਂ ਪਿਛਲੇ ਮਹੀਨੇ ਕਰਵਾਇਆ ਗਿਆ ਸਰਵੇਖਣ ਕਾਫ਼ੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਇਸ ਨਾਲ ਕੈਂਸਰ ਪੀੜਤਾਂ ਬਾਰੇ ਠੋਸ ਜਾਣਕਾਰੀ ਪ੍ਰਾਪਤ ਹੋਣ ਦੇ ਨਾਲ-ਨਾਲ ਜਾਗਰੂਕਤਾ ਵੀ ਪੈਦਾ ਹੋਈ ਹੈ। ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਰਾਹਤ ਲਈ ਵਿਸ਼ੇਸ਼ ਫੰਡ ਵੀ ਕਾਇਮ ਕੀਤਾ ਗਿਆ ਹੈ ਜਿਸ ਤਹਿਤ ਲੋੜਵੰਦਾਂ ਨੂੰ ਡੇਢ ਲੱਖ ਰੁਪਏ ਤਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਠਿੰਡਾ ਅਤੇ ਮੁਹਾਲੀ ਵਿਖੇ ਨਿੱਜੀ ਭਾਈਵਾਲੀ ਨਾਲ ਕੈਂਸਰ ਹਸਪਤਾਲ ਵੀ ਖੋਲ੍ਹੇ ਗਏ ਹਨ। ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਸੰਗਰੂਰ ਵਿਖੇ 300 ਬਿਸਤਰਿਆਂ ਵਾਲੇ 25 ਏਕੜ 'ਚ ਇੱਕ ਵਿਸ਼ੇਸ਼ ਕੈਂਸਰ ਹਸਪਤਾਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ 'ਤੇ ਇੱਕ ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਸਰਕਾਰਾਂ ਤੋਂ ਇਲਾਵਾ ਕਈ ਸਮਾਜ ਸੇਵੀ ਸੰਸਥਾਵਾਂ ਵੀ ਇਸ ਖੇਤਰ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੀਆਂ ਹਨ। ਲੰਡਨ ਸਥਿਤ ਇੱਕ ਸੰਸਥਾ ਵੱਲੋਂ ਵੀ ਸੂਬੇ ਵਿੱਚ ਇਸ ਬੀਮਾਰੀ ਦੀ ਅਗਾਊਂ ਜਾਂਚ ਲਈ ਕੈਂਪ ਲਗਾਉਣੇ ਸ਼ੁਰੂ ਕੀਤੇ ਗਏ ਹਨ। ਇਹ ਯਤਨ ਭਾਵੇਂ ਚੰਗਾ ਉੱਦਮ ਹਨ ਪਰ ਸੂਬੇ ਵਿੱਚ ਕੈਂਸਰ ਦੇ ਕਹਿਰ ਨੂੰ ਦੇਖਦਿਆਂ ਇਹ ਕਾਫ਼ੀ ਨਹੀਂ ਕਹੇ ਜਾ ਸਕਦੇ। ਪੀੜਤਾਂ ਨੂੰ ਆਰਥਿਕ ਮਦਦ ਤੋਂ ਇਲਾਵਾ ਇਸ ਬੀਮਾਰੀ ਦੀ ਮੁਢਲੇ ਪੜਾਅ ਵਿੱਚ ਹੀ ਰੋਕਥਾਮ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਉਸਾਰਨ ਦੀ ਜ਼ਰੂਰਤ ਹੈ।

ਸੌੜੇ ਸਿਆਸੀ ਮੰਤਵਾਂ ਲਈ ਮਾਨਸਾ ਅਤੇ ਫ਼ਰੀਦਕੋਟ ਵਿਖੇ ਲਗਾਏ ਮੈਗਾ ਕੈਂਪਾਂ ਦੀ ਥਾਂ ਠੋਸ ਅਤੇ ਪ੍ਰਭਾਵਸ਼ਾਲੀ ਨੀਤੀ ਬਣਾਉਣ ਦੀ ਜ਼ਰੂਰਤ ਹੈ ਜਿਸ ਨਾਲ ਮਰੀਜ਼ਾਂ ਨੂੰ ਸਮੇਂ-ਸਮੇਂ ਲੋੜੀਂਦੀ ਰਾਹਤ ਮਿਲ ਸਕੇ। ਇਲਾਜ ਤੋਂ ਇਲਾਵਾ ਇਸ ਬੀਮਾਰੀ ਦੇ ਬੁਨਿਆਦੀ ਕਾਰਨਾਂ ਸਬੰਧੀ ਜਾਂਚ ਕਰ ਕੇ ਉਹ ਸਮੱਸਿਆਵਾਂ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਸ ਤੋਂ ਮੁੱਢ ਵਿੱਚ ਹੀ ਬਚਿਆ ਜਾ ਸਕੇ। ਸੂਬੇ ਦੇ ਲੋਕਾਂ ਨੂੰ ਪੀਣ ਲਈ ਸਾਫ਼ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਣਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਸ਼ਰਾਬ ਅਤੇ ਤੰਬਾਕੂ ਜਿਹੇ ਨਸ਼ਿਆਂ 'ਤੇ ਪਾਬੰਦੀ ਲਾਉਣ ਦੀ ਵੀ ਜ਼ਰੂਰਤ ਹੈ। ਪ੍ਰਦੂਸ਼ਣ ਨੂੰ ਰੋਕਣ ਲਈ ਕਾਰਗਰ ਯਤਨ ਕਰਨੇ ਲੋੜੀਂਦੇ ਹਨ। ਲੋਕਾਂ ਨੂੰ ਵੀ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਚਰਬੀ ਵਾਲਾ ਭੋਜਨ ਅਤੇ ਕਸਰਤ ਦੀ ਘਾਟ ਕੈਂਸਰ ਦਾ ਕਾਰਨ ਬਣ ਸਕਦੇ ਹਨ। ਉਘੇ ਕੈਂਸਰ ਮਾਹਿਰਾਂ ਅਨੁਸਾਰ ਸਾਫ਼-ਸੁਥਰਾ ਭੋਜਨ ਅਤੇ ਸਹੀ ਵਕਤ 'ਤੇ ਇਲਾਜ ਨਾਲ ਕੈਂਸਰ ਦੇ ਕਹਿਰ ਤੋਂ ਬਚਿਆ ਜਾ ਸਕਦਾ ਹੈ। ਕੈਂਸਰ ਦੇ ਲਗਾਤਾਰ ਵਧ ਰਹੇ ਪ੍ਰਕੋਪ ਨੂੰ ਰੋਕਣ ਲਈ ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਯਤਨ ਕੀਤੇ ਜਾਣ ਦੇ ਨਾਲ-ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਵੀ ਜ਼ਰੂਰਤ ਹੈ। ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਲੁਧਿਆਣਾ ਜ਼ਿਲ੍ਹੇ ਵਿੱਚ 3532 ਹਨ, ਉਸ ਤੋਂ ਬਾਅਦ ਕੈਂਸਰ ਨੇ ਜਲੰਧਰ ਦੇ 3041 ਤੇ ਅੰਮ੍ਰਿਤਸਰ ਵਿੱਚ 2481 ਲੋਕਾਂ ਨੂੰ ਨਿਗਲ ਲਿਆ ਹੈ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਭ ਤੋਂ ਘੱਟ 359 ਮੌਤਾਂ, ਉਸ ਤੋਂ ਬਾਅਦ ਨਵਾਂਸ਼ਹਿਰ ਵਿੱਚ 468 ਤੇ ਬਰਨਾਲਾ ਵਿੱਚ 638 ਮੌਤਾਂ ਦੱਸੀਆਂ ਗਈਆਂ ਹਨ।

ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਮਦਦ ਲਈ ਇੱਕ ਸਕੀਮ ਤਹਿਤ ਡੇਢ ਲੱਖ ਰੁਪਏ ਦਿੱਤੇ ਜਾਣ ਲੱਗ ਪਏ ਹਨ। ਇਸ ਲਈ ਬਜਟ ਵਿੱਚ ਪੈਸੇ ਦਾ ਬਕਾਇਦਾ ਪ੍ਰਬੰਧ ਕੀਤਾ ਗਿਆ ਹੈ।

## ਸੰਪਾਦਕੀ

# ਜੂਨ ਚੁਰਾਸੀ ਦੇ ਉਹ ਦਿਨ

ਅਪਰੇਸ਼ਨ ਬਲਿਊ ਸਟਾਰ ਦਾ ਦੁਖਾਂਤ ਪੰਜਾਬ ਦੇ ਪਿੰਡੇ ਅਤੇ ਇਤਿਹਾਸ 'ਚ ਖੁਣਿਆ ਪਿਆ ਹੈ। ਇਸ ਦੇ ਨਿਸ਼ਾਨ ਕਦੇ ਮਿਟ ਨਹੀਂ ਸਕਣਗੇ। ਇਹ ਅਜਿਹੀ ਘਟਨਾ ਸੀ ਜਿਸ ਨਾਲ ਲੋਕ ਝੰਜੋੜੇ ਗਏ ਸਨ। ਪਹਿਲਾਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ 'ਚ ਖਾੜਕੂਆਂ ਦਾ ਦਾਖ਼ਲਾ ਅਤੇ ਫਿਰ ਉਨ੍ਹਾਂ ਖਿਲਾਫ਼ ਫ਼ੌਜ ਵੱਲੋਂ ਕੀਤੀ ਕਾਰਵਾਈ ਕਾਰਨ ਲੋਕ ਮਨਾਂ ਦੇ ਧੁਰ ਅੰਦਰ ਤਕ ਬਹੁਤ ਕੁਝ ਟੁੱਟ-ਭੱਜ ਗਿਆ ਸੀ। ਬਾਹਰੀ ਤੌਰ ਉੱਤੇ ਹੋਈ ਟੁੱਟ-ਭੱਜ ਨਾਲੋਂ ਇਹ ਨੁਕਸਾਨ ਕਿਤੇ ਵੱਡਾ ਸੀ। ਹੇਠਲੇ ਲੇਖ ਜੂਨ '84 ਦੇ ਘਟਨਾਕ੍ਰਮ ਬਾਰੇ ਜਾਣੂ ਕਰਵਾਉਂਦੇ ਹਨ।

15 ਜੂਨ 1984 ਦੀ ਸਵੇਰ ਆਮ ਦਿਨਾਂ ਨਾਲੋਂ ਕੁਝ ਜ਼ਿਆਦਾ ਤਪੀ ਹੋਈ ਮਹਿਸੂਸ ਹੋ ਰਹੀ ਸੀ। ਦੂਜੀ ਸੰਸਾਰ ਜੰਗ ਵੇਲਿਆਂ ਦੇ ਦੋ ਇੰਜਣਾਂ ਵਾਲੇ ਭਾਰਤੀ ਹਵਾਈ ਸੈਨਾ ਦੇ ਡਕੋਟਾ ਜਹਾਜ਼ ਦੀਆਂ ਐਲੂਮੀਨੀਅਮ ਦੀਆਂ ਸੀਟਾਂ ਕਰ ਕੇ ਤਪਸ਼ ਜ਼ਿਆਦਾ ਮਹਿਸੂਸ ਹੋ ਰਹੀ ਸੀ। ਇਹ ਜਹਾਜ਼ ਚੰਡੀਗੜ੍ਹ ਤੋਂ ਪੱਤਰਕਾਰਾਂ ਦੇ ਪਹਿਲੇ ਗਰੁੱਪ ਨੂੰ ਲੈ ਕੇ ਯੁੱਧ ਖੇਤਰ ਲਈ ਉੱਡਿਆ। ਯੁੱਧ ਖੇਤਰ ਹੋਰ ਕੋਈ ਨਹੀਂ ਸਗੋਂ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੰਪਲੈਕਸ ਸੀ ਜੋ ਸਿੱਖਾਂ ਦਾ ਸਭ ਤੋਂ ਪਾਵਨ ਸਥਾਨ ਮੰਨਿਆ ਜਾਂਦਾ ਹੈ। ਜਿਉਂ ਹੀ ਹਵਾਈ ਜਹਾਜ਼ ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ 'ਤੇ ਉਤਰਿਆ ਤਾਂ ਫ਼ੌਜ ਦੇ ਬਖ਼ਤਰਬੰਦ ਟਰੱਕਾਂ ਨੇ ਇਸ ਵੱਲ ਗੰਨਾਂ ਤਾਣ ਕੇ ਇੰਝ 'ਸਵਾਗਤ' ਕੀਤਾ ਜਿਵੇਂ ਉਸ ਦੇ ਇਲਾਕੇ ਵਿਚ ਕੋਈ ਦੁਸ਼ਮਣ 'ਜਹਾਜ਼' ਆ ਵੜਿਆ ਹੋਵੇ। ਹਵਾਈ ਸੈਨਾ ਨੂੰ ਤਵੱਕੋ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਪੱਤਰਕਾਰਾਂ ਨੂੰ ਵਾਕਿਆਤ ਵਾਲੀ ਥਾਂ ਤੱਕ ਪਹੁੰਚਾਉਣ ਲਈ ਵਾਹਨਾਂ ਦਾ ਬੰਦੋਬਸਤ ਕਰੇਗਾ। ਕਰੀਬ ਦੋ ਘੰਟੇ ਬਾਅਦ ਪੰਜਾਬ ਰੋਡਵੇਜ਼ ਦੀ ਇਕ ਖਟਾਰਾ ਬੱਸ ਉੱਥੇ ਪਹੁੰਚੀ। ਤਾਪਮਾਨ 40 ਡਿਗਰੀ 'ਤੇ ਪਹੁੰਚ ਰਿਹਾ ਸੀ ਤੇ ਹਵਾਈ ਸੈਨਾ ਦੇ ਅਫ਼ਸਰ ਆਪਣੇ ਸੀਮਤ ਜਿਹੇ ਸਾਧਨਾਂ ਨਾਲ ਪੱਤਰਕਾਰਾਂ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ। ਦੋ ਮਹਿਲਾ ਪੱਤਰਕਾਰਾਂ ਨੂੰ ਤਾਂ ਗਸ਼ ਹੀ ਪੈ ਚੱਲੀ ਸੀ। ਪਹਿਲਾਂ ਲੱਗ ਰਿਹਾ ਸੀ ਕਿ ਸ਼ਾਇਦ ਪ੍ਰਸ਼ਾਸਨ ਨਾਲ ਤਾਲਮੇਲ ਦੀ ਘਾਟ ਹੈ ਪਰ ਬਾਅਦ ਵਿਚ ਸਪੱਸ਼ਟ ਹੋਇਆ ਕਿ ਅਸਲ ਵਿਚ ਇਹ ਸਭ ਕੁਝ ਵਿਉਂਤਬੰਦੀ ਦੀ ਹੀ ਕੜੀ ਸੀ ਤਾਂ ਕਿ ਪੱਤਰਕਾਰਾਂ ਨੂੰ ਸਮੁੱਚੇ ਕੰਪਲੈਕਸ ਵਿਚ ਨਾ ਲਿਜਾਇਆ ਜਾਵੇ। ਬੱਸ ਕਮਾਂਡ ਸਦਰ ਮੁਕਾਮ ਪਹੁੰਚੀ ਅਤੇ ਅਸੀਂ ਅਪਰੇਸ਼ਨਜ਼ ਰੂਮ ਵਿਚ ਦਾਖ਼ਲ ਹੋਏ ਜਿੱਥੇ ਕੰਧ ਉਪਰ 'ਯੁੱਧ ਖੇਤਰ' ਭਾਵ ਦਰਬਾਰ ਸਾਹਿਬ ਕੰਪਲੈਕਸ ਦਾ ਇਕ ਵੱਡਾ ਨਕਸ਼ਾ ਲਟਕ ਰਿਹਾ ਸੀ। ਇੱਥੇ ਅਪਰੇਸ਼ਨ ਦੇ ਕਮਾਂਡਰ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਦੀ ਬ੍ਰੀਫਿੰਗ ਤੋਂ ਬਾਅਦ ਪ੍ਰੈੱਸ ਪਾਰਟੀ ਯੁੱਧ ਖੇਤਰ ਵੱਲ ਰਵਾਨਾ ਹੋ ਗਈ। ਘੰਟਾ ਘਰ (ਜੋ ਕਈ ਸਾਲਾਂ ਬਾਅਦ ਢਾਹਿਆ ਗਿਆ) ਵੱਲ ਪੈਂਦੇ ਦਰਬਾਰ ਸਾਹਿਬ ਕੰਪਲੈਕਸ ਦੇ ਮੁੱਖ ਦੁਆਰ 'ਤੇ ਹੋਈ ਬਹੁਤ ਭਾਰੀ ਗੋਲੀਬਾਰੀ ਦੂਜੀ ਸੰਸਾਰ ਜੰਗ ਵੇਲੇ ਦੀ ਬਰਬਾਦੀ ਦਾ ਚੇਤਾ ਕਰਵਾ ਰਹੀ ਸੀ। ਘੰਟੇ ਦੀਆਂ ਸੂਈਆਂ ਚਾਰ ਜੂਨ ਦੀ ਸਵੇਰ 'ਤੇ ਰੁਕੀਆਂ ਹੋਈਆਂ ਸਨ ਜਦੋਂ ਅਪਰੇਸ਼ਨ ਸ਼ੁਰੂ ਹੋਇਆ ਸੀ। ਚਾਰੇ ਪਾਸੇ ਸੰਨਾਟਾ ਛਾਇਆ ਹੋਇਆ ਸੀ, ਅੰਦਰ ਮਨੁੱਖੀ ਮਾਸ ਦੀ ਦੁਰਗੰਧ ਫੈਲੀ ਹੋਈ ਸੀ। ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਚਾਂਦੀ ਦੇ ਵਰਕ ਵਾਲੇ ਦਰਵਾਜ਼ੇ 'ਤੇ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿਚ ਲਿਖਿਆ ਇਕ ਨੋਟਿਸ ਚਸਪਾ ਕੀਤਾ ਹੋਇਆ ਸੀ: ਅੰਡਰ ਆਰਮੀ ਆਕੂਪੇਸ਼ਨ (ਫ਼ੌਜ ਦੇ ਕਬਜ਼ੇ ਅਧੀਨ)। ਫ਼ੌਜ ਦੇ ਅਧਿਕਾਰੀਆਂ ਨੂੰ ਇਹ ਸਮਝਾਉਣ ਲਈ ਕਾਫ਼ੀ ਤਰੱਦਦ ਕਰਨਾ ਪੈ ਰਿਹਾ ਸੀ ਕਿ ਕਿਵੇਂ ਦਰਬਾਰ ਸਾਹਿਬ ਦਾ ਨੁਕਸਾਨ ਨਹੀਂ ਹੋਣ ਦਿੱਤਾ ਗਿਆ ਪਰ ਸਿੱਖਾਂ ਦੀ ਸਮੂਹਿਕ ਮਾਨਸਿਕਤਾ ਨੂੰ ਪਹੁੰਚੇ ਨੁਕਸਾਨ ਦਾ ਕੀ ? ਅਕਾਲ ਤਖ਼ਤ ਦੀ ਪਹਿਲੀ ਮੰਜ਼ਿਲ 'ਤੇ ਖ਼ੂਨ ਦੇ ਛਿੱਟਿਆਂ ਨਾਲ ਰੰਗੀ ਸਫ਼ੇਦ ਚਾਦਰ ਵਿਚ ਲਿਪਟੀ ਗੁਰੂ ਗ੍ਰੰਥ ਸਾਹਿਬ ਦੀ ਇਕ ਇਤਿਹਾਸਕ ਬੀੜ ਨਜ਼ਰ ਆਈ। ਬੀੜ ਨੂੰ ਸਾਂਭਣ ਦਾ ਇਹ ਤਰੱਦਦ ਐਨਾ ਤਰਾਸਦਿਕ ਹੋ ਨਿੱਬੜਿਆ ਕਿ ਮੈਨੂੰ ਕਈ ਸਾਲਾਂ ਤੱਕ ਝੰਜੋੜਦਾ ਰਿਹਾ। ਇਹ ਇਕ ਅਜਿਹਾ ਮੁਕੱਦਸ ਸਥਾਨ ਸੀ ਜਿੱਥੇ ਕਿਸੇ ਵਿਅਕਤੀ ਨੂੰ ਵਰਦੀ ਪਹਿਨ ਕੇ ਅੰਦਰ ਜਾਣ ਦੀ ਆਗਿਆ ਨਹੀਂ ਸੀ ਕਿਉਂਕਿ ਰੱਬ ਦਾ ਘਰ ਕਿਸੇ ਦੁਨਿਆਵੀ ਤਾਕਤ ਨੂੰ ਨਹੀਂ ਪਛਾਣਦਾ। ਪਰ ਜੂਨ ਤੋਂ ਕਾਫ਼ੀ ਦੇਰ ਪਹਿਲਾਂ ਹੀ ਬੰਦੂਕਧਾਰੀ ਖਾੜਕੂਆਂ ਨੇ ਕਬਜ਼ਾ ਕਰ ਕੇ ਇਸ ਸਥਾਨ ਦੀ ਪਵਿੱਤਰਤਾ ਭੰਗ ਕਰ ਦਿੱਤੀ ਸੀ। ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਸੀ ਜਦੋਂ ਇਹ ਸਥਾਨ ਇਕ ਆਜ਼ਾਦ ਰਾਜ ਲਈ ਸਿੱਖਾਂ ਦੇ ਹਥਿਆਰਬੰਦ ਸੰਘਰਸ਼ ਦਾ ਮਰਕਜ਼ ਬਣਿਆ ਸੀ। ਉਂਝ, ਉਦੋਂ ਤੱਕ ਇਸ ਨੂੰ ਭਾਰਤੀ ਸਟੇਟ ਨਾਲ ਟਕਰਾਅ ਦੇ ਮੰਤਵ ਦੇ ਰੂਪ ਵਿਚ ਨਹੀਂ ਐਲਾਨਿਆ ਗਿਆ ਸੀ। ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਪੈਂਦੀ ਅਕਾਲ ਤਖ਼ਤ ਦੀ ਲੋਕੇਸ਼ਨ ਦੇ ਮੱਦੇਨਜ਼ਰ ਇਸ ਦੀ ਖਾੜਕੂਆਂ ਵੱਲੋਂ ਕੀਤੀ ਕਿਲੇਬੰਦੀ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦਰਬਾਰ ਸਾਹਿਬ ਨੇੜੇ ਸਥਿਤ ਬੁੰਗਾ ਰਾਮਗੜ੍ਹੀਆ ਨੂੰ ਇਸ ਦੀ ਸੁਰੱਖਿਆ ਲਈ ਇਕ ਕਿਲੇ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਹਰੇਕ ਸ਼ਾਂਤਮਈ ਅੰਦੋਲਨ ਦੀ ਸ਼ੁਰੂਆਤ ਅਕਾਲ ਤਖ਼ਤ 'ਤੇ ਅਰਦਾਸ ਨਾਲ ਕੀਤੀ ਸੀ। ਬਹਰਹਾਲ, ਖਾੜਕੂਆਂ ਦੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਦੇ ਆਧਾਰ 'ਤੇ ਅਪਰੇਸ਼ਨ ਬਲਿਊ ਸਟਾਰ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦਰਬਾਰ ਸਾਹਿਬ 'ਚੋਂ ਬਾਹਰ ਆਉਂਦਿਆਂ ਇਕ ਸੀਨੀਅਰ ਅਫ਼ਸਰ ਨੇ ਉਸ ਜਗ੍ਹਾ ਵੱਲ ਇਸ਼ਾਰਾ ਕੀਤਾ ਜਿੱਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਗੋਲੀ ਮਾਰੀ ਗਈ ਸੀ। ਇਹ ਜਗ੍ਹਾ ਉਹ ਨਹੀਂ ਸੀ ਜਿਸ ਬਾਬਤ ਪਹਿਲਾਂ ਅਪਰੇਸ਼ਨਜ਼ ਰੂਮ ਵਿਚ ਉਚ ਅਧਿਕਾਰੀਆਂ ਵੱਲੋਂ ਕੀਤੀ ਗਈ ਬ੍ਰੀਫਿੰਗ ਵਿਚ ਦੱਸਿਆ ਗਿਆ ਸੀ। ਖ਼ੈਰ, ਉਸ ਨੇ ਗ਼ਲਤੀ ਭਾਂਪ ਕੇ ਝਟਪਟ 'ਦਰੁਸਤੀ' ਕਰ ਲਈ। ਉਸ ਵੇਲੇ ਤੱਕ ਸਰਕਾਰੀ ਦਾਅਵੇ ਮੁਤਾਬਕ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਮੇਜਰ ਜਨਰਲ (ਸੇਵਾਮੁਕਤ) ਸ਼ਬੇਗ ਸਿੰਘ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਦੀਆਂ ਮ੍ਰਿਤਕ ਦੇਹਾਂ ਅਕਾਲ ਤਖ਼ਤ ਦੀ ਬੇਸਮੈਂਟ 'ਚੋਂ ਬਰਾਮਦ ਹੋਈਆਂ ਸਨ ਪਰ ਇਸ ਦਾਅਵੇ ਦੇ ਉਲਟ ਉਨ੍ਹਾਂ ਨੂੰ ਝੰਡਾ ਬੁੰਗੇ ਦੇ ਸਾਹਮਣੇ ਉਦੋਂ ਗੋਲੀ ਵੱਜੀ ਸੀ ਜਦੋਂ ਉਹ ਬੇਸਮੈਂਟ 'ਚੋਂ ਬਾਹਰ ਆ ਰਹੇ ਸਨ। ਸੰਤ ਭਿੰਡਰਾਂਵਾਲਿਆਂ, ਅਮਰੀਕ ਸਿੰਘ ਅਤੇ ਮੇਜਰ ਜਨਰਲ ਸ਼ਬੇਗ ਸਿੰਘ ਦੀਆਂ ਅਸਥੀਆਂ 15 ਜੂਨ ਨੂੰ 200 ਹੋਰਨਾਂ ਵਿਅਕਤੀਆਂ ਦੀਆਂ ਅਸਥੀਆਂ ਨਾਲ ਕੀਰਤਪੁਰ ਸਾਹਿਬ ਵਿਖੇ ਵਿਸਰਜਿਤ ਕੀਤੀਆਂ ਗਈਆਂ। ਅਣਪਛਾਤੀਆਂ ਲਾਸ਼ਾਂ ਨੂੰ ਨਗਰ ਨਿਗਮ ਦੇ ਟਰੱਕਾਂ ਵਿਚ ਲੱਦ ਕੇ ਗੁਰਦੁਆਰਾ ਸ਼ਹੀਦਾਂ ਨੇੜਲੇ ਸ਼ਮਸ਼ਾਨਘਾਟ ਲਿਜਾ ਕੇ ਸਮੂਹਿਕ ਤੌਰ 'ਤੇ ਸਸਕਾਰ ਕੀਤਾ ਗਿਆ। ਹਾਲਾਂਕਿ ਸਾਕਾ ਨੀਲਾ ਤਾਰਾ ਦੀ ਅਗਾਊਂ ਯੋਜਨਾਬੰਦੀ ਕਈ ਮਹੀਨੇ ਪਹਿਲਾਂ ਕਰ ਲਈ ਗਈ ਸੀ ਪਰ ਉੱਥੇ ਮੌਜੂਦ ਖਾੜਕੂਆਂ ਵਲੋਂ ਦਿੱਤੀ ਗਈ ਸਖ਼ਤ ਟੱਕਰ ਕਰ ਕੇ ਫ਼ੌਜ ਦੀਆਂ ਗਿਣਤੀਆਂ ਮਿਣਤੀਆਂ ਹਵਾ ਵਿਚ ਉਡ ਗਈਆਂ। ਇੱਥੋਂ ਤੱਕ ਕਿ ਪੱਛਮੀ ਕਮਾਂਡ ਦੇ ਜਨਰਲ ਆਫੀਸਰ ਕਮਾਂਡਿੰਗ ਲੈਫਟੀਨੈਂਟ ਜਨਰਲ ਕੇ ਸੁੰਦਰਜੀ ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਖਾੜਕੂਆਂ ਦੀ ਆਪਣੇ ਕਾਜ਼ ਪ੍ਰਤੀ ਸਮਰਪਣ, ਵਚਨਬੱਧਤਾ ਅਤੇ ਲੜਨ ਦੇ ਜਜ਼ਬੇ ਦੀ ਗੱਲ ਪ੍ਰਵਾਨ ਕੀਤੀ ਸੀ। ਸਾਕਾ ਨੀਲਾ ਤਾਰਾ ਦਾ ਅੰਤ ਸੰਤ ਭਿੰਡਰਾਂਵਾਲਿਆਂ, ਅਮਰੀਕ ਸਿੰਘ ਅਤੇ ਮੇਜਰ ਜਨਰਲ ਸੇਵਾਮੁਕਤ ਸ਼ਬੇਗ ਸਿੰਘ ਅਤੇ ਸੈਂਕੜੇ ਹੋਰਨਾਂ ਲੋਕਾਂ ਦੀ ਮੌਤ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਅਤੇ ਧਰਮ ਯੁੱਧ ਮੋਰਚੇ ਦੇ ਆਗੂ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਬਹੁਤ ਸਾਰੇ ਹੋਰਨਾਂ ਦੀ ਗ੍ਰਿਫ਼ਤਾਰੀ ਨਾਲ ਹੋਇਆ। ਫ਼ੌਜੀ ਕਾਰਵਾਈ ਕਰ ਕੇ ਬਹੁਤ ਸਾਰੀਆਂ ਫ਼ੌਜੀ ਛਾਉਣੀਆਂ ਵਿਚ ਸਿੱਖ ਫ਼ੌਜੀਆਂ ਨੇ ਬਗਾਵਤ ਕਰ ਦਿੱਤੀ। ਬਹੁਤ ਸਾਰੇ ਸਿੱਖ ਫ਼ੌਜੀ ਅੰਮ੍ਰਿਤਸਰ ਵੱਲ ਮਾਰਚ ਕਰਦੇ ਹੋਏ ਰਾਹ ਵਿਚ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ। ਫ਼ੌਜ ਨੇ ਸਾਕਾ ਨੀਲਾ ਤਾਰਾ ਅਪਰੇਸ਼ਨ ਦੀ ਲੜੀ ਦੇ ਰੂਪ ਵਿਚ ਪੰਜਾਬ ਵਿਚ 42 ਹੋਰਨਾਂ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਸੀ। ਇਨ੍ਹਾਂ ਗੁਰਦੁਆਰਿਆਂ ਵਿਚ ਕੋਈ ਖਾੜਕੂ ਮੌਜੂਦ ਨਹੀਂ ਸੀ ਜਿਸ ਕਰ ਕੇ ਸਰਕਾਰ ਦੇ ਇਰਾਦਿਆਂ ਨੂੰ ਲੈ ਕੇ ਸਵਾਲ ਉਠਾਏ ਗਏ ਸਨ। ਗੁਰਦੁਆਰਾ ਦੂਖਨਿਵਾਰਨ ਸਾਹਿਬ, ਪਟਿਆਲਾ ਵਿਚ ਵੀ ਫ਼ੌਜੀ ਟੈਂਕ ਦਾਖ਼ਲ ਹੋਏ ਸਨ। ਪੂਰੇ ਪੰਜਾਬ ਨੂੰ ਫ਼ੌਜੀ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਅਤੇ ਬਾਕੀ ਦੁਨੀਆਂ ਨਾਲ ਅਲੱਗ ਥਲੱਗ ਕਰ ਦਿੱਤਾ ਗਿਆ ਸੀ।

-ਅਨੀਤਾ ਜਾਂਗੜਾ

# ਉੱਚ ਸਿੱਖਿਆ, ਸਰਕਾਰੀ ਸਰਪ੍ਰਸਤੀ ਤੇ ਬਦਲਵੇਂ ਵਿੱਤੀ ਸ੍ਰੋਤ

**ਡਾ. ਹਰਵਿੰਦਰ ਕੌਰ**



ਇਹ ਅਨੁਭਵ-ਸਿੱਧ ਸੱਚਾਈ ਹੈ ਕਿ ਕਿਸੇ ਮੁਲਕ ਜਾਂ ਸੂਬੇ ਵਿਚ ਉੱਚ ਸਿੱਖਿਆ ਦੇ ਪੱਧਰ ਦੀ ਜਿੰਨੀ ਵੱਡੀ ਦਰ, ਓਨਾ ਹੀ ਉਹ ਖੇਤਰ ਵਧੇਰੇ ਵਿਕਸਿਤ ਹੋਵੇਗਾ। ਵਿਕਸਿਤ ਮੁਲਕਾਂ ਨੇ ਆਰਥਿਕ ਵਿਕਾਸ ਵਿਚ ਗਿਆਨ ਦੇ ਯੋਗਦਾਨ ਦੀ ਮਹੱਤਤਾ ਨੂੰ ਸਮਝਦਿਆਂ ਜਦੋਂ ਉੱਚ ਸਿੱਖਿਆ ਖੇਤਰ ਦੇ ਹੋਰ ਵਿਸਤਾਰ ਲਈ ਕੀਤੇ ਸੁਧਾਰਾਂ ਤਹਿਤ ਪ੍ਰਾਈਵੇਟ ਖੇਤਰ ਦਾ ਸਹਾਰਾ ਲਿਆ ਸੀ, ਉਸ ਸਮੇਂ ਉਨ੍ਹਾਂ ਦਾ ਇਹ ਖੇਤਰ ਬਹੁਤ ਅਗਾਂਹ ਸੀ। ਉਦਾਹਰਨ ਵਜੋਂ, ਅਮਰੀਕਾ ਵਿਚ ਲਗਭਗ ਤਿੰਨ ਦਹਾਕੇ ਪਹਿਲਾਂ ਵੀ ਟਰਸ਼ਰੀ ਦਾਖਲਾ ਦਰ ਸੱਤਰ ਫ਼ੀਸਦੀ ਸੀ ਅਤੇ ਅਜਿਹੇ ਬਾਕੀ ਸਾਰੇ ਮੁਲਕਾਂ ਵਿਚ ਪੱਚੀ ਤੋਂ ਪੰਜਾਹ ਫ਼ੀਸਦੀ ਦੇ ਵਿਚਕਾਰ ਸੀ। ਭਾਰਤ ਨੇ ਵੀ ਉਨ੍ਹਾਂ ਦੇ ਪੂਰਨਿਆਂ ਤੇ ਚੱਲਦਿਆਂ ਆਪਣੇ ਉੱਚ ਸਿੱਖਿਆ ਖੇਤਰ ਵਿਚ ਮੰਡੀ ਪੱਖੀ ਆਰਥਿਕ ਸੁਧਾਰ ਕੀਤੇ ਪਰ ਸਾਡੇ ਵੱਲੋਂ ਇਹ ਕਦਮ ਚੁੱਕਣ ਦਾ ਅਜੇ ਸਮਾਂ ਨਹੀਂ ਸੀ ਆਇਆ, ਕਿਉਂਕਿ ਇਹ ਖੇਤਰ ਅਜੇ ਰਿੜ੍ਹਨ ਦੀ ਅਵਸਥਾ ਵਿਚ ਹੀ ਸੀ ਅਤੇ ਸਾਡੀ ਉਚੇਰੀ ਸਿਖਿਆ ਵਿਚ ਦਾਖਲਾ ਦਰ ਦਸ ਫ਼ੀਸਦੀ ਤੋਂ ਵੀ ਘੱਟ ਸੀ। ਸਾਡੇ ਮੁਲਕ ਵਿਚ ਤਾਂ ਹੁਣ ਵੀ 18-23 ਸਾਲ ਦੀ ਉਮਰ ਦੇ 14.2 ਕਰੋੜ ਨੌਜੁਆਨਾਂ ਵਿਚੋਂ ਚਾਰ ਕਰੋੜ ਤੋਂ ਵੀ ਘੱਟ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਦਾਖਲਾ ਦਰ ਕੇਵਲ 26-27 ਫ਼ੀਸਦੀ ਹੈ ਜਦੋਂਕਿ ਜਿਆਦਾਤਰ ਮੁਲਕ ਜਿਵੇਂ ਅਮਰੀਕਾ, ਬੇਲਾਰੂਸ, ਫਿਨਲੈਂਡ, ਕੋਰੀਆ, ਤੁਰਕੀ, ਗਰੀਸ ਆਦਿ ਤਾਂ ਆਪਣੇ ਟਰਸ਼ਰੀ ਪੱਧਰ ਦੀ ਸਿੱਖਿਆ ਦੀ ਦਾਖਲਾ ਦਰ ਨੂੰ ਨੱਬੇ ਫ਼ੀਸਦੀ ਦੇ ਨੇੜੇ ਤੇੜੇ ਅਤੇ ਸਪੇਨ, ਯੂਕਰੇਨ, ਸਲੋਵਾਨੀਆ ਵਰਗੇ ਮੁਲਕ ਅੱਸੀ ਫ਼ੀਸਦੀ ਤੱਕ ਪਹੁੰਚਾ ਚੁੱਕੇ ਹਨ।

ਵਧੇਰੇ ਪ੍ਰਗਤੀ ਲਈ ਵਧੇਰੇ ਨਾਗਰਿਕਾਂ ਨੂੰ ਉੱਚ ਸਿਖਿਅਤ ਕਰਨਾ ਲਾਜਮੀ ਹੁੰਦਾ ਹੈ ਅਤੇ ਇਸ ਦੀ ਲਾਗਤ ਵਧੇਰੇ ਹੋਣ ਕਾਰਨ ਇਸ ਉਪਰ ਆਮ ਲੋਕਾਂ ਦੀ ਪਹੁੰਚ ਬਣਾਉਣ ਲਈ ਲੰਮਾ ਸਮਾਂ ਸਰਕਾਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਗੱਲ ਨੂੰ ਸਮਝਦਿਆਂ ਬਹੁਤ ਸਾਰੇ ਮੁਲਕ ਆਪਣੀ ਰਾਸ਼ਟਰੀ ਆਮਦਨ ਦਾ ਸੱਤ ਫ਼ੀਸਦੀ ਤੋਂ ਵੀ ਵਧੇਰੇ ਸਿੱਖਿਆ ਉੱਪਰ ਖਰਚ ਕਰ ਰਹੇ ਹਨ। ਇੱਥੋਂ ਤੱਕ ਕਿ ਅਮਰੀਕਾ ਵਰਗੇ ਮੁਲਕਾਂ ਵਿਚ ਵੀ ਰਾਜ ਦੀ ਆਬਾਦੀ ਦੇ ਆਧਾਰ ਤੇ ਸਰਕਾਰੀ ਉੱਚ ਸਿੱਖਿਆ ਸੰਸਥਾਵਾਂ ਨੂੰ ਫੰਡਿੰਗ ਕੀਤੀ ਜਾਂਦੀ ਹੈ ਅਤੇ ਜਨਤਕ ਯੂਨੀਵਰਸਿਟੀਆਂ ਵਿਚ ਆਪਣੇ ਮੁਲਕ ਦੇ ਵਿਦਿਆਰਥੀਆਂ ਨੂੰ ਫੀਸਾਂ ਵਿਚ ਸੱਤਰ ਫ਼ੀਸਦੀ ਤੱਕ ਦੀ ਛੋਟ ਦਿੱਤੀ ਜਾਂਦੀ ਹੈ। ਇੰਨਾ ਹੀ ਨਹੀਂ ਸਗੋਂ ਪ੍ਰਾਈਵੇਟ ਅਦਾਰਿਆਂ ਲਈ ਵੀ ਸੰਪੂਰਨ ਲੋੜ ਆਧਾਰਿਤ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਅਜਿਹੀ ਵਿਵਸਥਾ ਵੀ ਹੈ ਕਿ ਪਰਿਵਾਰ ਦੀ ਜਿੰਨੀ ਸਮਰੱਥਾ ਹੈ, ਉਸ ਅਨੁਸਾਰ ਉਹ ਉਚੇਰੀ ਸਿੱਖਿਆ ਦੀ ਫ਼ੀਸ ਭਰ ਸਕਦਾ ਹੈ। ਇਨ੍ਹਾਂ ਸਹੂਲਤਾਂ ਤੋਂ ਇਲਾਵਾ ਉਚੇਰੀ ਸਿੱਖਿਆ ਲੈ ਰਹੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ 'ਕਰ ਲਾਭ' ਅਤੇ 'ਸਬਸਿਡੀਆਂ' ਵੀ ਦਿੱਤੀਆਂ ਜਾਂਦੀਆਂ ਹਨ। ਕਈ ਮੁਲਕਾਂ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਲੇ ਅੱਧੇ ਤੋਂ ਵੱਧ ਅਤੇ ਕੁਝ ਵਿਚ ਤਾਂ ਲਗਭਗ ਸਾਰੇ ਹੀ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਕਈ ਮੁਲਕਾਂ ਵਿਚ ਵਾਊਚਰ ਪ੍ਰਣਾਲੀ ਰਾਹੀਂ ਨਿਸ਼ਚਿਤ ਰਾਸ਼ੀ ਗ੍ਰਾਂਟ ਜਾਂ ਕਰਜੇ ਵਜੋਂ ਦੇ ਕੇ ਵਿਦਿਆਰਥੀ ਨੂੰ ਮਨਮਰਜੀ ਦੀ ਯੂਨੀਵਰਸਿਟੀ ਚੁਣਨ ਜਾਂ ਮਨਮਰਜੀ ਦਾ ਕੋਰਸ ਕਰਨ ਵਿਚ ਸਹਾਇਤਾ ਕੀਤੀ ਜਾਂਦੀ ਹੈ।

ਭਾਰਤ ਦੇ ਨੀਤੀ ਘਾੜਿਆਂ ਵੱਲੋਂ ਇਸ ਖੇਤਰ ਦੀ ਮਹੱਤਤਾ ਨੂੰ ਘਟਾ ਕੇ ਦੇਖਣ ਸਦਕਾ ਹੀ ਸਿੱਖਿਆ ਉੱਪਰ ਰਾਸ਼ਟਰੀ ਆਮਦਨ ਉੱਪਰ ਸੁਝਾਏ ਗਏ ਛੇ ਫ਼ੀਸਦੀ ਨਾਲੋਂ ਅੱਧਾ ਹੀ ਖਰਚ ਕੀਤਾ ਜਾਂਦਾ ਹੈ ਅਤੇ ਉਚੇਰੀ ਸਿੱਖਿਆ ਦਾ ਹਾਲ ਉਸ ਤੋਂ ਵੀ ਮਾੜਾ ਹੈ। ਮੁਲਕ ਵਿਚ ਇਸ ਸਮੇਂ ਕੁੱਲ ਇਕ ਹਜ਼ਾਰ ਦੇ ਕਰੀਬ ਯੂਨੀਵਰਸਿਟੀਆਂ ਵਿਚੋਂ 371 ਸਟੇਟ ਪਬਲਿਕ ਅਤੇ 46 ਕੇਂਦਰੀ ਯੂਨੀਵਰਸਿਟੀਆਂ ਹਨ। ਕੇਂਦਰੀ ਯੂਨੀਵਰਸਿਟੀਆਂ ਨੂੰ ਤਾਂ ਕੇਂਦਰ ਸਰਕਾਰ ਦੀਆਂ ਏਜੰਸੀਆਂ ਵੱਲੋਂ ਫੰਡ ਮੁਹੱਈਆ ਕੀਤੇ ਜਾਂਦੇ ਹਨ ਪਰ ਸਟੇਟ ਪਬਲਿਕ ਯੂਨੀਵਰਸਿਟੀਆਂ ਰਾਜ ਸਰਕਾਰਾਂ ਦੇ ਸਹਾਰੇ ਹੁੰਦੀਆਂ ਹਨ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਆਰਥਿਕ ਤੰਗੀ ਵਿਚੋਂ ਗੁਜਰ ਰਹੀਆਂ ਹਨ। ਪੁੰਨੀਆਂ ਕਮੇਟੀ (1993) ਤੋਂ ਲੈ ਕੇ ਨਾਰਾਇਣ ਮੂਰਤੀ ਕਮੇਟੀ (2013) ਤੱਕ ਦੇਖੀਏ ਤਾਂ ਇਨ੍ਹਾਂ ਕਮੇਟੀਆਂ ਨੇ ਭਾਵੇਂ ਉਚੇਰੀ ਸਿੱਖਿਆ ਦੇ ਵਿਸਥਾਰ ਲਈ ਜਿੱਥੇ ਗੈਰ ਸਰਕਾਰੀ ਖੇਤਰ ਦੀ ਸਿੱਧੀ ਸ਼ਮੂਲੀਅਤ ਦੇ ਨਾਲ ਨਾਲ ਸਰਕਾਰੀ ਸੰਸਥਾਵਾਂ ਨੂੰ ਫੀਸਾਂ ਰਾਹੀਂ ਉਚੇਰੀ ਸਿੱਖਿਆ ਦੀ ਲਾਗਤ ਦਾ ਹਿੱਸਾ ਉਗਰਾਹੁਣ ਅਤੇ ਵਰਤੋਂ ਲਾਗਤ ਦਾ ਨਿਯਮ ਅਪਨਾਉਣ ਦੀ ਸਿਫਾਰਿਸ਼ ਕੀਤੀ, ਉੱਥੇ ਤਕਰੀਬਨ ਹਰ ਕਮੇਟੀ ਨੇ ਵਾਜਿਬ ਸਰਕਾਰੀ ਫੰਡਿੰਗ ਅਤੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਸਰਕਾਰੀ ਸਹਾਇਤਾ ਜਿਵੇਂ ਗ੍ਰਾਂਟਾਂ, ਸਕਾਲਰਸ਼ਿਪ ਅਤੇ ਕਰਜਿਆਂ ਦੀ ਸਹੂਲਤ ਦੇਣ ਦੀ ਸਿਫਾਰਿਸ਼ ਵੀ ਜ਼ਰੂਰ ਕੀਤੀ ਹੈ। ਭਾਰਤ ਵਿਚ ਉਚੇਰੀ ਸਿੱਖਿਆ ਵਿਚ ਸ਼ੁਰੂ ਤੋਂ ਹੀ ਸਮਾਜਿਕ ਅਤੇ ਖੇਤਰੀ ਅਸਮਾਨਤਾਵਾਂ ਰਹੀਆਂ ਹਨ, ਇਸ ਲਈ ਬਾਰ੍ਹਵੀਂ ਪੰਜ ਸਾਲਾ ਯੋਜਨਾ ਵਿਚ ਖਾਸ ਤੌਰ ਤੇ ਸੰਮਲਿਤ ਅਤੇ ਗੁਣਾਤਮਕ ਵਿਸਤਾਰ ਕਰਨ ਲਈ ਕਿਹਾ ਗਿਆ ਸੀ ਤਾਂ ਕਿ ਸਮਾਜਿਕ ਅਸਮਾਨਤਾਵਾਂ ਘਟਾਈਆ ਜਾ ਸਕਣ ਅਤੇ ਸਿੱਖਿਆ ਦਾ ਮਿਆਰ ਸੁਧਾਰਿਆ ਜਾ ਸਕੇ। ਇਸ ਤੋਂ ਵੀ ਪਹਿਲਾਂ ਪਿਛਲੇ ਸਾਢੇ ਪੰਜ-ਛੇ ਦਹਾਕਿਆਂ ਤੋਂ ਹੀ, ਖਾਸ ਤੌਰ ਤੇ 1966 ਵਿਚ ਕੋਠਾਰੀ ਕਮਿਸ਼ਨ, 1968 ਤੇ 1986 ਦੀਆਂ ਰਾਸ਼ਟਰੀ ਸਿੱਖਿਆ ਨੀਤੀਆਂ ਅਤੇ ਉਸ ਤੋਂ ਬਾਅਦ ਵੀ ਕਈ ਕਮਿਸ਼ਨ ਰਾਸ਼ਟਰੀ ਆਮਦਨ ਦਾ ਸਿੱਖਿਆ ਉੱਪਰ ਛੇ ਫ਼ੀਸਦੀ ਅਤੇ ਸਿੱਖਿਆ ਦੇ ਕੇਂਦਰੀ ਸਲਾਹਕਾਰੀ ਬੋਰਡ ਵੱਲੋਂ 2015 ਵਿਚ ਯੂਨੀਵਰਸਿਟੀਆਂ ਅਤੇ ਉਚੇਰੀ ਸਿੱਖਿਆ ਲਈ ਇੱਕ ਫ਼ੀਸਦੀ ਸੁਝਾਇਆ ਗਿਆ ਸੀ। ਹੋਰ ਤਬਦੀਲੀਆਂ ਦੇ ਨਾਲ ਨਾਲ ਨਵੀਂ ਸਿੱਖਿਆ ਨੀਤੀ 2020 ਵਿਚ ਵੀ ਰਾਜਾਂ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਲਈ ਸਰਕਾਰੀ ਸਹਾਇਤਾ ਵਧਾਉਣ ਅਤੇ ਇਸ ਤੋਂ ਇਲਾਵਾ ਪ੍ਰਫਾਰਮੈਂਸ ਫੰਡਿੰਗ ਦੇਣ ਦੀ ਗੱਲ ਕੀਤੀ ਗਈ ਹੈ ਪਰ ਕੇਂਦਰ ਅਤੇ ਸੂਬਾ ਸਰਕਾਰਾਂ ਅਜਿਹੀਆਂ ਸਿਫਾਰਿਸ਼ਾਂ ਜਿਹੜੀਆਂ ਵਿੱਤੀ ਜਿੰਮੇਵਾਰੀਆਂ ਉਨ੍ਹਾਂ ਸਿਰ ਪਾਉਣ, ਉਨ੍ਹਾਂ ਨੂੰ ਨਜ਼ਰਅੰਦਾਜ ਕਰ ਕੇ ਬਾਕੀ ਦੀਆਂ ਸਿਫਾਰਿਸ਼ਾਂ ਨੂੰ ਖਿੜੇ ਮੱਥੇ ਮੰਨਦੀਆਂ ਹਨ; ਭਾਵ ਸੰਸਥਾਵਾਂ ਨੂੰ ਫੰਡਿੰਗ ਘਟਾ ਦਿੱਤੀ ਗਈ ਪਰ ਵਿਦਿਆਰਥੀਆਂ ਲਈ ਵੀ ਵਿੱਤੀ ਸਹੂਲਤਾਂ ਨਹੀਂ ਵਧਾਈਆਂ।

ਜਿਨ੍ਹਾਂ ਮੁਲਕਾਂ ਦੀ ਅਸੀਂ ਨਕਲ ਕੀਤੀ, ਉਨ੍ਹਾਂ ਵਿਚੋਂ ਵਧੇਰੇ ਮੁਲਕਾਂ ਨੇ ਇਨ੍ਹਾਂ ਤਬਦੀਲੀਆਂ ਅਤੇ ਸੁਧਾਰਾਂ ਕਾਰਨ ਸਰਕਾਰੀ ਉੱਚ ਵਿਦਿਅਕ ਸੰਸਥਾਵਾਂ ਦੀ ਵਿੱਤੀ ਹਾਲਤ ਤੇ ਪੈਣ ਵਾਲੇ ਅਸਰਾਂ ਵੱਲ ਅਗਾਊਂ ਸੰਵੇਦਨਸ਼ੀਲਤਾ ਦਿਖਾਉਂਦਿਆਂ ਉਨ੍ਹਾਂ ਨੂੰ ਆਪਣੀ ਆਮਦਨ ਆਪ ਵਧਾਉਣ ਲਈ ਨਵੇਂ ਬਦਲਵੇਂ ਸ੍ਰੋਤਾਂ ਦੀ ਵਰਤੋਂ ਕਰਨ ਅਤੇ ਲਾਗਤ ਘਟਾਉਣ ਲਈ ਕਿਹਾ। ਵਧੀਆਂ ਹੋਈਆ ਲਾਗਤਾਂ ਦਾ ਪਹੁੰਚ ਜਾਂ ਸਮਾਨਤਾ ਤੇ ਮਾੜਾ ਅਸਰ ਰੋਕਣ ਲਈ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਵੱਡੀਆਂ ਵਿੱਤੀ ਸਹਾਇਤਾ ਦੇਣ ਦੀਆਂ ਸਕੀਮਾਂ ਵੀ ਚਲਾਈਆਂ ਹਨ। ਲੋੜ ਆਧਾਰਿਤ ਗ੍ਰਾਂਟਾਂ, ਮੈਰਿਟ ਆਧਾਰਿਤ ਸਕਾਲਰਸ਼ਿਪ, ਆਮਦਨ ਆਧਾਰਿਤ ਕਰਜੇ, ਸਬਸਿਡੀ ਵਾਲੇ ਕਰਜੇ ਆਦਿ ਸਹੂਲਤਾਂ ਦੇ ਕੇ ਉੱਚ ਸਿੱਖਿਆ' ਤੇ ਵਿਦਿਆਰਥੀਆਂ ਦੀ ਪਹੁੰਚ ਨੂੰ ਵਧਾਇਆ ਗਿਆ ਹੈ। ਇਨ੍ਹਾਂ ਉਪਰਾਲਿਆਂ ਤਹਿਤ ਬਹੁਤ ਸਾਰੇ ਮੁਲਕਾਂ ਦੀਆਂ ਜਨਤਕ ਯੂਨੀਵਰਸਿਟੀਆਂ ਜੋ ਪਹਿਲਾਂ ਟਿਊਸ਼ਨ ਫੀਸ ਨਹੀਂ ਸਨ ਲੈਂਦੀਆਂ, ਨੇ ਟਿਊਸ਼ਨ ਫੀਸਾਂ ਲਗਾਈਆਂ ਹਨ ਅਤੇ ਕਈਆਂ ਨੇ ਵਧਾਈਆਂ ਹਨ। ਇਸ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀਆਂ 'ਵਰਤੋਂ ਲਾਗਤਾਂ' ਜਿਵੇਂ ਲਾਇਬ੍ਰੇਰੀ ਫੀਸ, ਲੈਬ ਫੀਸ, ਸਪੋਰਟਸ ਫੀਸ ਆਦਿ ਲਗਾ ਕੇ ਆਮਦਨ ਵਧਾਉਣ ਦੇ ਯਤਨ ਕੀਤੇ ਹਨ। ਇਸ ਦੇ ਨਾਲ ਹੀ ਇਹ ਯੂਨੀਵਰਸਿਟੀਆਂ ਕੌਮਾਂਤਰੀ ਵਿਦਿਆਰਥੀਆਂ ਦਾ ਦਾਖਲਾ ਵਧਾ ਕੇ ਅਤੇ ਉਨ੍ਹਾਂ ਤੋਂ ਆਪਣੇ ਵਿਦਿਆਰਥੀਆਂ ਨਾਲੋਂ ਕਈ ਗੁਣਾ ਵੱਧ ਫੀਸਾਂ ਲੈ ਕੇ ਆਮਦਨ ਕਮਾ ਰਹੀਆਂ ਹਨ। ਉਦਾਹਰਨ ਵਜੋਂ ਯੂਕੇ ਤੇ ਨਿਊਜੀਲੈਂਡ ਵਿਚ 16-17 ਫ਼ੀਸਦੀ, ਬੈਲਜੀਅਮ ਤੇ ਫ਼ਰਾਂਸ ਵਿਚ ਦਸ ਫ਼ੀਸਦੀ, ਨਾਰਵੇ ਵਿਚ ਸੱਤ ਫ਼ੀਸਦੀ ਉਚੇਰੀ ਸਿੱਖਿਆ ਦੇ ਕੌਮਾਂਤਰੀ ਵਿਦਿਆਰਥੀ ਹਨ। ਇਸ ਦੇ ਨਾਲ ਨਾਲ ਕੁਝ ਯੂਨੀਵਰਸਿਟੀਆਂ ਉੱਦਮੀ ਕਿਰਿਆਵਾਂ ਵਧਾ ਕੇ ਵਸਤਾਂ/ਸੇਵਾਵਾਂ/ਖੋਜਾਂ ਪੇਟੈਂਟ ਕਰਵਾ ਕੇ ਚੰਗੀ ਉਗਰਾਹੀ ਕਰ ਰਹੀਆਂ ਹਨ। ਬਹੁਤ ਸਾਰੀਆਂ ਯੂਨੀਵਰਸਿਟੀਆਂ ਆਪਣੇ ਕੋਲ ਉਪਲੱਬਧ ਸਥਾਨਾਂ ਜਿਵੇਂ ਵੱਡੇ ਹਾਲਾਂ, ਆਡੀਟੋਰੀਅਮ, ਗੈਸਟ ਹਾਊਸ, ਖੇਡ ਦੇ ਮੈਦਾਨਾਂ ਨੂੰ ਵਿਹਲੇ ਸਮੇਂ ਦੌਰਾਨ ਕਿਰਾਏ ਉੱਪਰ ਦੇਣ ਦਾ ਪ੍ਰਬੰਧ ਕਰ ਕੇ ਵੀ ਆਪਣੀ ਆਮਦਨ ਵਧਾ ਰਹੀਆ ਹਨ ਪਰ ਅਜਿਹਾ ਕਰਦਿਆਂ ਕਠੋਰ ਨਿਯਮਾਵਲੀ ਵੀ ਅਪਣਾਈ ਜਾਂਦੀ ਹੈ। ਸਵੈ-ਵਿੱਤੀ ਅਤੇ ਆਨਲਾਈਨ ਕੋਰਸਾਂ ਰਾਹੀ ਵੀ ਆਮਦਨ ਵਧਾਈ ਜਾ ਰਹੀ ਹੈ। ਬਹੁਤ ਸਾਰੇ ਮੁਲਕਾਂ ਵਿਚ ਉਚੇਰੀ ਸਿੱਖਿਆ ਸੰਸਥਾਵਾਂ ਨੂੰ ਅਲੂਮਨੀ ਅਤੇ ਹੋਰ ਦਾਨੀਆਂ ਵੱਲੋਂ ਮੋਟੀਆਂ ਰਕਮਾਂ ਦਾਨ ਵਜੋਂ ਬਿਨਾਂ ਕਿਸੇ ਸ਼ਰਤ ਜਾਂ ਸਕਾਲਰਸ਼ਿਪ ਦੇਣ ਜਾਂ ਇਮਾਰਤਾਂ ਦੇ ਨਿਰਮਾਣ ਲਈ ਦਿੱਤੀਆਂ ਜਾਂਦੀਆਂ ਹਨ। ਕਾਰਪੋਰੇਟ ਖੇਤਰ ਵੀ ਯੂਨੀਵਰਸਿਟੀਆਂ ਦੇ ਵਿਸ਼ੇਸ਼ ਵਿਭਾਗਾਂ ਵਿਚ ਫੰਡਿੰਗ ਕਰ ਕੇ ਜਿਵੇਂ ਵੱਡੀਆਂ ਪ੍ਰਾਈਵੇਟ ਗ੍ਰਾਂਟਾਂ ਦੇ ਕੇ ਜਾਂ ਪ੍ਰਾਈਵੇਟ ਨਿਵੇਸ਼ ਕਰ ਕੇ ਆਪਣੀਆਂ ਕੰਪਨੀਆਂ ਲਈ ਚੰਗੇ ਅਤੇ ਮਿਹਨਤੀ ਵਿਦਿਆਰਥੀਆਂ ਨੂੰ ਰੁਜ਼ਗਾਰ ਦੇਣ ਲਈ ਤਿਆਰ ਕਰਵਾਉਂਦਾ ਹੈ।

ਭਾਰਤ ਦੀ ਗੱਲ ਕਰੀਏ ਤਾਂ ਇਥੋਂ ਦੇ ਹਾਲਾਤ ਵਿਕਸਿਤ ਮੁਲਕਾਂ ਨਾਲੋਂ ਭਿੰਨ ਹਨ, ਇਥੇ ਤਾਂ ਲਗਭਗ ਇਕ ਤਿਹਾਈ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਹਨ ਤੇ ਬੇਰੁਜ਼ਗਾਰੀ ਬਹੁਤ ਹੈ। ਪ੍ਰਤੀ ਵਿਅਕਤੀ ਆਮਦਨ ਘੱਟ ਹੋਣ ਕਾਰਨ ਜਿਆਦਾਤਰ ਪਰਿਵਾਰ ਉਚੇਰੀ ਸਿੱਖਿਆ ਦੀ ਵੱਡੀ ਲਾਗਤ ਸਹਿਣ ਨਹੀਂ ਕਰ ਸਕਦੇ; ਇਸ ਲਈ ਸਾਰੇ ਵਿਦਿਆਰਥੀਆਂ ਲਈ ਫ਼ੀਸਾਂ ਨਹੀਂ ਵਧਾਈਆਂ ਜਾ ਸਕਦੀਆਂ। ਸਰਕਾਰੀ ਯੂਨੀਵਰਸਿਟੀਆਂ ਆਪਣੇ ਕਲਿਆਣਕਾਰੀ ਉਦੇਸ਼ ਤੋਂ ਪਾਸੇ ਜਾ ਕੇ ਵੀ ਫੀਸਾਂ ਨਹੀਂ ਵਧਾ ਸਕਦੀਆਂ। ਕੌਮਾਂਤਰੀ ਵਿਦਿਆਰਥੀਆਂ ਤੋਂ ਸਾਧਨ ਉਗਰਾਹੁਣ ਦੀ ਗੱਲ ਕਰੀਏ ਤਾਂ ਇਸ ਦੇ ਉਲਟ ਭਾਰਤ ਵਿਚੋਂ ਤਾਂ 7-8 ਲੱਖ ਵਿਦਿਆਰਥੀ ਮੋਟੀ ਰਾਸ਼ੀ ਖਰਚ ਕੇ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਜਾਂਦੇ ਹਨ ਅਤੇ ਵਧੇਰੇ ਇੱਥੇ ਦੀ ਬੇਰੁਜ਼ਗਾਰੀ ਦੇ ਡਰੋਂ ਉੱਥੇ ਹੀ ਵਸਣਾ ਚਾਹੁੰਦੇ ਹਨ। ਭਾਰਤ ਵਿਚ ਵਿਦੇਸ਼ੀ ਵਿਦਿਆਰਥੀ ਪੰਜਾਹ ਹਜ਼ਾਰ ਤੋਂ ਵੀ ਘੱਟ ਹਨ ਜੋ ਕੁੱਲ ਵਿਦਿਆਰਥੀਆਂ ਦਾ 0.12 ਫ਼ੀਸਦੀ ਹਨ। ਫੰਡਾਂ ਦੀ ਤੋਟ ਕਾਰਨ ਅਧਿਆਪਕਾਂ ਦੀ ਘਾਟ, ਵੱਡੇ ਪੱਧਰ ਤੇ ਐਡਹਾਕ ਅਤੇ ਗੈਸਟ ਫੈਕਲਟੀ ਤੇ ਨਿਰਭਰਤਾ ਕਾਰਨ ਮਿਆਰੀ ਸਿੱਖਿਆ ਦੇਣ ਤੋਂ ਅਸਮਰਥਾ ਅਤੇ ਹੋਸਟਲਾਂ ਅਤੇ ਸਾਫ-ਸਫਾਈ ਦੀਆਂ ਸਹੂਲਤਾਂ ਦੀ ਘਾਟ ਵਰਗੀਆਂ ਸਮੱਸਿਆਵਾਂ ਕਾਰਨ ਭਾਰਤੀ ਯੂਨੀਵਰਸਿਟੀਆਂ ਚੰਗੇ ਮੁਲਕਾਂ ਦੇ ਵਿਦਿਆਰਥੀਆਂ ਦੀ ਖਿੱਚ ਦਾ ਕੇਂਦਰ ਨਹੀਂ ਬਣਦੀਆਂ। ਦੂਜੇ ਬਦਲਵੇਂ ਢੰਗਾਂ ਜਿਵੇਂ ਵਰਤੋਂ ਲਾਗਤਾਂ, ਅਲੂਮਨੀ ਤੋਂ ਸਹਾਇਤਾ ਆਦਿ ਤੋਂ ਸਾਧਨ ਜੁਟਾਉਣ ਦੀ ਸਮਰੱਥਾ ਵੀ ਭਾਰਤ ਦੀਆਂ ਜਿਆਦਾਤਰ ਯੂਨੀਵਰਸਿਟੀਆਂ ਵਿਚ ਅਜੇ ਬਹੁਤ ਘੱਟ ਹੈ।

ਭਾਰਤ ਵਿਚ ਉਚੇਰੀ ਸਿਖਿਆ ਦਾ ਸਰਬ-ਵਿਆਪੀਕਰਨ, ਸਮਾਜਿਕ ਅਸਮਾਨਤਾ ਘਟਾਉਣ, ਖੋਜ ਦੀ ਗੁਣਵਤਾ ਵਧਾਉਣ, ਵਧੇਰੇ ਸਕਾਲਰਸ਼ਿਪ ਦੇਣ ਅਤੇ ਜਨਤਕ ਯੂਨੀਵਰਸਿਟੀਆ ਦਾ ਮਿਆਰ ਕੌਮਾਂਤਰੀ ਪੱਧਰ ਦਾ ਕਰਨ ਲਈ ਅਜੇ ਕੁਝ ਸਮਾਂ ਹੋਰ ਵੱਡੀ ਸਰਕਾਰੀ ਸਰਪ੍ਰਸਤੀ ਦੀ ਲੋੜ ਹੈ।

# ਗਰਮੀ ਦਾ ਕਹਿਰ: 46.7 ਡਿਗਰੀ ਤਾਪਮਾਨ ਨਾਲ ਸਭ ਤੋਂ ਵਧ ਤਪਿਆ ਫ਼ਰੀਦਕੋਟ

## ਮੁੜ੍ਹਕੇ ਵਾਲੀ ਤਪਸ਼ ਦੀ ਆਮਦ; ਫਿਲਹਾਲ ਗਰਮੀ ਤੋਂ ਛੇਤੀ ਰਾਹਤ ਦੀ ਆਸ ਨਹੀਂ

**ਮਾਨਸਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਨਾਲ ਖਹਿੰਦੇ ਪੰਜਾਬ ਦੇ ਮਾਲਵਾ ਖਿੱਤੇ 'ਚ ਗਰਮੀ ਆਪਣਾ ਜਲਵਾ ਦਿਖਾ ਰਹੀ ਹੈ। ਅੱਜ ਇਸ ਖਿੱਤੇ ਦੇ ਸ਼ਹਿਰ ਫ਼ਰੀਦਕੋਟ 'ਚ ਪੰਜਾਬ ਵਿੱਚ ਸਭ ਤੋਂ ਵੱਧ ਤਾਪਮਾਨ 46.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਾਲਾਂਕਿ 1 ਜੂਨ ਸ਼ਾਮ ਨੂੰ ਇਥੇ ਝੁੱਲੀ ਹਨੇਰੀ ਅਤੇ ਪੰਜਾਬ ਵਿੱਚ ਟੁੱਟਵੇਂ ਥਾਵਾਂ 'ਤੇ ਪਏ ਛਰਾਟਿਆਂ ਤੋਂ ਬਾਅਦ ਪਾਰੇ 'ਚ ਥੋੜ੍ਹੀ ਗਿਰਾਵਟ ਆਈ ਸੀ ਪਰ ਅੱਜ ਪੂਰਾ ਦਿਨ ਪਿਛਲੇ ਦਿਨਾਂ ਦੀ ਤੁਲਨਾ 'ਚ ਮੁੜ੍ਹਕੇ ਵਾਲੀ ਗਰਮੀ ਦਾ ਰਿਹਾ।

ਮਾਲਵੇ ਦੇ ਹੀ ਸ਼ਹਿਰਾਂ ਬਰਨਾਲਾ 'ਚ ਅੱਜ ਦਾ ਤਾਪਮਾਨ 45.6, ਬਠਿੰਡਾ 'ਚ 44.6 ਅਤੇ ਫ਼ਿਰੋਜ਼ਪੁਰ 'ਚ 44.2 ਡਿਗਰੀ ਸੈਲਸੀਅਸ ਨੋਟ ਕੀਤਾ ਗਿਆ। ਮੌਸਮ ਮਾਹਿਰਾਂ ਦੀ ਮੰਨੀਏ ਤਾਂ 4-5 ਜੂਨ ਨੂੰ ਪੱਛਮੀ ਗੜਬੜੀ ਵਾਲਾ ਇੱਕ ਸਿਸਟਮ ਪੰਜਾਬ ਵਿੱਚ ਪ੍ਰਵੇਸ਼ ਕਰ ਸਕਦਾ ਹੈ, ਜੋ ਹਲਕੀਆਂ ਫ਼ੁਹਾਰਾਂ ਆਪਣੇ ਨਾਲ ਲਿਆਵੇਗਾ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬੇਤਹਾਸ਼ਾ ਗਰਮੀ ਪੈਣ ਕਾਰਨ ਹਸਪਤਾਲਾਂ ਵਿੱਚ ਡਾਇਰੀਏ ਦੇ ਮਰੀਜ਼ਾਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਗਰਮੀ ਕਾਰਨ ਪਾਚਨ ਪ੍ਰਣਾਲੀ ਖਰਾਬ ਹੋ ਜਾਂਦੀ ਹੈ, ਜਿਸ ਨਾਲ ਮਰੀਜ਼ ਟੱਟੀਆਂ, ਉਲਟੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਡਾਕਟਰਾਂ ਦੀ ਸਲਾਹ ਹੈ ਕਿ ਇਨ੍ਹਾਂ ਦਿਨਾਂ ਵਿੱਚ ਭੁੱਖੇ ਰਹਿਣਾ ਅਤੇ ਪੇਟ ਭਰ ਕੇ ਖਾਣਾ, ਦੋਵੇਂ ਹੀ ਗ਼ਲਤ ਹਨ। ਉਨ੍ਹਾਂ ਕਿਹਾ ਕਿਹਾ ਕਿ ਗਰਮੀ 'ਚ ਭੋਜਨ ਵੱਧ ਵਾਰ ਪਰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਲਿਆ ਜਾਵੇ। ਤਲੀਆਂ ਅਤੇ ਭਾਰੀ ਚੀਜ਼ਾਂ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।



ਮਾਨਸਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਮੱਕੀ ਦੀ ਫ਼ਸਲ ਨੂੰ ਪਾਣੀ ਲਾਉਂਦਾ ਹੋਇਆ ਕਿਸਾਨ।

**ਗਰਮੀ ਕਾਰਨ ਮੱਚਣ ਲੱਗੀਆਂ ਉੱਗਦੀਆਂ ਫ਼ਸਲਾਂ**

ਮਾਲਵਾ ਪੱਟੀ ਵਿਚ ਗਰਮੀ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਛੋਟੀਆਂ ਉਗਰਦੀਆਂ ਫਸਲਾਂ ਮੱਚਣ ਲੱਗੀਆਂ ਹਨ, ਜਿਸ ਨੂੰ ਬਚਾਉਣ ਲਈ ਕਿਸਾਨਾਂ ਨੇ ਪਾਣੀ ਦੇਣਾ ਆਰੰਭ ਕਰ ਦਿੱਤਾ ਹੈ। ਅੱਜ ਮਾਨਸਾ ਵਿੱਚ 45 ਡਿਗਰੀ ਸੈਂਟੀਗਰੇਡ ਪਾਰਾ ਰਹਿਣ ਸਮੇਤ ਪੂਰਾ ਮਾਲਵਾ ਖੇਤਰ ਗਰਮੀ ਨਾਲ ਤੱਪਿਆ ਰਿਹਾ।

ਖੇਤੀਬਾੜੀ ਮਹਿਕਮੇ ਵਲੋਂ ਵੀ ਕਿਸਾਨਾਂ ਨੂੰ ਆਪਣੀ ਫ਼ਸਲ ਬਚਾਉਣ ਲਈ ਲਗਾਤਾਰ ਪਾਣੀ ਦੇਣ ਦਾ ਸੱਦਾ ਦਿੱਤਾ ਗਿਆ ਹੈ। ਖੇਤੀ ਮਹਿਕਮੇ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਤਾਪਮਾਨ ਜ਼ਿਆਦਾ ਹੋਣ ਕਾਰਨ ਨਿੱਕੀਆਂ ਫਸਲਾਂ ਤੋਂ ਗਰਮੀ ਸਹਾਰੀ ਨਹੀ ਜਾ ਰਹੀ ਹੈ, ਜਿਸ ਕਾਰਨ ਉਹ ਦਮ ਤੋੜਨ ਲੱਗੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਲਗਾਤਾਰ ਸਬਜ਼ੀਆਂ, ਪਸ਼ੂਆਂ ਦਾ ਹਰਾ ਚਾਰਾ ਅਤੇ ਨਰਮੇ ਦੀ ਛੋਟੀ ਫਸਲ ਨੂੰ ਪਾਣੀ ਲਾਉਣ ਲਈ ਕਿਸਾਨਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਖੇਤੀ ਮਾਹਿਰਾਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਜੇਕਰ ਤਾਪਮਾਨ ਵਧਦਾ ਰਿਹਾ ਤਾਂ ਮਾਲਵਾ ਪੱਟੀ ਦੇ ਰੇਤਲੇ ਖੇਤਰ 'ਚੋਂ ਹਜ਼ਾਰਾਂ ਏਕੜ ਨਰਮੇ ਦੀ ਨਿੱਕੀ ਫ਼ਸਲ ਨੇ ਖੇਤਾਂ ਨੂੰ ਖਾਲੀ ਕਰ ਦੇਣਾ ਹੈ।

# ਫਰੀਦਕੋਟ 'ਚ ਵਿਸ਼ਵ ਸਾਈਕਲ ਦਿਵਸ ਨੂੰ ਸਮਰਪਿਤ ਰੈਲੀ ਕੀਤੀ



ਸਾਈਕਲ ਰੈਲੀ ਵਿਚ ਸ਼ਾਮਲ ਵਿਧਾਇਕ ਗੁਰਦਿਤ ਸਿੰਘ ਸੇਖੋਂ ਅਤੇ ਸ਼ਹਿਰ ਵਾਸੀ।

**ਫਰੀਦਕੋਟ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤਮੰਦ ਰਹਿਣ ਲਈ ਅਤੇ ਵਿਸ਼ਵ ਸਾਈਕਲ ਦਿਵਸ ਨੂੰ ਸਮਰਪਿਤ ਫਰੀਦਕੋਟ ਵਿੱਚ ਸਾਈਕਲ ਰੈਲੀ ਕੱਢੀ ਇਸ ਸਮਾਗਮ ਦੇ ਪ੍ਰਬੰਧਕ ਡਾ. ਗਗਨ ਬਜਾਜ ਅਤੇ ਵਿਕਾਸ ਗੋਇਲ ਨੇ ਦੱਸਿਆ ਕਿ ਇਥੋਂ ਦੇ ਵਸਨੀਕਾਂ ਵੱਲੋਂ ਬਣਾਏ ਗਏ ਸਾਈਕਲ ਗਰੁੱਪ ਨੇ ਲੋਕਾਂ ਨੂੰ ਸਿਹਤਮੰਦ ਰੱਖਣ ਅਤੇ ਵਾਤਾਵਰਨ ਦੀ ਸਾਂਭ ਸੰਭਾਲ ਤੇ ਟਰੈਫਿਕ ਦੀ ਸਮੱਸਿਆ ਤੋਂ ਨਿਜਾਤ ਪਾਉਣ ਦਾ ਸੰਦੇਸ਼ ਦਿੰਦਿਆਂ ਇੱਥੇ ਇੱਕ ਸਾਈਕਲ ਰੈਲੀ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਫਰੀਦਕੋਟ ਦੇ ਵਿਧਾਇਕ ਗੁਰਦਿਤ ਸਿੰਘ ਸੇਖੋਂ ਅਤੇ ਸੈਂਕੜੇ ਨੌਜਵਾਨਾਂ ਨੇ ਹਿੱਸਾ ਲਿਆ। ਗੁਰਦਿੱਤ ਸਿੰਘ ਸੇਖੋ ਨੇ ਦੱਸਿਆ ਕਿ ਇਸ ਸਾਈਕਲ ਰੈਲੀ ਵਿੱਚ ਬਜ਼ੁਰਗ ਨੌਜਵਾਨ, ਡਾਕਟਰ, ਵਕੀਲ, ਪ੍ਰੋਫੈਸਰ ਅਤੇ ਹਰ ਤਬਕੇ ਨਾਲ ਸਬੰਧਤ ਲੋਕਾਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਾਈਕਲ ਰੈਲੀ ਵਿੱਚ ਅਜਿਹੇ ਵਿਅਕਤੀ ਵੀ ਸ਼ਾਮਲ ਹੋਏ ਜਿਨ੍ਹਾਂ ਨੇ 40 ਘੰਟਿਆਂ ਵਿੱਚ 600 ਕਿਲੋਮੀਟਰ ਤੱਕ ਸਾਈਕਲ ਚਲਾਇਆ। ਇਸ ਸਾਈਕਲ ਰੈਲੀ ਨੇ ਕਰੀਬ 15 ਕਿਲੋਮੀਟਰ ਦਾ ਸਫਰ ਤੈਅ ਕੀਤਾ। ਇਸ ਰੈਲੀ ਵਿੱਚ ਸ਼ਾਮਿਲ ਹੋਣ ਵਾਲੇ ਬਜ਼ੁਰਗਾਂ ਅਤੇ ਨੌਜਵਾਨਾਂ ਦਾ ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ।

ਗੁਰਦਿਤ ਸਿੰਘ ਸੇਖੋ ਨੇ ਕਿਹਾ ਕਿ ਅਜਿਹੀਆਂ ਰੈਲੀਆਂ ਨੂੰ ਉਤਸ਼ਾਹਿਤ ਕਰਨ ਲਈ ਭਵਿੱਖ ਵਿੱਚ ਵੀ ਚਾਰਾਜੋਈ ਜਾਰੀ ਰਹੇਗੀ।

# ਸ਼ੈੱਲਰ ਐਸੋਸੀਏਸ਼ਨ ਨੇ ਚੌਲ ਨਾ ਚੁੱਕਣ 'ਤੇ ਐੱਫਸੀਆਈ ਖ਼ਿਲਾਫ਼ ਖੋਲ੍ਹਿਆ ਮੋਰਚਾ

**ਮਾਨਸਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਜਦੋਂ ਝੋਨੇ ਦੀ ਲੁਆਈ ਦਾ ਸੀਜ਼ਨ ਆਰੰਭ ਹੋਣ ਵਾਲਾ ਹੈ। ਦੂਜੇ ਪਾਸੇ ਮਾਨਸਾ ਜ਼ਿਲ੍ਹੇ ਦੇ ਸ਼ੈਲਰ ਮਾਲਕਾਂ ਨੇ ਐਫਸੀਆਈ ਵੱਲੋਂ ਚੌਲ ਨਾ ਚੁੱਕੇ ਜਾਣ ਦੇ ਮਾਮਲੇ ਵਿੱਚ ਅੰਦੋਲਨ ਆਰੰਭ ਕਰਨਾ ਪੈ ਗਿਆ ਹੈ। ਸ਼ੈਲਰ ਮਾਲਕ ਐਸੋਸੀਏਸ਼ਨ ਮਾਨਸਾ ਦਾ ਕਹਿਣਾ ਹੈ ਕਿ ਐਫਸੀਆਈ ਦੇ ਜਨਰਲ ਮੈਨੇਜਰ ਕੋਲ ਇਸ ਮਾਮਲੇ ਨੂੰ ਉਠਾਉਣ ਦੇ ਬਾਵਜੂਦ ਅਜੇ ਤੱਕ ਕੋਈ ਵਿਸ਼ਵਾਸ ਨਹੀਂ ਦਿਵਾਇਆ ਗਿਆ ਹੈ ਜਦੋਂਕਿ ਸ਼ੈਲਰਾਂ ਵਿੱਚ ਪਏ ਪਿਛਲੇ ਸਾਲ ਦੇ ਚੌਲ ਨਾ ਚੁੱਕੇ ਜਾਣ ਕਾਰਨ ਨਵੀਂ ਫ਼ਸਲ ਨੂੰ ਰੱਖਣ ਲਈ ਕਿਸੇ ਸ਼ੈਲਰ ਵਿੱਚ ਕੋਈ ਵੀ ਥਾਂ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਐਫਸੀਆਈ ਗੁਦਾਮਾਂ ਵਿੱਚ ਪਿਛਲੇ ਸਾਲ ਦਾ ਕਰੀਬ 2000 ਗੱਡੀ ਦਾ ਮਾਲ ਬਕਾਇਆ ਪਿਆ ਹੈ ਪ੍ਰੰਤੂ ਐਫਸੀਆਈ ਅਧਿਕਾਰੀਆਂ ਵੱਲੋਂ ਇਨ੍ਹਾਂ ਨੂੰ ਬਾਹਰੀ ਸੂਬਿਆਂ ਵਿੱਚ ਭੇਜਣ ਲਈ ਸਪੈਸ਼ਲ ਗੱਡੀਆਂ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ ਹੈ।

ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਸਮੱਸਿਆ ਦੇ ਹੱਲ ਲਈ ਭਲਕੇ ਐਫਸੀਆਈ ਗੁਦਾਮ ਦੇ ਬਾਹਰ ਧਰਨਾ ਲਗਾਕੇ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਜੇਕਰ ਫਿਰ ਵੀ ਵਿਭਾਗ ਵੱਲੋਂ ਇਸ ਸਮੱਸਿਆ ਦਾ ਫੌਰੀ ਹੱਲ ਕਰਦਿਆਂ ਤਿਆਰ ਚਾਵਲ ਨਾ ਚੁੱਕਿਆ ਗਿਆ ਤਾਂ ਆਉਣ ਵਾਲੇ ਸੀਜ਼ਨ ਵਿੱਚ ਸ਼ੈਲਰ ਐਸੋਸੀਏਸ਼ਨ ਵੱਲੋਂ ਝੋਨੇ ਦੀ ਖਰੀਦ ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ।

ਇਸ ਮੌਕੇ ਸੁਮਿਤ ਕੁਮਾਰ ਸ਼ੈਲੀ, ਮੱਖਣ ਲਾਲ, ਸੁਰੇਸ਼ ਕੁਮਾਰ ਕਰੋੜੀ, ਪਾਲ ਚੰਦ ਪਾਲਾ, ਰਾਜੀਵ ਕੁਮਾਰ ਮਾਨਾਂ ਵਾਲਾ, ਨਰੈਣ ਪ੍ਰਕਾਸ਼, ਬਾਵਾ, ਰਾਕੇਸ਼ ਕੁਮਾਰ, ਰੋਬਿਨ, ਮੁਕੇਸ਼ ਕੁਮਾਰ,ਅਸ਼ੋਕ ਕੁਮਾਰ, ਧਰਮਪਾਲ ਨੇ ਵੀ ਸੰਬੋਧਨ ਕੀਤਾ।

# ਸੁੰਦਰੀਕਰਨ ਤੇ ਸਹੂਲਤਾਂ ਨੂੰ ਉਡੀਕ ਰਿਹੈ ਸ਼ਹਿਣਾ ਦਾ ਬੱਸ ਅੱਡਾ

**ਸ਼ਹਿਣਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਸਬੇ ਸ਼ਹਿਣਾ ਦਾ ਬੱਸ ਸਟੈਂਡ ਸੁੰਦਰੀਕਰਨ ਨੂੰ ਉਡੀਕਦਾ-ਉਡੀਕਦਾ ਬੇਕਾਰ ਹੋ ਗਿਆ ਹੈ। ਇੱਥੇ ਸਰਦੀਆਂ ਲਈ ਦੋ ਉਡੀਕ ਘਰ ਤਾਂ ਬਣਾਏ ਗਏ ਹਨ ਪ੍ਰੰਤੂ ਸਵਾਰੀਆਂ ਫਿਰ ਵੀ ਬੋਹੜ ਥੱਲੇ ਬੈਠ ਕੇ ਹੀ ਬੱਸਾਂ ਦੀ ਉਡੀਕ ਕਰਦੀਆਂ ਹਨ। ਸਥਾਨਕ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਦਫ਼ਤਰ ਵੱਲੋਂ 1988 'ਚ ਇੱਕ ਉਡੀਕ ਘਰ ਬਣਾਇਆ ਗਿਆ ਸੀ। ਇਹ ਉਡੀਕ ਘਰ ਬੱਸਾਂ ਖੜ੍ਹਨ ਵਾਲੀ ਥਾਂ ਤੋਂ ਦੂਰ ਹੈ ਅਤੇ ਬੇਹੱਦ ਖਸਤਾ ਹਾਲਤ ਹੈ।ਇਸ ਦੀ ਹਾਲਤ ਏਨੀ ਖਸਤਾ ਹੈ ਕਿ ਕੋਈ ਇਸਦੇ ਥੱਲੇ ਤਾਂ ਕੀ ਨੇੜੇ ਵੀ ਬੈਠਣਾ ਨਹੀਂ ਚਾਹੁੰਦਾ ਹੈ ਅਤੇ ਨਾਲ ਹੀ ਗੰਦਗੀ ਦੇ ਢੇਰ ਪਏ ਹਨ। ਦੂਸਰਾ ਉਡੀਕ ਘਰ ਸਾਈਡ 'ਤੇ ਹੋਣ ਕਾਰਨ ਸਵਾਰੀਆਂ ਬੋਹੜ ਥੱਲੇ ਹੀ ਬੈਠਣ ਲਈ ਹੀ ਮਜਬੂਰ ਹਨ। ਪਿੰਡ ਦੇ ਲੋਕਾਂ ਨੇ 2022 'ਚ ਲੱਗੇ ਸੰਗਤ ਦਰਸ਼ਨ 'ਚ ਤਤਕਾਲੀ ਡਿਪਟੀ ਕਮਿਸ਼ਨਰ ਦੇ ਧਿਆਨ 'ਚ ਮਸਲਾ ਲਿਆਦਾ ਸੀ ਪ੍ਰੰਤੂ ਉਸ 'ਤੇ ਕੋਈ ਅਮਲ ਨਹੀਂ ਹੋਇਆ। ਲੋਕਾਂ ਦੀ ਮੰਗ ਹੈ ਕਿ ਇਨ੍ਹਾਂ ਉਡੀਕ ਘਰ੍ਹਾਂ ਦੀ ਮੁਰੰਮਤ ਕਰ ਕੇ ਸੁੰਦਰ ਅਤੇ ਬੈਠਣ ਯੋਗ ਬਣਾਇਆ ਜਾਵੇ।

# ਪਰਵਾਸੀ ਪੰਜਾਬੀ ਨੇ ਆਪਣੀ ਕੋਠੀ 'ਤੇ 'ਸਟੈਚੂ ਆਫ਼ ਲਿਬਰਟੀ' ਲਾਇਆ

## ਅਮਰੀਕਾ ਵਿੱਚ ਕਾਮਯਾਬ ਹੋਣ ਦੀ ਖ਼ੁਸ਼ੀ ਵਿਚ ਲਾਇਆ ਅਠਾਰਾਂ ਫੁੱਟ ਉੱਚਾ ਬੁੱਤ

**ਮੋਗਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ 305 ਫੁੱਟ ਉੱਚਾ ਸਟੈਚੂ ਆਫ ਲਿਬਰਟੀ ਦਾ ਵਿਸ਼ਾਲ ਪ੍ਰਤੀਰੂਪ ਹੁਣ ਪੰਜਾਬ ਦੇ ਮੋਗਾ ਜ਼ਿਲ੍ਹੇ ਵਿੱਚ ਪੈਂਦੇ ਇੱਕ ਛੋਟੇ ਜਿਹੇ ਪਿੰਡ ਲੰਗੇਆਣਾ ਨਵਾਂ ਵਿੱਚ ਅਮਰੀਕਾ ਆਧਾਰਿਤ ਪਰਵਾਸੀ ਪੰਜਾਬੀ ਦੀ ਕੋਠੀ ਉੱਤੇ ਸਥਾਪਤ ਕੀਤਾ ਗਿਆ ਹੈ। ਇਥੇ ਇਸ ਦੀ ਉਚਾਈ 18 ਫੁੱਟ ਹੈ। ਇਹ ਦਿਓਕੱਦ ਸਟੈਚੂ ਆਫ ਲਿਬਰਟੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਦੇ ਨੇੜੇ ਹੀ ਕਰੀਬ 3 ਸਾਲ ਪਹਿਲਾਂ 20 ਮਈ 2021 ਮਿੱਗ ਹਾਦਸੇ 'ਚ ਸ਼ਹੀਦ ਪਾਇਲਟ ਅਭਿਨਵ ਚੌਧਰੀ ਦਾ ਬੁੱਤ ਵੀ ਸਥਾਪਿਤ ਹੈ। ਪਿੰਡ ਲੰਗੇਆਣਾ ਨਵਾਂ ਵਿਚ ਅਮਰੀਕਾ ਅਧਾਰਿਤ ਪਰਵਾਸੀ ਪੰਜਾਬੀ ਗੁਰਮੀਤ ਸਿੰਘ ਉਰਫ਼ ਬੱਬੂ ਬਰਾੜ ਦੀ ਕੋਠੀ ਉੱਤੇ ਸਥਾਪਤ ਸਟੈਚੂ ਆਫ ਲਿਬਰਟੀ ਤਿਆਰ ਕਰਨ ਵਾਲੇ ਮੂਰਤੀਕਾਰ ਮਨਜੀਤ ਸਿੰਘ ਗਿੱਲ ਪਿੰਡ ਘੱਲ ਕਲਾਂ (ਮੋਗਾ) ਨੇ



ਦੱਸਿਆ ਕਿ ਇਹ ਮੂਰਤੀ 18 ਫੁੱਟ ਉੱਚੀ ਅਤੇ ਫਾਈਬਰ ਗਲਾਸ ਨਾਲ ਤਿਆਰ ਕੀਤੀ ਗਈ ਹੈ। ਪਰਵਾਸੀ ਪੰਜਾਬੀ ਦਾ ਕਹਿਣਾ ਹੈ ਕਿ ਇਹ ਬੁੱਤ ਅਮਰੀਕਾ ਲਈ ਉਨ੍ਹਾਂ ਦੀ ਯਾਦਗਰ ਸ਼ਰਧਾਂਜਲੀ ਹੈ ਕਿਉਂਕਿ ਉਸ ਦਾ ਅਮਰੀਕਾ ਵਿੱਚ ਸੈਟਲ ਹੋਣ ਦਾ ਸੁਫ਼ਨਾ ਸੀ। ਉਹ ਸਾਲ 2006 ਵਿੱਚ ਅਮਰੀਕਾ ਚਲਾ ਗਿਆ ਅਤੇ ਆਪਣਾ ਟਰਾਂਸਪੋਰਟ ਕਾਰੋਬਾਰ ਸ਼ੁਰੂ ਕੀਤਾ। ਭਾਰਤ ਵਿੱਚ ਵੀ ਪਰਿਵਾਰ ਦਾ ਟਰਾਂਸਪੋਰਟ ਕਾਰੋਬਾਰ ਸੀ। ਇਹ ਮੂਰਤੀ ਅਮਰੀਕਾ ਨੂੰ ਉਨ੍ਹਾਂ ਦੀ ਯਾਦਗਰੀ ਸ਼ਰਧਾਂਜਲੀ ਹੈ ਜਿਸ ਨੇ ਉਨ੍ਹਾਂ ਨੂੰ ਵਿਦੇਸ਼ ਦੀ ਧਰਤੀ ਉੱਤੇ ਆਉਣ ਤੋਂ ਬਾਅਦ ਬਹੁਤ ਕੁਝ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਜਾਣ ਤੋਂ ਬਾਅਦ ਨਾ ਸਿਰਫ ਕਾਰੋਬਾਰ ਵਧਿਆ ਸਗੋਂ ਉਹ ਚੰਗੀ ਜ਼ਿੰਦਗੀ ਵੀ ਜੀਅ ਰਹੇ ਹਨ।

ਜ਼ਿਕਰਯੋਗ ਹੈ ਕਿ ਪਿੰਡ ਵਾਸੀਆਂ ਵੱਲੋਂ ਕਰੀਬ 3 ਵਰ੍ਹੇ ਪਹਿਲਾਂ 20 ਮਈ 2021 ਨੂੰ ਇਸੇ ਪਿੰਡ ਵਿਚ ਭਾਰਤੀ ਹਵਾਈ ਸੈਨਾ ਦੇ ਮਿੱਗ-21 ਲੜਾਕੂ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਸ਼ਹੀਦ ਹੋਏ ਪਾਇਲਟ ਅਭਿਨਵ ਚੌਧਰੀ ਦਾ ਬੁੱਤ ਸਥਾਪਿਤ ਕੀਤਾ ਹੋਇਆ ਹੈ। ਅਭਿਨਵ ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਪਿੰਡ ਪੁਸਰ ਦਾ ਰਹਿਣ ਵਾਲਾ ਸੀ ਅਤੇ ਇਥੇ ਪ੍ਰਸ਼ਾਸਨ ਤੋਂ ਮਨਜ਼ੂਰੀ ਤੇ ਭਾਰਤੀ ਹਵਾਈ ਫ਼ੌਜ ਦੀ ਕਾਰਵਾਈ ਪੂਰੀ ਹੋਣ ਬਾਅਦ ਉਨ੍ਹਾਂ ਦਾ ਯਾਦਗਾਰੀ ਬੁੱਤ ਸਥਾਪਤ ਕੀਤਾ ਗਿਆ ਹੈ।

# ਖਰੜ ਕਾਂਗਰਸ ਪਾਰਟੀ ਦੇ ਬੂਥਾਂ 'ਤੇ ਅਕਾਲੀ ਦੱਲ ਵੱਲੋਂ ਗੁੰਡਾ ਗਰਦੀ : ਐਮ.ਪੀ.ਜੱਸੜ



**ਚੰਡੀਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਚੇਅਰਮੈਨ ਐਮ.ਪੀ.ਜੱਸੜ ਜੋ ਕੇ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਯੂਥ ਐਂਡ ਸਪੋਰਟਸ ਸੈੱਲ, ਪੀ.ਪੀ.ਸੀ.ਸੀ. ਵੀ ਹਨ, ਜੋ ਕੇ ਆਪਣੇ ਪਿਤਾ, ਹੋਰ ਕਾਂਗਰਸੀ ਵਰਕਰਾਂ ਸਾਥੀਆਂ ਸਮੇਤ ਆਪਣੇ ਹੱਲਕੇ ਖਰੜ ਵਿੱਚ ਆਰੀਆ ਕਾਲਜ ਵਿੱਚ ਪੈਂਦੇ ਕਾਂਗਰਸ ਪਾਰਟੀ ਦੇ ਬੂਥ ਨੰ - 217,218,219 ਉੱਤੇ ਪਾਰਟੀ ਵੱਲੋਂ ਲਾਈ ਗਈ ਪੋਲਿੰਗ ਬੂਥ ਏਜੇਂਟ ਦੀ ਜਿੰਮੇਵਾਰੀ ਬਾਖੂਬੀ ਨਿਭਾ ਰਹੇ ਸਨ, ਪ੍ਰੰਤੂ ਅਚਾਨਕ ਤਕਰੀਬਨ ਸ਼ਾਮੀ 5:50 ਤੇ ਆਰੀਆ ਕਾਲਜ ਰੋਡ ਖਰੜ ਦੇ ਭਰੇ ਬਾਜ਼ਾਰ ਵਿੱਚ ਸ਼ਰੇਆਮ 3-4 ਗੱਡੀਆਂ ਭਰ ਕੇ 20-25 ਮੁੰਡੇ ਗੁੰਡਿਆਂ ਵਾਂਗੂ ਆਂਦੇ ਹਨ ਜਿਨ੍ਹਾਂ ਦੇ ਗੱਲਾਂ ਵਿੱਚ ਅਕਾਲੀ ਦੱਲ ਪਾਰਟੀ ਦੇ ਮਫਲਰ ਵੀ ਪਾਏ ਹੋਏ ਸਨ ਅਤੇ ਆਕੇ ਐਮ.ਪੀ.ਜੱਸੜ ਉੱਤੇ ਸ਼ਰੇਆਮ ਧੱਕਾ ਮੁਕੀ ਅਤੇ ਗੁੰਡਾ ਗਰਦੀ ਕਰਨ ਲੱਗ ਜਾਂਦੇ ਹਨ ਤੇ ਭਰੇ ਬਜ਼ਾਰ ਵਿੱਚ ਜੱਸੜ ਨੂੰ ਜਾਨੋਂ ਮਾਰਣ ਦੀ ਧਮਕੀ ਵੀ ਦਿੰਦੇ ਹਨ, ਨਾਲੋਂ ਨਾਲ ਉਹਨਾਂ ਵੱਲੋਂ ਪੂਰਨ ਤੌਰ ਤੇ ਜੱਸੜ ਨੂੰ ਮਾਰਣ ਧਮਕਾਉਣ ਤੇ ਕੋਈ ਭਾਰੀ ਜਾਨੀ ਨੁਕਸਾਨ ਕਰਣ ਦੇ ਇਰਾਦੇ ਨਾਲ ਆਏ ਜਾਪਦੇ ਸਨ, ਉਹਨਾਂ ਦੱਸਿਆ ਕਿ ਮੌਕੇ ਤੇ ਹੀ ਉਹਨਾਂ ਨਾਲ ਬੈਠੇ ਜੱਸੜ ਦੇ ਪਿਤਾ ਅਤੇ ਹੋਰ ਕਾਂਗਰਸੀ ਵਰਕਰਾਂ ਵੱਲੋਂ ਇਹਨਾਂ ਨੂੰ ਮੌਕੇ ਤੇ ਸੰਭਾਲਿਆ ਗਿਆ ਪ੍ਰੰਤੂ ਅਕਾਲੀ ਦੱਲ ਦੇ ਗੁੰਡਿਆਂ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਵੀ ਲੜਾਈ ਦੀ ਕਸਰ ਨਹੀਂ ਛੱਡੀ ਗਈ, ਧੱਕਾ ਮੁੱਕੀ, ਕੁੱਟਮਾਰ ਦਾ ਇਰਾਦਾ, ਕਾਂਗਰਸ ਪਾਰਟੀ ਦੇ ਬੂਥ ਨੂੰ ਤੋੜਕੇ ਬੰਦ ਕਰਵਾਣ ਅਤੇ ਹੋਰ ਅਨੇਕਾਂ ਪਰੇਯਾਸਾ ਵਿੱਚੋਂ ਇਹਨਾਂ ਅਕਾਲੀ ਦੱਲ ਦੇ ਗੁੰਡਿਆਂ ਵੱਲੋਂ ਕੋਈ ਵੀ ਕਸਰ ਨਹੀਂ ਰਹਿਣ ਦਿੱਤੀ ਗਈ ਅਤੇ ਨਾਲੋਂ ਨਾਲ ਇਹਨਾਂ ਵੱਲੋਂ ਭਰੇ ਬਜ਼ਾਰ ਵਿੱਚ ਸ਼ਰੇਆਮ ਐਮ.ਪੀ.ਜੱਸੜ ਨੂੰ ਜਾਨੋਂ ਮਾਰਣ ਦੀ ਧਮਕੀ ਵੀ ਦਿੱਤੀ ਗਈ ਕੇ ਤੇਰਾ ਕੰਮ ਜਲਦੀ ਹੋ ਜਾਣਾ ਹੈ ਤੂੰ ਆਪਣਾ ਹੁਣ ਇੰਤਜ਼ਾਮ ਕਰਕੇ ਰੱਖੀਂ। ਜੱਸੜ ਨੇ ਦੱਸਿਆ ਕੇ ਸੱਬ ਤੋਂ ਪਹਿਲਾਂ ਜਦੋਂ ਗੱਡੀਆਂ ਉਹਨਾਂ ਦੇ ਬੂਥ ਕੋਲ ਆਕੇ ਰੁਕਿਆ ਤਾਂ ਉਹ ਦੁਪਹਿਰ ਦੇ ਖਾਣੇ ਵਜੋਂ ਸਾਰੇ ਕਾਂਗਰਸੀ ਪਾਰਟੀ ਵਰਕਰਾਂ ਅਤੇ ਆਪਣੇ ਪਿਤਾ ਕੋਲ ਖੜੇ ਸਮੋਸਾ ਖਾ ਰਹੇ ਸਨ ਪ੍ਰੰਤੂ ਅਚਾਨਕ ਉਹਨਾਂ ਕੋਲ ਆਕੇ 3-4 ਗੱਡੀਆਂ ਰੁਕਦੀਆਂ ਹਨ ਜਿਸ ਵਿਚੋਂ 20-25 ਜਾਣੇ ਉੱਤਰਕੇ ਜੱਸੜ ਨਾਲ ਅਚਾਨਕ ਧੱਕਾ ਮੁੱਕੀ ਕਰਨ ਲੱਗ ਜਾਂਦੇ ਹਨ, ਜ੍ਹਿਨਾਂ ਵਿਚੋਂ ਸੱਬ ਤੋਂ ਪਹਿਲਾਂ ਇੱਕ ਅਮਨ ਸ਼ਰਮਾ ਨਾਮ ਦਾ ਵਿਅਕਤੀ ਜੋ ਕੀ ਇੱਕ ਗੁੰਡੇ ਵਾਲੀਆਂ ਹਰਕਤਾਂ ਕਰਦਾ ਹੋਇਆ ਆਂਦੀ ਸਾਰ ਜੱਸੜ ਨੂੰ ਕਹਿੰਦਾ ਕੇ 'ਤੂੰ ਇੱਕ ਬਹੁਤ ਵੱਡੀ ਟੱਟੀ ਹੈਂ' ਤੇਰਾ ਕੰਮ ਮੈਂ ਜਲਦੀ ਕਰ ਦੇਣਾ ਮੇਰੇ ਕੋਲੋਂ ਬਚਕੇ ਰਹੀਂ, ਨਾਲੋਂ ਨਾਲ ਉਸੇ ਗੱਡੀ ਵਿੱਚ ਆਇਆ ਇੱਕ ਪੁਲਿਸ ਦੀ ਵਰਦੀ ਵਾਲਾ ਵਿਅਕਤੀ ਵੀ ਜੱਸੜ ਨਾਲ ਧੱਕਾ ਮੁਕੀ ਕਰਣ ਲੱਗ ਗਿਆ ਉਸਤੋਂ ਪਸ਼ਚਾਤ ਨਾਲ ਆਏ ਹੋਰ ਮੁੰਡੇ ਗੁੰਡਾ ਗਰਦੀ ਕਰ ਜੱਸੜ ਨਾਲ ਧੱਕਾ ਮੁੱਕੀ ਕਰਣ ਲੱਗ ਗਏ, ਜਿਸਨੂੰ ਦੇਖ ਜੱਸੜ ਦੇ ਪਿਤਾ, ਕਾਂਗਰਸੀ ਵਰਕਰ ਸਾਥੀ ਦੱਤ ਕੇ ਨਾਲ ਖੜੇ ਅਤੇ ਉਹਨਾਂ ਨੂੰ ਪਰੇ ਕਿਤਾ ਪ੍ਰੰਤੂ ਉਹ ਜ਼ਾਦਾ ਗਿਣਤੀ ਵਿੱਚ ਹੋਣ ਕਾਰਣ ਨਿਰੰਤਰ ਗਾਲੀ ਗਲੋਚ ਧਾਮਕੀਆਂ ਅਤੇ ਗੁੰਡਾ ਗਰਦੀ ਕਰਦੇ ਰਹੇ ਅਤੇ ਇਸ ਖੁਰਾਕ ਵਿੱਚ ਸਨ ਕੀ ਐਮ.ਪੀ.ਜੱਸੜ ਕੁੱਜ ਬੋਲਕੇ ਜਵਾਬ ਦੇਵੇ ਅਤੇ ਅਸੀਂ ਇਸਤੇ ਹੱਥ ਪਈਏ ਪ੍ਰੰਤੂ ਸੱਬ ਵੱਲੋਂ ਤਰੀਕੇ ਨਾਲ ਇਸਨੂੰ ਸੰਭਾਲਦਿਆਂ ਮੌਕੇ ਦੀ ਨਜ਼ਾਕਤ ਨੂੰ ਸਮਝਿਆ ਗਿਆ ਪ੍ਰੰਤੂ ਭੁੱਲਰ ਅਤੇ ਬੈਲੂ ਨਾਮਕ ਵਿਅਕਤੀ ਨਿਰੰਤਰ ਭੀੜ ਵਿੱਚੋਂ ਧੱਕਾ ਮਾਰਣ ਲੜਾਈ ਦੀ ਖੁਰਾਕ ਵਿੱਚ ਸਨ, ਇਹਨਾਂ ਵੱਲੋਂ ਜੱਸੜ ਨੂੰ ਪੋਲਿੰਗ ਬੂਥ ਵਿੱਚ ਪੋਲਿੰਗ ਏਜੇਂਟ ਵਜੋਂ ਈ.ਵੀ.ਐਮ. ਕਲੋਸਿੰਗ ਸਮੇਂ ਕਿਤੇ ਜਾਣ ਵਾਲੇ ਹਸ਼ਤਾਖਸ਼ਰ ਅਤੇ ਵੋਟਾਂ ਪਵਾਉਣ ਤੋਂ ਵੀ ਰੋਕਿਆ ਜਾ ਰਿਹਾ ਸੀ। ਇਸ ਵਾਰਦਾਤ ਮੌਕੇ ਆਇਆ ਗੱਡੀਆਂ ਵਿਚੋਂ ਇੱਕ ਗੱਡੀ ਦਾ ਨੰਬਰ : HR 26 35 7598 ਅਤੇ ਦੂਜੀ ਗੱਡੀ ਦਾ ਨੰਬਰ : HR 69 2 2058 ਹੈ ਅਤੇ ਇਹਨਾਂ ਵਿਚੋਂ ਤਿਨ ਵਿਅਕਤੀਆਂ ਦੇ ਨਾਮ ਅਮਨ ਸ਼ਰਮਾ, ਬੈਲੂ, ਭੁੱਲਰ ਹੈ। ਜਿਸ ਸੰਬੰਧੀ ਤਕਰੀਬਨ ਸ਼ਾਮ 6:30 ਵਜੇ ਐਮ.ਪੀ.ਜੱਸੜ ਵੱਲੋਂ ਇਸ ਘਟਨਾ /ਵਾਰਦਾਤ ਸੰਬੰਧੀ ਥਾਣਾ ਸਿਟੀ ਖਰੜ ਵਿਖੇ ਵੀ ਹੱਥ ਲਿਖਤ ਦਰਖ਼ਾਸਤ ਦਿੱਤੀ ਗਈ ਜਿਸਦਾ ਦਰਖ਼ਾਸਤ ਨੰਬਰ 1099/ਦਸਤੀ/pscb/1-6-24। ਉਹਨਾਂ ਵੱਲੋਂ ਪ੍ਰਸ਼ਾਸ਼ਨ ਅਤੇ ਇਲੈਕਸ਼ਨ ਕਮਿਸ਼ਨ ਨੂੰ ਵੀ ਇਹ ਅਪੀਲ ਕੀਤੀ ਗਈ ਕੇ ਚੋਣ ਜਾਪਤਾ ਅਤੇ ਇਲੈਕਸ਼ਨ ਕਮਿਸ਼ਨ ਵੱਲੋਂ ਦਿੱਤੀਆਂ ਹਿਦਾਇਤਾਂ ਦੀਆਂ ਹਦਾਇਤਾਂ ਅਨੁਸਾਰ ਇਹਨਾਂ ਗੁੰਡਿਆਂ ਵੱਲੋਂ ਕੀਤੀ ਗਈ ਭਰੇ ਬਜ਼ਾਰ ਵਿੱਚ ਸ਼ਰੇਆਮ ਗੁੰਡਾ ਗਰਦੀ, ਮਾਰਣ ਦੀ ਧਮਕੀ ਦੇਣ ਸੰਬੰਧੀ ਅਤੇ ਬੂਥ ਨੂੰ ਬੰਦ ਕਰਣ ਅਤੇ ਧੱਕਾ ਸ਼ਾਹੀ ਕਰਣ ਦੇ ਸੰਬੰਧ ਵਿੱਚ ਜਲਦ ਤੋਂ ਜਲਦ ਬਨਦੀ ਸੰਭਵ ਕਰਵਾਈ ਕੀਤੀ ਜਾਵੇ ਤਾਂ ਜੋ ਗੈਂਗਸਟਰ ਵਾਦ ਨੂੰ ਠੱਲ ਪਈ ਜਾ ਸਕੇ ਅਤੇ ਆਮ ਨਾਗਰਿਕ ਆਪਣੀ ਜ਼ਿੰਦਗੀ ਚੰਗੇ ਢੰਗ ਨਾਲ ਵਤੀਤ ਕਰ ਸਕਾਣ। ਅੰਤ ਜੱਸੜ ਨੇ ਪੁਲਿਸ ਪ੍ਰਸ਼ਾਸ਼ਨ ਨੂੰ ਵੀ ਅਪੀਲ ਕੀਤੀ ਕੇ ਇਹਨਾਂ ਉੱਤੇ ਜਲਦ ਤੋਂ ਜਲਦ ਬਨਦੀ ਧਾਰਾ ਲਗਾ ਕੇ ਜਲਦ ਤੋਂ ਜਲਦ ਬਾਏ ਨੇਮ FIR ਕੀਤੀ ਜਾਵੇਗੀ ਤਾਂ ਜੋ ਨਿਰੰਤਰ ਚੱਲ ਰਹੀ ਧੱਕਾ ਸ਼ਾਹੀ, ਗੁੰਡਾ ਗਰਦੀ, ਤੋਂ ਆਮ ਨਾਗਰਿਕ ਸੁਖ ਦਾ ਸਾਹ ਲੇ ਸਕਣ।

# ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਜਵਾਨਾਂ ਨੂੰ ਪ੍ਰਸਿੱਧ ਮੰਦਰਾਂ ਵਿੱਚ ਹਵਨ ਯੱਗ ਕਰਕੇ ਸ਼ਰਧਾਂਜਲੀ ਦਿੱਤੀ ਜਾਵੇਗੀ



**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸਥਿਤ ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਸਮੂਹ ਸੀਨੀਅਰ ਆਗੂਆ ਦੀ ਮੀਟਿੰਗ ਆਰੀਆ ਸਮਾਜ ਚੌਕ ਪਟਿਆਲਾ ਵਿਖੇ ਹੋਈ। ਇਹ ਮੀਟਿੰਗ 6 ਜੂਨ 1984 ਨੂੰ ਨੀਲਾ ਸਾਕਾ ਤਾਰਾ ਅਪਰੇਸ਼ਨ ਦੌਰਾਨ ਸ਼ਹੀਦ ਹੋਏ ਸੁਰੱਖਿਆ ਬਲਾਂ, ਪੁਲਿਸ ਅਧਿਕਾਰੀਆਂ ਅਤੇ ਭਾਰਤੀ ਫੌਜ ਦੇ ਜਵਾਨਾਂ ਅਤੇ ਅਧਿਕਾਰੀਆਂ ਦੀ ਸ਼ਹਾਦਤ ਨੂੰ ਯਾਦ ਕਰਨ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਸਬੰਧ ਵਿੱਚ ਬੁਲਾਈ ਗਈ ਸੀ। ਪਟਿਆਲਾ ਵਿਖੇ ਪ੍ਰਸਿੱਧ ਮੰਦਰਾਂ ਵਿੱਚ ਹਵਨ ਯੱਗ ਕਰਕੇ ਸ਼ਰਧਾਂਜਲੀ ਦਿੱਤੀ ਜਾਵੇਗੀ

ਪਾਰਟੀ ਦੇ ਸਮੂਹ ਸੀਨੀਅਰ ਨੇਤਾਵਾਂ ਨੂੰ ਸੰਬੋਧਨ ਕਰਦੇ ਹੋਏ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਹਰ ਭਾਰਤੀ ਨਾਗਰਿਕ ਨੂੰ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਭਾਰਤੀ ਸੈਨਾ ਦੇ ਜਵਾਨ ਅਤੇ ਆਫਿਸਰਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ ਸੀ। ਇਹਨਾਂ ਨੂੰ ਸ਼ਰਧਾਂਜਲੀ ਦੇਣੀ ਚਾਹੀਦੀ ਹੈ। ਸੁਰੱਖਿਆ ਬਲਾਂ ਦੀ ਸ਼ਹਾਦਤ ਸਦਕਾ ਹੀ ਪੰਜਾਬ ਵਿੱਚੋਂ ਅੱਤਵਾਦ ਦਾ ਖਾਤਮਾ ਹੋ ਸਕਿਆ।

ਪਾਰਟੀ ਵੱਲੋਂ ਉਨ੍ਹਾਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ 6 ਜੂਨ 2024 ਨੂੰ ਹਵਨ ਯੱਗ ਦਾ ਆਯੋਜਨ ਕੀਤਾ ਜਾਵੇਗਾ ਅਤੇ ਦੇਸ਼ ਦੀ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਅਧਿਕਾਰੀਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਜੋ ਦੇਸ਼ ਦੇ ਅਸਲ ਸ਼ਹੀਦ ਹਨ। ਮੀਟਿੰਗ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਕੁਝ ਨਿੱਜੀ ਸਮਾਚਾਰ ਚੈਨਲ 1984 ਦੇ ਨੀਲਾ ਸਾਕਾ ਤਾਰਾ ਆਪਰੇਸ਼ਨ ਮਾਮਲੇ ਨੂੰ ਸਨਸਨੀਖੇਜ਼ ਬਣਾ ਕੇ ਧਾਰਮਿਕ ਭਾਵਨਾਵਾਂ ਭੜਕਾ ਰਹੇ ਹਨ ਅਤੇ ਇਸ ਨੂੰ ਦੇਸ਼ ਵਿਰੁੱਧ ਰੋਸ ਵਜੋਂ ਵਰਤ ਰਹੇ ਹਨ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਜਿਹੇ ਨਿੱਜੀ ਨਿਊਜ਼ ਚੈਨਲਾਂ ਵਿਰੁੱਧ ਦੇਸ਼ ਦੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੀਟਿੰਗ ਵਿੱਚ ਪਾਰਟੀ ਦੇ ਸਾਰੇ ਸੀਨੀਅਰ ਆਗੂ ਸ਼ਾਮਲ ਹੋਏ। ਇਸ ਮੌਕੇ ਪਾਰਟੀ ਦੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ, ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਐਡਵੋਕੇਟ ਸ਼੍ਰੀ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਅਧੀਵਕਤਾ ਲੀਗਲ ਸੈਨਾ, ਸ੍ਰੀ ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਹਿੰਦੁਸਤਾਨ ਆਈ.ਟੀ.ਸੈਨਾ, ਸ੍ਰੀ ਰਾਕੇਸ਼ ਕੁਮਾਰ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਸ੍ਰੀ ਰਿੰਕੂ ਸ਼ਰਮਾ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਸ੍ਰੀ ਨੰਦਲਾਲ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਸ੍ਰੀ ਹਰਪ੍ਰੀਤ ਸ਼ਰਮਾ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਸ੍ਰ. ਹਰਸ਼ ਬਜਾਜ ਜ਼ਿਲ੍ਹਾ ਪ੍ਰਧਾਨ ਮਹਿਲਾ ਸੈਨਾ ਪਟਿਆਲਾ, ਸ੍ਰੀ ਤਰੁਣਪਾਲ ਸਿੰਘ ਕੋਹਲੀ ਜ਼ਿਲ੍ਹਾ ਮੀਡੀਆ ਇੰਚਾਰਜ ਪਟਿਆਲਾ ਐਡਵੋਕੇਟ ਸ੍ਰੀ ਕਮਲ ਨਾਗਪਾਲ, ਜ਼ਿਲ੍ਹਾ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਸੈਨਾ ਪਟਿਆਲਾ ਆਦਿ ਹਾਜ਼ਰ ਸਨ।

# ਸਟੈਂਪ ਆਨ ਸੋਸਾਇਟੀ ਅਤੇ ਗਊ ਧਾਮ ਹਸਪਤਾਲ ਧੂਰੀ ਵੱਲੋਂ ਲਗਾਏ ਜਾ ਰਹੇ ਨੇ ਛਾਂਦਾਰ ਬੂਟੇ



**ਧੂਰੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੈਪ ਆਨ ਸੋਸਾਇਟੀ (ਰਜਿ) ਅਤੇ ਗਊ ਧਾਮ ਹਸਪਤਾਲ ਚੈਰੀਟੇਬਲ ਟਰੱਸਟ ਧੂਰੀ ਵਲੋਂ ਚੋਥੀ ਪੈਦਲ ਯਾਤਰਾ ਗਊ ਧਾਮ ਹਸਪਤਾਲ ਤੋਂ ਸ਼ਿਵ ਮੰਦਿਰ ਰਣੀਕੇ ਲਈ ਰਵਾਨਾ ਹੋਈ। ਇਸ ਜੱਥੇ ਦੇ ਵਿੱਚ ਤਕਰੀਬਨ 60 ਬੰਦੇ ਮੌਜੂਦ ਸਨ ਤੇ ਨਾਲ ਹੀ ਕੁਝ ਬੱਚਿਆਂ ਨੇ ਵੀ ਇਸ ਯਾਤਰਾ ਦੇ ਵਿੱਚ ਹਿੱਸਾ ਲਿਆ ਅਤੇ ਭੋਲੇ ਦਾ ਨਾਮ ਜਪਦੇ ਹੋਏ ਇਹ ਜੱਥਾ ਰਣੀਕੇ ਮੰਦਰ ਵੱਲ ਵੱਧਦਾ ਗਿਆ ਅਤੇ ਇਸ ਯਾਤਰਾ ਦੇ ਵਿੱਚ ਸੰਸਥਾ ਦੇ ਮੈਂਬਰਾਂ ਅਤੇ ਸ਼ਹਿਰ ਦੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰਾਂ ਵੀ ਮੌਜੂਦ ਸਨ। ਜਿਨ੍ਹਾਂ ਨੇ ਇਸ ਨੇਕ ਕੰਮ ਦੇ ਵਿੱਚ ਆਪਣਾ ਸਹਿਯੋਗ ਦਿੱਤਾ।ਗਰਮੀ ਨੂੰ ਦੇਖਦੇ ਹੋਏ ਅਤੇ ਵਾਤਾਵਰਨ ਦੇ ਵਿੱਚ ਆ ਰਹੀ ਆਕਸੀਜਨ ਦੀ ਕਮੀ ਨੂੰ ਪੂਰਾ ਕਰਨ ਲਈ ਗਊ ਧਾਮ ਹਸਪਤਾਲ ਦੇ ਮੈਂਬਰਾਂ ਵੱਲੋਂ ਅਤੇ ਸੰਸਥਾ ਦੇ ਮੈਂਬਰਾਂ ਵੱਲੋਂ ਯਾਤਰਾ ਦੇ ਦੌਰਾਨ ਹੀ ਮੰਦਰ ਦੇ ਰਸਤੇ ਦੇ ਵਿੱਚ ਜਗ੍ਹਾ ਜਗ੍ਹਾ ਛਾਂਦਾਰ ਬੂਟੇ ਲਗਾਏ ਗਏ ਤਾਂ ਜੋ ਆਉਣ ਵਾਲੇ ਸਮੇਂ ਦੇ ਵਿੱਚ ਵਾਤਾਵਰਨ ਦੇ ਵਿੱਚ ਆਕਸੀਜਨ ਦੀ ਕਮੀ ਪੂਰਾ ਕੀਤਾ ਜਾ ਸਕੇ ਅਤੇ ਭਗਵਾਨ ਸ਼ਿਵ ਤੋਂ ਆਸ਼ੀਰਵਾਦ ਲੈਂਦੇ ਸੰਸਥਾ ਵੱਲੋਂ ਇੱਕ ਨਵਾਂ ਉਪਰਾਲਾ ਸ਼ੁਰੂ ਕਰਦੇ ਹੋਏ ਸ਼ਹਿਰ ਅੰਦਰ ਘੁੰਮ ਰਹੀਆਂ ਗਊਆਂ ਵਾਸਤੇ ਪਾਣੀ ਪਲਾਨ ਦੀ ਸੇਵਾ ਸ਼ੁਰੂ ਕੀਤੀ ਗਈ। ਇਸ ਮੌਕੇ ਤੇ ਭਗਵਾਨ ਅੱਗੇ ਇਹੀ ਅਰਦਾਸ ਕੀਤੀ ਕਿ ਸਾਨੂੰ ਇਹੋ ਜਿਹੇ ਨੇਕ ਕੰਮ ਕਰਨ ਦੇ ਵਿੱਚ ਹਮੇਸ਼ਾ ਹੀ ਸਾਥ ਦੇਵੇ ਤਾਂ ਜੋ ਅਸੀਂ ਲੋਕਾਂ ਦੀ ਸੇਵਾ ਅਤੇ ਗਊਆਂ ਦੀ ਸੇਵਾ ਨਿਰਸਵਾਰਥ ਹੋ ਕੇ ਕਰ ਸਕੀਏ। ਇਸ ਮੌਕੇ ਤੇ ਗਊ ਧਾਮ ਹਸਪਤਾਲ ਦੇ ਪ੍ਰਧਾਨ ਰੋਮੀ ਢੰਡ, ਸੈਕਟਰੀ ਹਰਿੰਦਰ ਸ਼ਰਮਾ ਅਤੇ ਸਟੈਪ ਆਨ ਸੁਸਾਇਟੀ ਦੇ ਪ੍ਰਧਾਨ ਜੋਲੀ ਗਰਗ, ਖਜਾਨਚੀ ਰਿੰਕੂ ਬਾਂਸਲ,ਸੋਨੀ,ਰੋਹਿਤ ਕਾਂਸਲ,ਸਾਹਿਲ ਗਰਗ, ਅਮਨਪ੍ਰੀਤ ਬਾਵਾ, ਤਰੁਣ ਗਰਗ,ਚੀਨੂ ਗਰਗ,ਮਿਆਂਕ ਬਾਂਸਲ, ਜੌਨੀ ਬਾਂਸਲ,ਅਮਿਤ ਕੁਮਾਰ,ਰਾਜੂ ਕੁਮਾਰ, ਭੁਪਿੰਦਰ ਮਿੱਠਾ, ਹਾਨੀ, ਨੇਤਰ ਅਤੇ ਮਰਾਹੜ ਅਤੇ ਹੋਰ ਮੈਂਬਰ ਵੀ ਇਹ ਯਾਤਰਾ ਦੇ ਵਿੱਚ ਹਾਜ਼ਰ ਹੋਏ।

ਸਟੈਪ ਆਨ ਸੋਸਾਇਟੀ (ਰਜਿ) ਅਤੇ ਗਊ ਧਾਮ ਹਸਪਤਾਲ ਚੈਰੀਟੇਬਲ ਟਰੱਸਟ ਧੂਰੀ ਵਲੋਂ ਚੋਥੀ ਪੈਦਲ ਯਾਤਰਾ ਗਊ ਧਾਮ ਹਸਪਤਾਲ ਤੋਂ ਸ਼ਿਵ ਮੰਦਿਰ ਰਣੀਕੇ ਲਈ ਰਵਾਨਾ ਹੋਈ। ਇਸ ਜੱਥੇ ਦੇ ਵਿੱਚ ਤਕਰੀਬਨ 60 ਬੰਦੇ ਮੌਜੂਦ ਸਨ ਤੇ ਨਾਲ ਹੀ ਕੁਝ ਬੱਚਿਆਂ ਨੇ ਵੀ ਇਸ ਯਾਤਰਾ ਦੇ ਵਿੱਚ ਹਿੱਸਾ ਲਿਆ ਅਤੇ ਭੋਲੇ ਦਾ ਨਾਮ ਜਪਦੇ ਹੋਏ ਇਹ ਜੱਥਾ ਰਣੀਕੇ ਮੰਦਰ ਵੱਲ ਵੱਧਦਾ ਗਿਆ ਅਤੇ ਇਸ ਯਾਤਰਾ ਦੇ ਵਿੱਚ ਸੰਸਥਾ ਦੇ ਮੈਂਬਰਾਂ ਅਤੇ ਸ਼ਹਿਰ ਦੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰਾਂ ਵੀ ਮੌਜੂਦ ਸਨ। ਜਿਨ੍ਹਾਂ ਨੇ ਇਸ ਨੇਕ ਕੰਮ ਦੇ ਵਿੱਚ ਆਪਣਾ ਸਹਿਯੋਗ ਦਿੱਤਾ।ਗਰਮੀ ਨੂੰ ਦੇਖਦੇ ਹੋਏ ਅਤੇ ਵਾਤਾਵਰਨ ਦੇ ਵਿੱਚ ਆ ਰਹੀ ਆਕਸੀਜਨ ਦੀ ਕਮੀ ਨੂੰ ਪੂਰਾ ਕਰਨ ਲਈ ਗਊ ਧਾਮ ਹਸਪਤਾਲ ਦੇ ਮੈਂਬਰਾਂ ਵੱਲੋਂ ਅਤੇ ਸੰਸਥਾ ਦੇ ਮੈਂਬਰਾਂ ਵੱਲੋਂ ਯਾਤਰਾ ਦੇ ਦੌਰਾਨ ਹੀ ਮੰਦਰ ਦੇ ਰਸਤੇ ਦੇ ਵਿੱਚ ਜਗ੍ਹਾ ਜਗ੍ਹਾ ਛਾਂਦਾਰ ਬੂਟੇ ਲਗਾਏ ਗਏ ਤਾਂ ਜੋ ਆਉਣ ਵਾਲੇ ਸਮੇਂ ਦੇ ਵਿੱਚ ਵਾਤਾਵਰਨ ਦੇ ਵਿੱਚ ਆਕਸੀਜਨ ਦੀ ਕਮੀ ਪੂਰਾ ਕੀਤਾ ਜਾ ਸਕੇ ਅਤੇ ਭਗਵਾਨ ਸ਼ਿਵ ਤੋਂ ਆਸ਼ੀਰਵਾਦ ਲੈਂਦੇ ਸੰਸਥਾ ਵੱਲੋਂ ਇੱਕ ਨਵਾਂ ਉਪਰਾਲਾ ਸ਼ੁਰੂ ਕਰਦੇ ਹੋਏ ਸ਼ਹਿਰ ਅੰਦਰ ਘੁੰਮ ਰਹੀਆਂ ਗਊਆਂ ਵਾਸਤੇ ਪਾਣੀ ਪਲਾਨ ਦੀ ਸੇਵਾ ਸ਼ੁਰੂ ਕੀਤੀ ਗਈ। ਇਸ ਮੌਕੇ ਤੇ ਭਗਵਾਨ ਅੱਗੇ ਇਹੀ ਅਰਦਾਸ ਕੀਤੀ ਕਿ ਸਾਨੂੰ ਇਹੋ ਜਿਹੇ ਨੇਕ ਕੰਮ ਕਰਨ ਦੇ ਵਿੱਚ ਹਮੇਸ਼ਾ ਹੀ ਸਾਥ ਦੇਵੇ ਤਾਂ ਜੋ ਅਸੀਂ ਲੋਕਾਂ ਦੀ ਸੇਵਾ ਅਤੇ ਗਊਆਂ ਦੀ ਸੇਵਾ ਨਿਰਸਵਾਰਥ ਹੋ ਕੇ ਕਰ ਸਕੀਏ। ਇਸ ਮੌਕੇ ਤੇ ਗਊ ਧਾਮ ਹਸਪਤਾਲ ਦੇ ਪ੍ਰਧਾਨ ਰੋਮੀ ਢੰਡ, ਸੈਕਟਰੀ ਹਰਿੰਦਰ ਸ਼ਰਮਾ ਅਤੇ ਸਟੈਪ ਆਨ ਸੁਸਾਇਟੀ ਦੇ ਪ੍ਰਧਾਨ ਜੋਲੀ ਗਰਗ, ਖਜਾਨਚੀ ਰਿੰਕੂ ਬਾਂਸਲ, ਸੋਨੀ, ਰੋਹਿਤ ਕਾਂਸਲ,ਸਾਹਿਲ ਗਰਗ, ਅਮਨਪ੍ਰੀਤ ਬਾਵਾ, ਤਰੁਣ ਗਰਗ,ਚੀਨੂ ਗਰਗ,ਮਿਆਂਕ ਬਾਂਸਲ, ਜੌਨੀ ਬਾਂਸਲ,ਅਮਿਤ ਕੁਮਾਰ,ਰਾਜੂ ਕੁਮਾਰ, ਭੁਪਿੰਦਰ ਮਿੱਠਾ, ਹਾਨੀ, ਨੇਤਰ ਮਰਾਹੜ ਅਤੇ ਹੋਰ ਮੈਂਬਰ ਵੀ ਇਹ ਯਾਤਰਾ ਦੇ ਵਿੱਚ ਹਾਜ਼ਰ ਹੋਏ।

## ਸੜਕ ਪਾਰ ਕਰਦਿਆਂ 9 ਸਾਲਾ ਬੱਚੇ ਦੀ ਮੌਤ

**ਮਾਛੀਵਾੜਾ ਸਾਹਿਬ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਰਾਲਾ ਰੋਡ 'ਤੇ ਵਾਪਰੇ ਸੜਕ ਹਾਦਸੇ 'ਚ 9 ਸਾਲਾ ਬੱਚੇ ਕਨੱਈਆ ਕੁਮਾਰ ਵਾਸੀ ਬੰਗਾਲੀ ਮੁਹੱਲਾ, ਗੁਰੋਂ ਕਾਲੋਨੀ ਮਾਛੀਵਾੜਾ ਸਾਹਿਬ ਦੀ ਮੌਤ ਹੋ ਗਈ। ਮਨੋਹਰ ਮੁਖੀਆ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਮਿਹਨਤ ਮਜ਼ਦੂਰੀ ਕਰਦਾ ਹੈ ਤੇ ਆਪਣੇ 9 ਸਾਲਾ ਪੁੱਤਰ ਕਨੱਈਆ ਕੁਮਾਰ ਨਾਲ ਕੁਝ ਘਰੇਲੂ ਸਾਮਾਨ ਲੈ ਕੇ ਆਪਣੇ ਘਰ ਵਾਪਸ ਪਰਤ ਰਿਹਾ ਸੀ। ਸਮਰਾਲਾ ਰੋਡ 'ਤੇ ਐੱਫ.ਸੀ.ਆਈ. ਗੋਦਾਮਾਂ ਨੇੜੇ ਜਦੋਂ ਉਹ ਸੜਕ ਪਾਰ ਕਰਨ ਲਈ ਖੜ੍ਹੇ ਸਨ ਤਾਂ ਇਕ ਮੋਟਰਸਾਈਕਲ ਚਾਲਕ ਤੇਜ਼ ਰਫ਼ਤਾਰ ਨਾਲ ਆਇਆ, ਜਿਸ ਨੇ ਲਾਪਰਵਾਹੀ ਨਾਲ ਲਿਆ ਕੇ ਸਿੱਧਾ ਕਨੱਈਆ ਕੁਮਾਰ 'ਚ ਮਾਰਿਆ। ਉਸ ਦੇ ਸਿਰ ਤੇ ਸਰੀਰ 'ਤੇ ਕਾਫ਼ੀ ਸੱਟਾਂ ਲੱਗੀਆਂ। ਉਸ ਨੂੰ ਸਿਵਲ ਹਸਪਤਾਲ ਮਾਛੀਵਾੜਾ ਸਾਹਿਬ ਲਿਆਂਦਾ ਗਿਆ, ਜਿੱਥੋਂ ਉਸ ਨੂੰ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ। ਜਿੱਥੇ ਦੇਰ ਰਾਤ ਉਸ ਦੀ ਚਾਲਕ ਵਾਹਨ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਤਾਰਾ ਰਾਮ ਨੇ ਦੱਸਿਆ ਕਿ ਪੁਲਸ ਨੇ ਬੱਚੇ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਭੇਜ ਦਿੱਤਾ ਹੈ, ਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ 5 ਜੂਨ ਰਾਤ 12 ਵਜੇ ਤੋਂ 5 ਜੂਨ ਰਾਤ 12 ਵਜੇ ਤੱਕ ਡਰਾਈ ਡੇਅ ਘੋਸ਼ਿਤ

**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 5 ਜੂਨ ਨੂੰ ਰਾਤ 12:00 ਵਜੇ ਤੋਂ 5 ਜੂਨ ਰਾਤ 12 ਵਜੇ ਤੱਕ ਡਰਾਈ ਡੇਅ ਘੋਸ਼ਿਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਉਕਤ ਪਾਬੰਦੀ ਵਾਲੇ ਸਮੇਂ ਦੌਰਾਨ ਚੋਣਾਂ ਵਾਲੇ ਖੇਤਰ ਵਿੱਚ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ) ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ, ਅਹਾਤੇ ਜਿਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜ਼ਤ ਹੈ ਜਾਂ ਕਿਸੇ ਹੋਰ ਜਨਤਕ ਥਾਵਾਂ ਆਦਿ ਤੇ ਸ਼ਰਾਬ ਦੀ ਵਿਕਰੀ ਕਰਨ, ਵਰਤੋਂ ਕਰਨ, ਪੀਣ, ਪਿਲਾਉਣ, ਸਟੋਰ ਕਰਨ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਹੈ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਮੁੱਖ ਚੋਣਕਾਰ ਅਫ਼ਸਰ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿੱਚ ਲੋਕ ਸਭਾ ਚੋਣਾਂ 2024 ਵੋਟਾਂ ਦੀ ਗਿਣਤੀ ਮਿਤੀ 5 ਜੂਨ 2024 ਨੂੰ ਹੋਣੀਆਂ ਨਿਸ਼ਚਿਤ ਹੋਈਆਂ ਹਨ। ਇਹਨਾਂ ਚੋਣਾਂ ਦੇ ਮੱਦੇਨਜ਼ਰ ਲੋਕ ਸ਼ਾਂਤੀ ਹਿੱਤ ਨਸ਼ਾਬੰਦੀ ਘੋਸ਼ਿਤ ਕਰਨ ਲਈ ਲਿਖਿਆ ਹੈ ਕਿਉਂਕਿ ਚੋਣਾਂ ਦੌਰਾਨ ਸ਼ਰਾਬ ਦੀ ਚੋਰੀ ਅਤੇ ਲੀਕੇਜ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ, ਜਿਸ ਕਾਰਨ ਚੋਣਾਂ ਦੇ ਕੰਮ ਤੇ ਅਸਰ ਪੈ ਸਕਦਾ ਹੈ ਅਤੇ ਲੋਕਾਂ ਵਿੱਚ ਲੜਾਈ ਝਗੜਾ ਹੋਣ ਕਾਰਨ ਕਾਨੂੰਨ ਵਿਵਸਥਾ ਦੀ ਸਥਿਤੀ ਖਰਾਬ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ। ਇਸ ਲਈ ਸ਼ਾਂਤਮਈ ਅਤੇ ਪਾਰਦਰਸ਼ੀ ਤਰੀਕੇ ਨਾਲ ਚੋਣਾਂ ਦਾ ਕੰਮ ਮੁਕੰਮਲ ਕਰਾਉਣ ਲਈ ਨਸ਼ਾਬੰਦੀ ਘੋਸ਼ਿਤ ਕੀਤੀ ਜਾਣੀ ਜ਼ਰੂਰੀ ਹੈ।

# ਸਿਸੋਦੀਆ ਦੀ ਜ਼ਮਾਨਤ ਅਰਜ਼ੀ 'ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਅੱਜ

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਜ਼ਮਾਨਤ ਅਰਜ਼ੀ ਲਈ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਵੱਲੋਂ ਚਾਰ ਜੂਨ ਨੂੰ ਸੁਣਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿਚ ਹਾਈ ਕੋਰਟ ਨੇ ਸਿਸੋਦੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ ਜਿਸ ਤੋਂ ਬਾਅਦ ਸਿਸੋਦੀਆ ਨੇ ਸਰਵਉਚ ਅਦਾਲਤ ਦਾ ਰੁਖ ਕੀਤਾ ਹੈ। ਸਿਸੋਦੀਆ ਨੇ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਦੀ ਵੈੱਬਸਾਈਟ ਅਨੁਸਾਰ ਜਸਟਿਸ ਅਰਵਿੰਦ ਕੁਮਾਰ ਅਤੇ ਸੰਦੀਪ ਮਹਿਤਾ ਦਾ ਬੈਂਚ ਇਸ ਮਾਮਲੇ 'ਤੇ 5 ਜੂਨ ਨੂੰ ਸੁਣਵਾਈ ਕਰੇਗਾ। ਦਿੱਲੀ ਹਾਈ ਕੋਰਟ ਨੇ 21 ਮਈ ਨੂੰ 'ਆਪ' ਦੇ ਸੀਨੀਅਰ ਆਗੂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

# ਤੇਜ਼ ਗਰਮ ਹਵਾ (ਲੂ) ਤੋਂ ਬਚਣ ਲਈ ਲੋਕ ਆਪਣੇ ਘਰਾਂ ਵਿੱਚ ਬੰਦ ਰਹਿਣ ਲਈ ਮਜਬੂਰ

**ਨਵਾਂ ਸ਼ਹਿਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੜਕਦੀ ਗਰਮੀ ਲੋਕਾਂ ਨੂੰ ਬੇਚੈਨ ਕਰ ਰਹੀ ਹੈ। ਮੌਸਮ ਮੁਤਾਬਕ ਦੁਪਹਿਰ ਬਾਅਦ ਪਾਰਾ 44 ਡਿਗਰੀ ਸੈਲਸੀਅਸ ਦੇ ਪਾਰ, ਇੱਕ ਵਾਰ ਫਿਰ ਮੌਸਮ ਵਿੱਚ ਬਦਲਾਅ ਆਇਆ ਹੈ। ਸਵੇਰੇ ਜਿਵੇਂ ਹੀ ਦਿਨ ਸ਼ੁਰੂ ਹੁੰਦਾ ਹੈ, ਪਾਰਾ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਗਰਮੀ ਦੀ ਗਰਮੀ ਅਤੇ ਤੇਜ਼ ਗਰਮ ਹਵਾ (ਲੂ) ਤੋਂ ਬਚਣ ਲਈ ਲੋਕ ਆਪਣੇ ਘਰਾਂ ਵਿੱਚ ਬੰਦ ਰਹਿਣ ਲਈ ਮਜਬੂਰ ਹਨ। ਗਰਮੀ ਕਾਰਨ ਸਿਵਲ ਹਸਪਤਾਲ 'ਚ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਦਿਨ ਚੜ੍ਹਦੇ ਹੀ ਤਾਪਮਾਨ ਲਗਾਤਾਰ ਵਧਦਾ ਗਿਆ। ਸਵੇਰੇ ਦਸ ਵਜੇ ਤੱਕ ਸੂਰਜ ਇੰਨਾ ਤੇਜ਼ ਹੋ ਗਿਆ ਕਿ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਗੁਰੇਜ਼ ਕਰਨ ਲੱਗੇ। ਤੇਜ਼ ਧੁੱਪ ਅਤੇ ਗਰਮੀ ਕਾਰਨ ਬਾਜ਼ਾਰ ਅਤੇ ਇਲਾਕੇ ਦੀਆਂ ਗਲੀਆਂ ਵਿੱਚ ਸੰਨਾਟਾ ਛਾ ਗਿਆ। ਗਰਮੀ ਤੋਂ ਰਾਹਤ ਪਾਉਣ ਲਈ ਲੋਕਾਂ ਨੇ ਆਪਣੇ ਘਰਾਂ ਅਤੇ ਦਫ਼ਤਰਾਂ ਵਿੱਚ ਕੂਲਰਾਂ, ਪੱਖਿਆਂ ਅਤੇ ਏ.ਸੀ. ਬੱਸ ਸਟੈਂਡ 'ਤੇ ਸਵਾਰੀ ਦਾ ਇੰਤਜ਼ਾਰ ਕਰ ਰਹੀਆਂ ਸਵਾਰੀਆਂ ਵੀ ਗਰਮੀ ਤੋਂ ਪ੍ਰੇਸ਼ਾਨ ਸਨ। ਦਿਨ ਵੇਲੇ ਬਾਹਰ ਜਾਣ ਵਾਲੇ ਲੋਕ ਗਰਮੀ ਤੋਂ ਬਚਣ ਲਈ ਆਪਣੇ ਸਰੀਰ ਅਤੇ ਚਿਹਰੇ ਨੂੰ ਪੂਰੀ ਤਰ੍ਹਾਂ ਢੱਕ ਕੇ ਹੀ



ਬਾਹਰ ਨਿਕਲ ਰਹੇ ਸਨ। ਔਰਤਾਂ ਅਤੇ ਬੱਚੇ ਵੀ ਧੁੱਪ ਤੋਂ ਬਚਣ ਲਈ ਛਤਰੀਆਂ, ਐਨਕਾਂ, ਟੋਪੀਆਂ ਆਦਿ ਦਾ ਸਹਾਰਾ ਲੈਂਦੇ ਰਹੇ। ਬਾਜ਼ਾਰ ਵਿਚ ਗੰਨੇ ਦੇ ਰਸ, ਨਿੰਬੂ ਪਾਣੀ, ਸਿਕੰਜੀ ਆਦਿ ਦੀਆਂ ਦੁਕਾਨਾਂ 'ਤੇ ਭੀੜ ਸੀ। ਲੋਕ ਗਰਮੀ ਦਾ ਅਸਰ ਘੱਟ ਕਰਨ ਲਈ ਪੀਣ ਵਾਲੇ ਪਦਾਰਥਾਂ ਦਾ ਆਨੰਦ ਲੈਂਦੇ ਰਹੇ।ਕਹਿੰਦੀ ਧੁੱਪ ਅਤੇ ਗਰਮੀ ਨੇ ਲੋਕਾਂ ਦਾ ਚੈਨ ਖੋਹ ਲਿਆ ਹੈ। ਗਰਮੀ ਦੇ ਕਹਿਰ ਤੋਂ ਮਨੁੱਖ, ਪਸ਼ੂ-ਪੰਛੀ ਵੀ ਪ੍ਰੇਸ਼ਾਨ ਹਨ। ਸਿਵਲ ਹਸਪਤਾਲ ਡਾਕਟਰ ਨਿਰਮਲ ਕੁਮਾਰ ਹਾਰਟ ਸਪੈਸ਼ਲ ਲਿਸਟ ਐਮ ਡੀ ਕਹਿਣਾ ਹੈ ਕਿ ਪਾਰਾ ਦਾ ਉਤਰਾਅ-ਚੜ੍ਹਾਅ ਜਾਰੀ ਰਹੇਗਾ।

ਗਰਮੀ ਜ਼ਿਆਦਾ ਲੋਕਾਂ ਨੂੰ ਰੁਆਉਣ ਵਾਲੀ ਹੈ। ਹੀਟ ਸਟ੍ਰੋਕ ਦੇ ਮਰੀਜ਼ਾਂ ਦੀ ਵਧੀ ਗਿਣਤੀ ਵਧਦੀ ਗਰਮੀ ਕਾਰਨ ਹੀਟ ਸਟ੍ਰੋਕ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਉਲਟੀਆਂ, ਦਸਤ, ਸਿਰ ਦਰਦ,ਆਦਿ ਤੋਂ ਪੀੜਤ ਮਰੀਜ਼ ਹਸਪਤਾਲ ਪਹੁੰਚ ਰਹੇ ਹਨ ਡਾਕਟਰ ਨਿਰਮਲ ਕੁਮਾਰ ਦਾ ਕਹਿਣਾ ਹੈ ਕਿ ਲੋਕਾਂ ਨੂੰ ਓ. ਆਰ. ਐੱਸ., ਇਲੈਕਟ੍ਰੋਲਾਈਟਸ ਵਾਲੇ ਪੀਣ ਵਾਲੇ ਪਦਾਰਥ, ਨਿੰਬੂ ਪਾਣੀ ਤੇ ਲੱਸੀ ਵਰਗੇ ਘਰ ਦੇ ਬਣੇ ਤਰਲ ਪਦਾਰਥਾਂ ਦਾ ਸੇਵਨ ਕਰਕੇ ਹਾਈਡ੍ਰੇਟ ਰਹਿਣ ਦੀ ਸਲਾਹ ਦਿੱਤੀ ਗਈ ਹੈ। ਬਾਹਰੀ ਗਤੀਵਿਧੀਆਂ ਨੂੰ ਸੀਮਤ ਕਰਨ ਦੀ ਅਪੀਲ ਕੀਤੀ ਗਈ ਹੈ। ਜੇ ਜ਼ਰੂਰੀ ਨਹੀਂ ਤਾਂ ਦੁਪਹਿਰ 12 ਵਜੇ ਤੋਂ 4 ਵਜੇ ਦੌਰਾਨ ਬਾਹਰ ਨਾ ਜਾਓ।

ਸੂਰੀ ਹਸਪਤਾਲ ਡਾਕਟਰ ਭੁਪਿੰਦਰ ਸਿੰਘ ਸੂਰੀ ਨੇ ਕਿਹਾ ਕਿ ਜੇ ਜਾਣਾ ਹੋਵੇ ਤਾਂ ਢਿੱਲੇ, ਸੂਤੀ ਤੇ ਹਲਕੇ ਰੰਗ ਦੇ ਕੱਪੜੇ ਪਹਿਨੋ। ਜ਼ਿਆਦਾ ਗਰਮੀ ਤੋਂ ਬਚਣ ਲਈ ਪੀਣ ਵਾਲਾ ਪਾਣੀ ਤੇ ਛੱਤਰੀ ਆਪਣੇ ਨਾਲ ਰੱਖੋ।

ਆਪਣੀ ਖ਼ੁਰਾਕ 'ਚ ਪਾਣੀ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ, ਮੌਸਮੀ ਫ਼ਲਾਂ ਤੇ ਸਬਜ਼ੀਆਂ ਨੂੰ ਸ਼ਾਮਲ ਕਰੋ।

# ਹਿਮਾਚਲ ਵਿਧਾਨ ਸਭਾ ਦੇ ਸਪੀਕਰ ਵੱਲੋਂ ਤਿੰਨ ਆਜ਼ਾਦ ਵਿਧਾਇਕਾਂ ਦੇ ਅਸਤੀਫ਼ੇ ਮਨਜ਼ੂਰ

**ਸ਼ਿਮਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਸੋਮਵਾਰ ਨੂੰ ਰਾਜ ਸਭਾ ਚੋਣਾਂ ਵਿੱਚ ਭਾਜਪਾ ਉਮੀਦਵਾਰ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਤਿੰਨ ਆਜ਼ਾਦ ਵਿਧਾਇਕਾਂ ਦੇ ਅਸਤੀਫ਼ੇ ਪ੍ਰਵਾਨ ਕਰ ਲਏ। ਪਠਾਨੀਆ ਨੇ ਇੱਥੇ ਪੱਤਰਕਾਰਾਂ ਨੂੰ ਦੱਸਿਆ, "ਅਸਤੀਫੇ ਪ੍ਰਵਾਨ ਕਰ ਲਏ ਗਏ ਹਨ ਅਤੇ ਇਹ ਤਿੰਨੇ ਵਿਧਾਇਕ ਤੁਰੰਤ ਪ੍ਰਭਾਵ ਨਾਲ 14ਵੀਂ ਵਿਧਾਨ ਸਭਾ ਦੀ ਮੈਂਬਰੀ ਤੋਂ ਹਟ ਗਏ ਹਨ।" ਆਜ਼ਾਦ ਵਿਧਾਇਕਾਂ ਹੁਸ਼ਿਆਰ ਸਿੰਘ (ਦੇਹਰਾ), ਅਸ਼ੀਸ਼ ਸ਼ਰਮਾ (ਹਮੀਰਪੁਰ) ਅਤੇ ਕੇ ਐਲ ਠਾਕੁਰ (ਨਾਲਾਗੜ੍ਹ) ਨੇ 27 ਫਰਵਰੀ ਦੀਆਂ ਰਾਜ ਸਭਾ ਚੋਣਾਂ ਵਿੱਚ ਕਾਂਗਰਸ ਦੇ ਛੇ ਬਾਗੀਆਂ ਦੇ ਨਾਲ ਭਾਜਪਾ ਉਮੀਦਵਾਰ ਹਰਸ਼ ਮਹਾਜਨ ਦੇ ਹੱਕ ਵਿੱਚ ਵੋਟ ਪਾਈ ਸੀ।

# ਨੌਜਵਾਨਾਂ ਨੇ ਸਨੌਰ ਬੱਸ ਅੱਡੇ 'ਤੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ



**ਸਨੌਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤੇਜ ਪੈ ਰਹੀ ਗਰਮੀ ਤੇ ਤਿੱਖੀ ਅੱਗ ਵਾਂਗੂੰ ਪੈ ਰਹੀ ਧੁੱਪ ਤੋ ਬਚਣ ਲਈ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਨੇ,ਉਥੇ ਹੀ ਇਸ ਤੇਜ ਗਰਮੀ ਤੋ ਕੁਝ ਰਾਹਤ ਦੇ ਲਈ ਹਲਕਾ ਸਨੌਰ ਪਿੰਡ ਕਰਨਪੁਰ ਦੇ ਨੌਜਵਾਨਾਂ ਵੱਲੋਂ ਬੱਸ ਅੱਡੇ ਤੇ ਪਹਿਲਾ ਦੀ ਤਰਾਂ ਇਸ ਵਾਰ ਵੀ ਪਿੰਡ ਵਾਸੀਆ ਦੇ ਸਹਿਯੋਗ ਨਾਲ ਤੇ ਪਰਮਾਤਮਾ ਦੀ ਕਿਰਪਾ ਨਾਲ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਛਬੀਲ ਲਗਾ ਰਹੇ ਸੇਵਾਦਾਰਾ ਨੇ ਸਭ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਉਨਾ ਰੁੱਖਾਂ ਦੀ ਸੰਭਾਲ ਕਰ ਵਾਤਾਵਰਣ ਨੂੰ ਸਾਫ ਸੁਥਰਾ ਤੇ ਹਰਿਆ ਭਰਿਆ ਰੱਖਣ ਦੀ ਬੇਨਤੀ ਕੀਤੀ। ਪਾਣੀ ਦੀ ਦੂਰਵਰਤੋ ਨਾ ਕਰ ਪਾਣੀ ਬਚਾਉਣ ਲਈ ਅਤੇ ਪਸ਼ੂ ਪੰਛੀਆ ਦੇ ਪੀਣ ਲਈ ਅਪਣੇ ਘਰਾਂ ਤੇ ਦੁਕਾਨਾਂ ਕੋਲ ਪਾਣੀ ਰੱਖਣ ਲਈ ਵੀ ਅਪੀਲ ਕੀਤੀ,,

# ਮੇਨ ਚੌਕ ਦੇ ਕਿਰਤੀ ਮਜ਼ਦੂਰਾਂ ਨੇ ਇਕੱਠੇ ਹੋ ਕੇ ਲਗਾਈ ਛਬੀਲ



**ਮਾਛੀਵਾੜਾ ਸਾਹਿਬ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਤ ਦੀ ਪੈ ਰਹੀ ਗਰਮੀ ਤੋਂ ਰਾਹਤ ਦਿਵਾਉਣ ਲਈ ਪੰਜਾਬ ਭਰ ਵਿੱਚ ਸ਼ਹੀਦਾਂ ਦੀ ਧਰਤੀ ਨੂੰ ਨਮਨ ਕਰਦਿਆਂ ਛਬੀਲਾਂ ਲਗਾਈਆਂ ਜਾ ਰਹੀਆਂ ਹਨ। ਮਾਛੀਵਾੜਾ ਸਾਹਿਬ ਸਥਿਤ ਖਾਲਸਾ ਚੌਂਕ ਨਜ਼ਦੀਕ ਮੋਟਰਸਾਈਕਲ ਰੇਹੜੇ, ਰਿਕਸ਼ੇ , ਤੇ ਹੋਰ ਵੱਖ ਵੱਖ ਹੱਥੀ ਕਿਰਤ ਕਰਨ ਵਾਲਿਆ ਨੇ ਇਕੱਠੇ ਹੋਕੇ ਛਬੀਲ ਲਗਾਈ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅੱਤ ਦੀ ਪੈ ਰਹੀ ਗਰਮੀ ਨੇ ਲੋਕਾਂ ਦਾ ਜੀਉਣਾ ਦੁੱਭਰ ਕੀਤਾ ਹੋਇਆ।

ਅਜਿਹੇ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਕੁਝ ਸਮੇਂ ਲਈ ਜਰੂਰ ਰਾਹਤ ਪ੍ਰਦਾਨ ਕਰਦੀ ਹੈ। ਖਾਲਸਾ ਚੌਂਕ ਵਿੱਚ ਲੱਗੀ ਇਹ ਸ਼ਬੀਲ ਤੇ ਸਾਰਾ ਦਿਨ ਭਾਰੀ ਇਕੱਠ ਰਿਹਾ। ਸ਼ਹਿਰ ਨਿਵਾਸੀਆਂ ਤੇ ਆਉਣ ਜਾਣ ਵਾਲੇ ਰਾਹਗੀਰਾਂ ਨੇ ਰੋਕ ਕੇ ਇਸ ਛਬੀਲ ਦਾ ਆਨੰਦ ਲਿਆ ਉੱਥੇ ਹੀ ਕਿਰਤੀ ਮਜ਼ਦੂਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਸੋਨੀ, ਸਤਨਾਮ ਸਿੰਘ, ਅਮਨਦੀਪ ਸਿੰਘ, ਸੋਨੀ, ਬੱਬੂ ,ਸੰਤੋਖ ਸਿੰਘ, ਬਲਵੀਰ ਸਿੰਘ, ਅਵਤਾਰ ਸਿੰਘ ਦਰਸ਼ਦੀਪ, ਅਵਤਾਰ ਸਿੰਘ, ਰਾਜੂ, ਸੋਨੀ ਹਾਜਰ ਸਨ।

## ਪਟਿਆਲਾ ਕ੍ਰਾਇਮ ਰਿਪੋਰਟ

### ਥਾਣਾ ਪਸਿਆਣਾ ਨੇ ਕੀਤਾ ਅਣਪਛਾਤੇ ਕਾਰ ਡਰਾਈਵਰ ਕੇਸ ਦਰਜ

**ਪਟਿਆਲਾ, 5 ਜੂਨ (-ਕੌਮੀ ਪੱਤ੍ਰਿਕਾ ਬਿਊਰੋ-)** - ਥਾਣਾ ਪਸਿਆਣਾ ਦੀ ਪੁਲਿਸ ਨੇ ਅਣਪਛਾਤੇ ਕਾਰ ਚਾਲਕ ਵਿਰੁੱਧ ਧਾਰਾ 279, 304-ਏ, 379 ਆਈ. ਪੀ. ਸੀ. ਕੇ ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਗੁਰਤੇਜ ਸਿੰਘ ਪੁੱਤਰ ਰਾਮ ਚੰਦ ਸਿੰਘ ਵਾਸੀ ਗਰੀਨ ਪਾਰਕ ਕਲੋਨੀ ਪਸਿਆਣਾ ਨੇ ਦੱਸਿਆ ਕਿ ਇੱਕ ਜੂਨ 2024 ਨੂੰ ਸਵੇਰੇ 11 ਵਜੇ ਜਦੋਂ ਉਹਨਾਂ ਦਾ ਲੜਕਾ ਅਮਨਦੀਪ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਿਲਟਰੀ ਏਰੀਆ ਪਟਿਆਲਾ ਦੇ ਕੋਲ ਜਾ ਰਿਹਾ ਸੀ ਤਾਂ ਅਣਪਛਾਤੇ ਕਾਰ ਚਾਲਕ ਨੇ ਆਪਣੀ ਕਾਰ ਤੇਜ਼ ਰਫਤਾਰ ਨਾਲ ਲਿਆ ਕੇ ਉਸਦੇ ਲੜਕੇ ਵਿੱਚ ਮਾਰੀ, ਜਿਸ ਕਾਰਨ ਉਸਦੇ ਲੜਕੇ ਦੀ ਇਲਾਜ ਦੌਰਾਨ ਮੌਤ ਹੋ ਗਈ ਅਤੇ ਇਸ ਸੜਕ ਦੁਰਘਟਨਾ ਦੇ ਦੌਰਾਨ ਹੀ ਉਸਦੇ ਲੜਕੇ ਦਾ ਮੋਟਰਸਾਈਕਲ ਵੀ ਚੋਰੀ ਹੋ ਗਿਆ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਥਾਣਾ ਸਿਵਲ ਲਾਈਨ ਪੁਲਿਸ ਨੇ ਕੀਤਾ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ

**ਪਟਿਆਲਾ, 5 ਜੂਨ -ਕੌਮੀ ਪੱਤ੍ਰਿਕਾ ਬਿਊਰੋ-** - ਥਾਣਾ ਸਿਵਲ ਲਾਈਨ ਪਟਿਆਲਾ ਦੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 457, 380, 356 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਸੁਮੀਤ ਸ਼ੇਖਰੀ ਪੁੱਤਰ ਕਮਲ ਕਿਸ਼ੋਰ ਵਾਸੀ ਮਾਨਸ਼ਾਹੀਆ ਕਾਲੋਨੀ ਪਟਿਆਲਾ ਨੇ ਦੱਸਿਆ ਕਿ 19 ਮਾਰਚ 2024 ਦੀ ਰਾਤ ਨੂੰ ਇੱਕ ਅਣਪਛਾਤਾ ਵਿਅਕਤੀ ਉਹਨਾਂ ਦੇ ਘਰ ਵਿੱਚ ਦਾਖਲ ਹੋਇਆ ਅਤੇ ਕਮਰੇ ਦੀ ਕੁੰਡੀ ਲਗਾ ਕੇ ਉਸ ਦੀ ਮਾਤਾ ਦੇ ਪਰਸ ਵਿੱਚੋਂ 36 ਹਜਾਰ ਰੁਪਏ, ਇੱਕ ਜੋੜੀ ਟੋਪਸ ਦੀ ਅਤੇ ਮਾਤਾ ਦਾ ਜ਼ਬਰਦਸਤੀ ਮੂੰਹ ਦੱਬ ਕੇ ਹੱਥ ਵਿੱਚ ਪਾਈ ਸੋਨੇ ਦੀ ਚੂੜੀ ਵੀ ਉਤਾਰ ਕੇ ਫਰਾਰ ਹੋ ਗਿਆ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜਨ ਹਿੱਤ ਸੰਮਤੀ ਵਲੋ ਤੁਰਨ ਫਿਰਨ ਤੋ ਅਸੱਮਰਥ ਮਰੀਜ਼ਾਂ ਨੂੰ ਟਰਾਈਸਾਈਕਲ ਦੇਣੇ ਸ਼ਲਾਘਾਯੋਗ : ਗੋਤਮ



ਜਨ ਹਿੱਤ ਸੰਮਤੀ ਵਲੋ ਲੋੜਵੰਦ ਮਰੀਜ਼ ਨੂੰ ਟਰਾਈਸਾਈਕਲ ਦਿੰਦੇ ਹੋਏ ਪ੍ਰਧਾਨ ਐਸ ਕੇ ਗੋਤਮ, ਅਮਰਜੀਤ ਕੌਰ ਸਾਈਵਾਲ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਸ਼ੇਸ਼ ਤੌਰ ਤੇ ਅਮਰਜੀਤ ਕੌਰ ਸਾਈਵਾਲ,ਚਮਨ ਲਾਲ ਗਰਗ,,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ,ਪ੍ਰੈਸ ਸਕੱਤਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਸਤੀਸ਼ ਜੋਸ਼ੀ, ਸਤਪਾਲ ਗੋਇਲ,ਮੈਡਮ ਮੱਧੂ ਗਾਬਾ,ਰਾਮੇਸ ਮਲਹੋਤਰਾ, ਰੁਦਰਪਤਾਪ ਸਿੰਘ, , ਪ੍ਰਦੀਪ ਕੁਮਾਰ,,ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਪ੍ਰਧਾਨ ਐਸ ਕੇ ਗੋਤਮ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਦੇਣੀਆਂ ਸ਼ਲਾਘਾਯੋਗ ਉਪਰਾਲਾ ਹੈ ਇਸ ਨਾਲ ਤੁਰਨ ਫਿਰਨ ਤੋ ਅਸੱਮਰਥ ਵਿਅਕਤੀ ਨੂੰ ਕਾਫੀ ਮਦਦ ਮਿਲਦੀ ਹੈ , ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਉਹਨਾਂ ਦੀ ਸੰਸਥਾ ਵਲੋਂ ਲੋੜਵੰਦਾਂ ਦੀ ਮਦਦ ਕਰਨਾ, ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ, , ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ,ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦੀਵਾਈਆ ਦਾ ਪ੍ਰਬੰਧ ਕਰ ਰਹੀ ਹੈ। ਇਸ ਮੌਕੇ ਜਨ ਹਿੱਤ ਸੰਮਤੀ ਦੇ ਮੀਤ ਪ੍ਰਧਾਨ ਜਤਵਿੰਦਰ ਗਰੇਵਾਲ ਅਤੇ ਪ੍ਰੈਸ ਸਕੱਤਰ ਪਰਮਿੰਦਰ ਭਲਵਾਨ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਹਰ ਸਮੇਂ ਲੋੜਵੰਦਾਂ ਦੀ ਮਦਦ ਲਈ ਦਿਨ ਰਾਤ ਤਿਆਰ ਹੈ।

# ਬੇਰੁਜ਼ਗਾਰੀ ਤੋਂ ਤੰਗ ਆ ਕੇ 19 ਸਾਲਾ ਨੌਜਵਾਨ ਨੇ ਫਾਹਾ ਲੈ ਕੇ ਕੀਤੀ ਖ਼ੁਦਕੁਸ਼ੀ

**ਮਾਛੀਵਾੜਾ ਸਾਹਿਬ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

19 ਸਾਲਾ ਨੌਜਵਾਨ ਅਵਿਨਾਸ਼ ਨੇ ਘਰ ਦੀ ਗ਼ਰੀਬੀ ਤੋਂ ਪ੍ਰੇਸ਼ਾਨ ਹੋ ਕੇ ਘਰ ਫਾਹਾ ਲੈ ਕੇ ਜਾਨ ਦੇ ਦਿੱਤੀ। ਸਥਾਨਕ ਗਾਮੇ ਸ਼ਾਹ ਮੁਹੱਲੇ ਦੇ ਰਹਿਣ ਵਾਲੇ ਦਰਸ਼ਨ ਲਾਲ ਦੇ ਜਵਾਨ ਪੁੱਤ ਅਵਿਨਾਸ਼ ਦੇ ਪਰਿਵਾਰਕ ਮੈਂਬਰਾਂ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਸੱਤਵੀਂ ਜਮਾਤ ਪਾਸ ਸੀ ਤੇ ਪਿਛਲੇ ਕਈ ਮਹੀਨਿਆਂ ਤੋਂ ਮਾਨਸਿਕ ਤਣਾਅ 'ਚ ਰਹਿੰਦਾ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਘਰੇ ਸੀ ਤੇ ਮੋਬਾਈਲ ਦੇਖ ਰਿਹਾ ਸੀ ਕਿ ਅਚਾਨਕ ਨਾਲ ਲੱਗਦੇ ਕਮਰੇ 'ਚ ਗਿਆ, ਜਿੱਥੇ ਉਸ ਨੇ ਚੁੰਨੀ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਅਚਾਨਕ ਜਦੋਂ ਉਸ ਦੀ ਮਾਂ ਨਾਲ ਲੱਗਦੇ ਕਮਰੇ 'ਚ ਪਹੁੰਚੀ ਤਾਂ ਆਪਣੇ ਜਵਾਨ ਪੁੱਤ ਦੀ ਲਾਸ਼ ਛੱਤ ਨਾਲ ਲਟਕਦੀ ਦੇਖ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਤੇ ਘਰ 'ਚ ਚੀਕ-



ਚਿਹਾੜਾ ਪੈ ਗਿਆ। ਉਸ ਨੂੰ ਥੱਲੇ ਉਤਾਰਿਆ ਗਿਆ ਤਾਂ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਅਵਿਨਾਸ਼ ਦੇ ਪਿਤਾ ਦਰਸ਼ਨ ਲਾਲ ਨੇ ਦੱਸਿਆ ਕਿ ਰੁਜ਼ਗਾਰ ਨਾ ਮਿਲਣ ਕਾਰਨ ਉਹ ਪ੍ਰੇਸ਼ਾਨ ਸੀ ਤੇ ਘਰ 'ਚ ਵੀ ਚੁੱਪ-ਚੁੱਪ ਰਹਿੰਦਾ ਸੀ। ਉਸ ਨੇ ਆਪਣੇ ਪਿਤਾ ਨੂੰ ਕਿਹਾ ਕਿ ਕੁਝ ਪੈਸੇ ਦੇ ਦਿਓ ਕਿਉਂਕਿ ਉਸ ਦਾ ਮਨ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦਰਸ਼ਨਾਂ ਲਈ ਜਾਣ ਦਾ ਕਰਦਾ ਹੈ। ਪਰ ਬਾਅਦ ਦੁਪਹਿਰ 3 ਵਜੇ ਉਸ ਨੇ ਦਰਬਾਰ ਸਾਹਿਬ ਜਾਣਾ ਸੀ ਪਰ ਉਸ ਤੋਂ ਪਹਿਲਾਂ 11 ਵਜੇ ਖ਼ੁਦਕੁਸ਼ੀ ਕਰ ਲਈ।

ਉਹ 4 ਭੈਣ-ਭਰਾਵਾਂ 'ਚ ਸਭ ਤੋਂ ਛੋਟਾ ਸੀ ਤੇ ਗ਼ਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ। ਘਰ ਦੀ ਗ਼ਰੀਬੀ ਤੇ ਬੇਰੁਜ਼ਗਾਰੀ ਨੇ ਉਸ ਨੂੰ ਅਜਿਹਾ ਪ੍ਰੇਸ਼ਾਨ ਕੀਤਾ ਕਿ ਉਸ ਨੇ ਆਪਣੀ ਜਾਨ ਦੇ ਦਿੱਤੀ।

ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ। ਕੋਈ ਵੀ ਖ਼ੁਦਕੁਸ਼ੀ ਨੋਟ ਨਾ ਮਿਲਣ ਕਰਕੇ ਪਰਿਵਾਰਕ ਮੈਂਬਰਾਂ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਧਾਰਾ-174 ਤਹਿਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

# ਨਵੀਆਂ ਜਮਾਤਾਂ 'ਚ ਨਵੀਆਂ ਮੰਜ਼ਿਲਾਂ ਕਰੋ ਤੈਅ

**ਪ੍ਰੋ. ਕੁਲਜੀਤ ਕੌਰ**



ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਵਾਂ ਵਿਚੋਂ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖ਼ਤਮ ਹੋ ਚੁੱਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁੱਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ-ਨਕੋਰ ਪੁਸਤਕਾਂ ਨੂੰ ਦੇਖ-ਦੇਖ ਖ਼ੁਸ਼ ਹੁੰਦੇ ਹਨ। ਉਨ੍ਹਾਂ ਦੇ ਇਨ੍ਹਾਂ ਖ਼ੁਸ਼ੀ ਭਰੇ ਪਲਾਂ ਲਈ ਉਨ੍ਹਾਂ ਨੂੰ ਮੁਬਾਰਕ। ਕੁਝ ਸਿੱਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

☛ ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉੱਪਰ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਪਤਾ ਚੱਲ ਗਿਆ ਹੋਵੇਗਾ ਕਿ ਕਮੀ ਕਿਥੇ ਰਹੀ ਹੈ? ਆਪਣੇ ਤੋਂ ਅੱਗੇ ਨਿਕਲ ਚੁੱਕੇ ਵਿਦਿਆਰਥੀਆਂ ਦੀ ਸਫ਼ਲਤਾ ਦਾ ਰਾਜ਼ ਉਹ ਸਮਝ ਚੁੱਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਲ ਹੋਇਆ ਹੋਵੇ। ਇਸ ਲਈ ਉਨ੍ਹਾਂ ਵਿਦਿਆਰਥੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਸਗੋਂ ਭਵਿੱਖ ਲਈ ਆਸਵੰਦ ਰਹਿਣ।

☛ ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮ ਵਰਕ (ਘਰ ਲਈ ਮਿਲਿਆ ਕੰਮ) ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

☛ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਸਮਾਂ-ਸਾਰਨੀ (ਟਾਈਮ ਟੇਬਲ) ਬਣਾ ਕੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ।

☛ ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰਕੇ, ਜਿਹੜੇ ਵਿਸ਼ੇ ਵਧੇਰੇ ਪ੍ਰੈਕਟਿਸ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਸਮਾਂ ਦੇਣ। ਟਿਊਸ਼ਨ ਕਲਚਰ ਅੱਜ ਵਿੱਦਿਅਕ ਖੇਤਰ ਵਿਚ ਸ਼ਾਇਦ ਇਕ ਫੈਸ਼ਨ ਅਤੇ ਲੋੜ ਬਣ ਚੁੱਕਾ ਹੈ। ਲੋੜ ਅਨੁਸਾਰ ਇਸ ਦਾ ਵੀ ਲਾਭ ਲਿਆ ਜਾ ਸਕਦਾ ਹੈ।

☛ ਅਨੁਸ਼ਾਸਨ ਨੂੰ ਜੀਵਨ ਦਾ ਅੰਗ ਬਣਾਉਂਦੇ ਹੋਏ ਜਮਾਤ ਦੇ ਉਨ੍ਹਾਂ ਸਾਰੇ ਨਿਯਮਾਂ ਦਾ ਪਾਲਣ ਕਰੋ, ਜੋ ਸਕੂਲ ਅਥਾਰਟੀ ਨੇ ਨਿਸਚਤ ਕੀਤੇ ਹਨ। ਆਪਣੇ ਸਹਿਪਾਠੀਆਂ ਨਾਲ ਸਹਿਯੋਗ ਕਰਦੇ ਹੋਏ ਸਕੂਲ ਵਿਚ ਕੋਈ ਵੀ ਅਜਿਹੀ ਗ਼ਲਤੀ ਨਾ ਕਰੋ, ਜਿਸ ਤੋਂ ਤੁਹਾਨੂੰ ਸਜ਼ਾ ਸੁਣਾਈ ਜਾਵੇ, ਮਾਪਿਆਂ ਨੂੰ ਉਲਾਹਮਾ ਸੁਣਨਾ ਪਵੇ। ਇਸ ਲਈ ਨਵੀਂ ਜਮਾਤ ਵਿਚ ਪ੍ਰਵੇਸ਼ ਕਰਕੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਕਿਹਾ ਮੰਨ ਕੇ ਆਪਣੀ ਸ਼ਖ਼ਸੀਅਤ ਵਿਚ ਇਕ ਆਦਰਸ਼ਕ ਵਿਦਿਆਰਥੀ ਵਾਲੇ ਗੁਣ ਪੈਦਾ ਕਰੋ।

☛ ਆਪਣਾ ਖੇਡਣ ਦਾ ਸਮਾਂ ਵੀ ਨਿਸਚਤ ਕਰੋ। ਆਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਸਰੀਰਕ ਵਰਜਿਸ਼ ਲਈ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਕੰਪਿਊਟਰ ਗੇਮਾਂ, ਵੀਡੀਓ ਗੇਮਾਂ ਜਾਂ ਟੈਕਨਾਲੋਜੀ ਦੇ ਏਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਓ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

☛ ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

☛ ਮਾਪੇ ਘਰੇਲੂ ਮਾਹੌਲ ਇਸ ਪ੍ਰਕਾਰ ਦਾ ਬਣਾਉਣ ਕਿ ਬੱਚਿਆਂ ਨੂੰ ਪੜ੍ਹਨ ਦੀ ਲਗਨ ਲਾਈ ਜਾ ਸਕੇ। ਉਨ੍ਹਾਂ ਦੀਆਂ ਵਿੱਦਿਅਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਅਧਿਆਪਕ ਦੀ ਭੂਮਿਕਾ ਮਾਪਿਆਂ ਤੋਂ ਵਧੇਰੇ ਹੈ। ਇਸ ਲਈ ਸਕੂਲ ਵਿਚ ਅਧਿਆਪਕ ਵਿਦਿਆਰਥੀ ਨਾਲ ਆਪਸੀ ਸਮਝਦਾਰੀ ਅਤੇ ਸਹਿਯੋਗ ਦਾ ਮਾਰਗ ਚੁਣਦੇ ਹੋਏ ਉਨ੍ਹਾਂ ਦੀ ਮਾਨਸਿਕ ਅਵਸਥਾ ਨੂੰ ਸਮਝ ਕੇ ਅਗਵਾਈ ਕਰਨ। ਹਿਟਲਰਸ਼ਾਹੀ ਦਿਖਾ ਕੇ, ਡਰਾ ਧਮਕਾ ਕੇ ਗਿਆਨ ਨਹੀਂ ਵੰਡਿਆ ਜਾ ਸਕਦਾ।

☛ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ-ਚਾਈਂ ਸਕੂਲ ਜਾਵੇਗਾ। ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਹਰ ਵਿਦਿਆਰਥੀ ਗਿਆਨ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ, ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ ਦਰਸ਼ਨ ਕੀਤਾ ਜਾਵੇ।

# ਕਿਉਂ ਵਧ ਰਹੇ ਹਨ ਕੰਮਕਾਜੀ ਔਰਤਾਂ 'ਤੇ ਅਪਰਾਧ

**ਤੇਜਿੰਦਰ ਸਿੰਘ**



ਅੱਜ ਦਾ ਯੁੱਗ ਮਾਡਰਨ, ਕੰਪਿਊਟਰ, ਇੰਟਰਨੈੱਟ, ਮੋਬਾਈਲ ਤੇ ਹੋਰ ਕਈ ਉਸਾਰੂ ਸਾਧਨਾਂ ਦਾ ਯੁੱਗ ਮੰਨਿਆ ਜਾਂਦਾ ਹੈ। ਕੀ ਸਾਡੀ ਸੋਚ ਵੀ ਉਸਾਰੂ ਹੋਈ ਹੈ? ਨਹੀਂ, ਪਹਿਲਾਂ ਨਾਲੋਂ ਵੀ ਜ਼ਿਆਦਾ ਔਰਤਾਂ 'ਤੇ ਜ਼ੁਲਮਾਂ ਦੀ ਹਨੇਰੀ ਛਾਈ ਹੋਈ ਹੈ। ਭਾਵੇਂ ਕੰਮਕਾਜੀ ਔਰਤਾਂ ਵਿਚ ਆਤਮਵਿਸ਼ਵਾਸ ਹੁੰਦਾ ਹੈ। ਉਹ ਬੋਲਤ ਵੀ ਹੁੰਦੀ ਹੈ ਪਰ ਇਨ੍ਹਾਂ ਜ਼ੁਲਮਾਂ ਦੀ ਖਾਤਰ ਘਰ ਵਿਚ ਬੰਦ ਨਹੀਂ ਹੋ ਸਕਦੀ। ਔਰਤਾਂ ਨੂੰ ਆਪਣੀ ਰੱਖਿਆ ਆਪ ਹੀ ਕਰਨੀ ਪਵੇਗੀ। ਇਸ ਲਈ ਕੁਝ ਜ਼ਰੂਰੀ ਚੁੰਬਕੀ ਸੂਤਰ ਹਨ, ਜੋ ਅਪਣਾ ਕੇ ਔਰਤ ਆਪਣੀ ਰੱਖਿਆ ਆਪ ਹੀ ਕਰ ਸਕਦੀ ਹੈ।

ਸਭ ਤੋਂ ਪਹਿਲਾਂ ਔਰਤ ਨੂੰ ਸ਼ਲੀਨਤਾ ਵਿਚ ਰਹਿਣਾ ਪਵੇਗਾ ਤੇ ਕੱਪੜਿਆਂ ਦੀ ਚੋਣ ਸਮਾਜ ਨੂੰ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਗਹਿਣੇ ਵੀ ਘੱਟ ਪਹਿਨੇ ਜਾਣ। ਉਨ੍ਹਾਂ ਨੂੰ ਘਰੋਂ ਨਿਕਲਣ ਦੇ ਸਮੇਂ ਕ੍ਰੈਡਿਟ ਕਾਰਡ, ਕੈਸ਼ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ। ਜੇ ਕੋਈ ਪਿੱਛਾ ਕਰਦਾ ਮਹਿਸੂਸ ਹੋਵੇ ਤਾਂ ਰਸਤਾ ਬਦਲ ਲਵੋ। ਰਾਤ ਦੇ ਸਮੇਂ ਆਉਣ-ਜਾਣ ਤੋਂ ਪ੍ਰਹੇਜ਼ ਕੀਤਾ ਜਾਵੇ। ਕੰਮ ਹਮੇਸ਼ਾ ਦਿਨ ਦੇ ਸਮੇਂ ਵਿਚ ਹੀ ਪੂਰਾ ਕੀਤਾ ਜਾਵੇ। ਕਿਸੇ ਵੀ ਮਰਦ ਸਹਿਕਰਮੀ ਉੱਪਰ ਅੰਨ੍ਹਾ ਵਿਸ਼ਵਾਸ ਵੀ ਨਾ ਕੀਤਾ ਜਾਵੇ। ਨਾ ਹੀ ਮਰਦ ਸਹਿਕਰਮੀ ਨਾਲ ਘੁਲ-ਮਿਲ ਕੇ ਗੱਲਾਂ ਕਰੋ। ਕੁਝ ਦੂਰੀ ਬਣਾ ਕੇ ਰੱਖੋ। ਆਪਣੀਆਂ ਘਰੇਲੂ ਗੱਲਾਂ ਜਾਂ ਲੜਾਈ-ਝਗੜੇ ਹਰ ਅੱਗੇ ਨਾ ਖੋਲ੍ਹੋ। ਕੋਈ ਵੀ ਪ੍ਰੇਸ਼ਾਨੀ ਹੋਵੇ ਤਾਂ ਮਨ ਨੂੰ ਸ਼ਾਂਤ ਕਰਨ ਦੀ ਬਜਾਏ ਕੋਈ ਖਾਸ ਸਹੇਲੀ-ਭੈਣ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।

ਔਰਤਾਂ ਨੂੰ ਚਾਹੀਦਾ ਹੈ ਕਿ ਦਫਤਰ ਵਿਚ ਬਾਹਰੀ ਲੋਕਾਂ ਨਾਲ ਜ਼ਿਆਦਾ ਜਾਣ-ਪਛਾਣ ਨਾ ਵਧਾਉਣ, ਨਾ ਹੀ ਕਿਸੇ ਅਣਜਾਣੇ ਵਿਅਕਤੀ ਉੱਪਰ ਯਕੀਨ ਕਰਕੇ ਉਸ ਨਾਲ ਬਾਹਰ ਜਾਓ। ਦਫਤਰ ਜਾਂ ਹੋਰ ਕੰਮ ਦੇ ਸਥਾਨ 'ਤੇ ਲਿਫਟ ਵਿਚ ਇਕੱਲੇ ਕਦੇ ਵੀ ਨਾ ਜਾਓ, ਕਿਉਂਕਿ ਛੇੜਛਾੜ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਦਫਤਰ ਵਿਚ ਆਪਣਾ ਵਿਹਾਰ ਅਤੇ ਸਲੀਕਾ ਅਜਿਹਾ ਰੱਖੋ ਕਿ ਕੋਈ ਤੁਹਾਡੇ 'ਤੇ ਉਂਗਲ ਨਾ ਕਰ ਸਕੇ। ਆਪਸੀ ਰੰਜਸ਼ ਵੀ ਕਈ ਵਾਰ ਹਾਦਸਿਆਂ ਦਾ ਕਾਰਨ ਬਣਦੀ ਹੈ। ਇਸ ਲਈ ਕਿਸੇ ਨਾਲ ਐਵੇਂ ਝਗੜਾ ਮੁੱਲ ਨਾ ਲਵੋ। ਕਰਾਟੇ, ਡਿਫੈਂਸ ਦੀ ਸਿਖਲਾਈ ਵੀ ਲਈ ਜਾ ਸਕਦੀ ਹੈ।

ਜਿਥੇ ਔਰਤਾਂ ਕੰਮ ਕਰਦੀਆਂ ਹਨ, ਉਥੋਂ ਦੇ ਪ੍ਰਬੰਧਕ ਵੀ ਔਰਤਾਂ ਨੂੰ ਦੇਰ ਰਾਤ ਤੱਕ ਡਿਊਟੀ ਕਰਨ ਤੋਂ ਬਾਅਦ ਘਰ ਛੱਡਣ ਦਾ ਸੁਰੱਖਿਅਤ ਪ੍ਰਬੰਧ ਕਰਨ ਤੇ ਕਈ ਅਦਾਰੇ ਕਰ ਵੀ ਰਹੇ ਹਨ। ਔਰਤਾਂ ਆਪਣੇ ਸਹਿਕਰਮੀ ਨਾਲ ਹਾਸਾ-ਮਜ਼ਾਕ ਸੀਮਤ ਦਾਇਰੇ ਵਿਚ ਰਹਿ ਕੇ ਹੀ ਕਰਨ। ਕਈ ਵਾਰੀ ਇਨ੍ਹਾਂ ਵਿਚੋਂ ਹੀ ਗ਼ਲਤ ਕਦਮ ਚੁੱਕ ਸਕਦੇ ਹਨ। ਸੋ, ਔਰਤਾਂ-ਲੜਕੀਆਂ ਨੂੰ ਅਜਿਹਾ ਸਮਾਜ ਦੇਈਏ ਜਿਥੇ ਉਹ ਖੁੱਲ੍ਹ ਕੇ ਸਾਹ ਲੈ ਸਕਣ ਤੇ ਬਿਨਾਂ ਡਰ ਤੋਂ ਆਪਣੀ ਡਿਊਟੀ ਦੇ ਸਕਣ। ਆਪਣੇ ਘਰ-ਪਰਿਵਾਰ ਦੀ ਖਾਤਰ ਉਸ ਨੂੰ ਇਹ ਜ਼ੁਲਮ ਨਾ ਸਹਿਣਾ ਪਵੇ। ਸੋ, ਔਰਤਾਂ ਇਨ੍ਹਾਂ ਸੂਤਰਾਂ ਨੂੰ ਅਪਣਾ ਕੇ ਵੀ ਕੁਝ ਮਾੜੇ ਅਨਸਰਾਂ ਦੇ ਜ਼ੁਲਮਾਂ ਤੋਂ ਬਚ ਸਕਦੀਆਂ ਹਨ।

# ਕੀ ਤੁਸੀਂ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨਦੇ ਹੋ



ਜੇ ਤੁਹਾਡਾ ਰੰਗ ਕਾਲਾ ਜਾਂ ਜ਼ਿਆਦਾ ਸਾਂਵਲਾ ਹੈ ਤਾਂ ਬਾਹਾਂ ਤੋਂ ਬਗੈਰ ਪਹਿਰਾਵਾ ਕਦੇ ਨਾ ਪਹਿਨੋ। ਇਸ ਨਾਲ ਤੁਹਾਡੀ ਫੂਹੜਤਾ ਦਾ ਪਤਾ ਲੱਗੇਗਾ, ਕਿਉਂਕਿ ਕਾਲੀਆਂ ਬਾਹਾਂ ਤੁਹਾਨੂੰ ਪੂਰਨ ਆਕਰਸ਼ਣਹੀਣ ਬਣਾ ਦੇਣਗੀਆਂ। ਕਈ ਵਾਰ ਦੇਖਿਆ ਜਾਂਦਾ ਹੈ ਕਿ ਰੰਗ ਗੋਰਾ ਹੋਣ ਦੇ ਬਾਵਜੂਦ ਜੇ ਬਾਹਾਂ ਜ਼ਿਆਦਾ ਪਤਲੀਆਂ ਹੋਣ ਤਾਂ ਵੀ ਬਾਹਾਂ ਤੋਂ ਬਗੈਰ ਪਹਿਰਾਵਾ ਤੁਹਾਡੀ ਸ਼ੋਭਾ ਘਟਾਉਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਨਾਲ ਬਾਹਾਂ ਦਾ ਪਤਲਾਪਨ ਜ਼ਿਆਦਾ ਉਜਾਗਰ ਹੋ ਜਾਂਦਾ ਹੈ ਜੋ ਦੇਖਣ ਵਿਚ ਭੱਦਾ ਲਗਦਾ ਹੈ। ਬਾਹਾਂ ਦਾ ਥੁਲਥੁਲਾਪਨ ਵੀ ਬਾਹਾਂ ਤੋਂ ਬਗੈਰ ਪਹਿਰਾਵੇ ਦੀ ਸ਼ੋਭਾ ਨਸ਼ਟ ਕਰਦਾ ਹੈ। ਜੇ ਤੁਹਾਡੀਆਂ ਬਾਹਾਂ ਜ਼ਿਆਦਾ ਮੋਟੀਆਂ ਹਨ ਪਰ ਤੁਹਾਨੂੰ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਦਾ ਸ਼ੌਕ ਹੈ ਤਾਂ ਬਾਹਾਂ ਨੂੰ ਵਿਵਸਥਿਤ ਆਕਾਰ ਦੇਣ ਲਈ ਨਿਯਮਤ ਬਾਹਾਂ ਦੀ ਕਸਰਤ ਕਰੋ। ਇਸ ਨਾਲ ਬਾਹਾਂ 'ਤੇ ਵਾਧੂ ਚਰਬੀ ਖਤਮ ਹੋ ਜਾਵੇਗੀ ਅਤੇ ਤੁਸੀਂ ਆਪਣੇ ਇਸ ਸ਼ੌਕ ਨੂੰ ਪੂਰਾ ਕਰ ਸਕੋਗੇ। ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਲਈ ਬਾਹਾਂ ਦੀ ਨਿਯਮਤ ਸਫ਼ਾਈ ਜ਼ਰੂਰੀ ਹੈ। ਵੇਸਣ, ਗੁਲਾਬਜਲ ਅਤੇ ਮਲਾਈ ਨੂੰ ਬਰਾਬਰ ਮਾਤਰਾ ਵਿਚ ਮਿਲਾ ਕੇ ਇਸ ਨਾਲ ਬਾਹਾਂ ਦੀ ਸਫਾਈ ਕਰੋ। ਕੂਹਣੀਆਂ ਦੀ ਸਫਾਈ ਲਈ ਅੱਧਾ ਨਿੰਬੂ ਉਸ ਉੱਤੇ ਰਗੜੋ। ਜੇ ਤੁਸੀਂ ਬਾਹਾਂ ਤੋਂ ਬਗੈਰ ਕੱਪੜੇ ਪਹਿਨ ਕੇ ਧੁੱਪ ਵਾਲੀ ਜਗ੍ਹਾ ਜਾ ਰਹੇ ਹੋ ਤਾਂ ਬਾਹਾਂ ਦੀ ਚਮੜੀ ਨੂੰ ਧੁੱਪ ਨਾਲ ਝੁਲਸਣ ਤੋਂ ਬਚਾਉਣ ਲਈ ਜਾਣ ਤੋਂ ਪਹਿਲਾਂ ਸਨਸਕਰੀਨ ਲੋਸ਼ਨ ਅਤੇ ਟੈਲਕਮ ਪਾਊਡਰ ਦੀ ਵਰਤੋਂ ਜ਼ਰੂਰ ਕਰੋ। ਬਾਹਾਂ 'ਤੇ ਲੋਸ਼ਨ ਦੀ ਵਰਤੋਂ ਵੀ ਬਹੁਤ ਉੱਤਮ ਹੈ। ਹਰ ਸਮੇਂ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਨਾਲ ਬਾਹਾਂ ਦੀ ਚਮੜੀ 'ਤੇ ਮਾੜਾ ਅਸਰ ਪੈਂਦਾ ਹੈ, ਇਸ ਲਈ ਕਦੇ-ਕਦੇ ਹੀ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨੋ।

# ਜੇਤੂ ਬਣਨ ਲਈ ਵਕਾਰਮਈ ਢੰਗ ਨਾਲ ਹਾਰਨਾ ਸਿੱਖੋ

-ਨਵਜੋਤ ਬਜਾਜ ਗੱਗੂ,
ਮੋਬਾ: 98721-02614

**ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ।**



ਅੱਜ ਹਰ ਪਾਸੇ ਮੁਕਾਬਲੇਬਾਜ਼ੀ ਤੇ ਦੌੜ ਦਾ ਬੋਲਬਾਲਾ ਹੈ। ਮੁਕਾਬਲਾ ਤੇ ਦੌੜ ਇਕ ਸਿੱਕੇ ਦੇ ਦੋ ਪਹਿਲੂ ਹਨ। ਇਨਸਾਨ ਸਭ ਕੁਝ ਸਹਿਜੇ ਹੀ ਮਿਹਨਤ ਨਾਲ ਪ੍ਰਾਪਤ ਕਰ ਲੈਂਦਾ ਹੈ ਪਰ ਇਨ੍ਹਾਂ ਦੋ ਗੱਲਾਂ ਦਾ ਸਾਥ ਨਹੀਂ ਛੱਡਦਾ। ਕਿਸਮਤ ਹਮੇਸ਼ਾ ਬਹਾਦਰਾਂ ਦਾ ਸਾਥ ਦਿੰਦੀ ਹੈ ਪਰ ਇਨਾਮ ਹਮੇਸ਼ਾ ਜੇਤੂਆਂ ਨੂੰ ਮਿਲਦੇ ਹਨ। ਫਿਰ ਵੀ ਅਫ਼ਸੋਸ ਵਾਲੀ ਤੇ ਵਿਲੱਖਣ ਗੱਲ ਇਹ ਹੈ ਕਿ ਲੋਕਾਂ ਨੂੰ ਮਰਿਆਦਾ ਪੂਰਨ ਢੰਗ ਨਾਲ ਹਾਰਨਾ ਵੀ ਨਹੀਂ ਆਉਂਦਾ। ਆਪਣੇ ਸੋਚਣ ਦੇ ਢੰਗ-ਤਰੀਕੇ 'ਚ ਵੀ ਅਸੀਂ ਜ਼ਿਆਦਾ ਸੁਆਰਥਮੁਕਤ ਬਣ ਜਾਂਦੇ ਹਾਂ। ਵੱਕਾਰਮਈ ਢੰਗ ਨਾਲ ਕੁਝ ਗਵਾਉਣ ਦੀ ਇਹ ਯੋਗਤਾ ਸਾਨੂੰ ਨਾ ਸਿਰਫ ਦਿਲ ਦੇ ਦੌਰੇ ਦੇ ਖ਼ਤਰੇ ਤੋਂ ਬਚਾਉਂਦੀ ਹੈ, ਸਗੋਂ ਸਾਡੀ ਉਦਾਰਤਾ ਤੇ ਖੁਸ਼ੀ 'ਚ ਵੀ ਵਾਧਾ ਕਰਦੀ ਹੈ। ਅਜਿਹਾ ਰਵੱਈਆ ਹਾਰ-ਜਿੱਤ ਦੇ ਸਮੀਕਰਨਾਂ ਨੂੰ 'ਜਿੱਤ ਬਨਾਮ ਜਿੱਤ' ਦੇ ਸਮੀਕਰਨ ਵਿਚ ਬਦਲ ਦਿੰਦਾ ਹੈ। ਸਾਰੀਆਂ ਪ੍ਰਤੀਯੋਗੀ ਸਥਿਤੀਆਂ 'ਚ ਇਕ ਆਦਮੀ ਨੇ ਤਾਂ ਹਾਰਨਾ ਹੀ ਹੁੰਦਾ ਹੈ। ਅਜਿਹੀ ਹਾਰ ਤੁਹਾਡੇ ਸਵੈ-ਮਾਣ, ਸਵੈ-ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ, ਜਿਸ ਨਾਲ ਤੁਸੀਂ ਕਾਫੀ ਨਿਰਾਸ਼ਾ ਤੇ ਕੁੜੱਤਣ ਮਹਿਸੂਸ ਕਰਦੇ ਹੋ। ਪਰ ਜ਼ਿੰਦਗੀ ਦੇ ਕਿਸੇ ਵੀ ਤਜਰਬੇ ਨੂੰ ਹਮੇਸ਼ਾ ਲਈ ਨਾਂਹ-ਪੱਖੀ ਭਾਵਨਾਵਾਂ ਨਾਲ ਲੈ ਕੇ ਵਿਦਾ ਨਹੀਂ ਹੋਣਾ ਚਾਹੀਦਾ। ਹਰੇਕ ਸਥਿਤੀ 'ਚੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰੋ। ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ। ਆਲੋਚਨਾ 'ਤੇ ਤੁਰੰਤ ਪ੍ਰਤੀਕਿਰਿਆ ਜ਼ਾਹਰ ਨਾ ਕਰੋ, ਕੁਝ ਦੇਰ ਲਈ ਉੱਠ ਕੇ ਚਲੇ ਜਾਓ ਤੇ ਹਰ ਗੱਲ ਬਾਰੇ ਸੋਚੋ। ਬੇਸ਼ੱਕ ਆਲੋਚਨਾ ਤਿੱਖੀ ਜਾਂ ਕੌੜੀ ਕਿਉਂ ਨਾ ਹੋਵੇ, ਤਾਂ ਵੀ ਆਪਣੀਆਂ ਕਮੀਆਂ 'ਤੇ ਕਾਬੂ ਪਾਉਣ ਦਾ ਇਹ ਸਭ ਤੋਂ ਸੌਖਾ ਤਰੀਕਾ ਹੋਵੇਗਾ। ਕਿਸੇ ਵੀ ਹਾਰ 'ਤੇ ਗੁੱਸੇ 'ਚ ਆਉਣਾ, ਪ੍ਰੇਸ਼ਾਨ ਹੋਣਾ ਜਾਂ ਨਿਰਾਸ਼ ਹੋਣਾ ਕੁਦਰਤੀ ਗੱਲਾਂ ਹਨ ਪਰ ਆਪੇ ਤੋਂ ਬਾਹਰ ਹੋ ਕੇ ਹੰਗਾਮਾ ਖੜ੍ਹਾ ਕਰਨਾ ਸੁਭਾਵਿਕ ਪ੍ਰਤੀਕਿਰਿਆ ਨਹੀਂ ਹੁੰਦੀ। ਜੇ ਤੁਸੀਂ ਜੇਤੂ ਬਣਨਾ ਚਾਹੁੰਦੇ ਹੋ ਤਾਂ ਵਿਕਾਰਮਈ ਢੰਗ ਨਾਲ ਹਾਰਨ ਦੀ ਕਲਾ ਨੂੰ ਜ਼ਰੂਰ ਸਿੱਖੋ।

# ਕਿਤੇ ਤੁਸੀਂ ਬਿਮਾਰ ਹੋਣ 'ਤੇ ਆਪਣੇ ਡਾਕਟਰ ਖ਼ੁਦ ਤਾਂ ਨਹੀਂ ਬਣ ਜਾਂਦੇ ?

1. ਪਿਛਲੇ ਕਈ ਦਿਨਾਂ ਤੋਂ ਤੁਹਾਨੂੰ ਖੰਘ ਹੈ ਅਤੇ ਤੁਹਾਡਾ ਪਤੀ ਡਾਕਟਰ ਕੋਲ ਜਾਣ ਲਈ ਕਹਿੰਦਾ ਹੈ, ਤਾਂ ਤੁਹਾਡਾ ਜਵਾਬ ਹੁੰਦਾ ਹੈ-(ਕ) ਮੌਸਮ ਦੀ ਵਜ੍ਹਾ ਨਾਲ ਹੈ, ਮੌਸਮ ਸਹੀ ਹੋਣ 'ਤੇ ਖੰਘ ਆਪਣੇ-ਆਪ ਠੀਕ ਹੋ ਜਾਵੇਗੀ। (ਖ) ਮੇਰੇ ਕੋਲ ਡਾਕਟਰ ਕੋਲ ਜਾਣ ਲਈ ਭਲਾ ਸਮਾਂ ਕਿਥੇ ਹੈ? ਦਿਨ ਭਰ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਹੀ ਫੁਰਸਤ ਨਹੀਂ ਮਿਲਦੀ। (ਗ) 'ਜ਼ਿਆਦਾ ਦਿਨ ਤੱਕ ਖੰਘ ਰਹਿਣੀ ਠੀਕ ਨਹੀਂ' ਕਹਿ ਕੇ ਡਾਕਟਰ ਦੇ ਕੋਲ ਚਲੀ ਜਾਂਦੀ ਹੋ।



2. ਬਿਮਾਰ ਹੋਣ 'ਤੇ ਤੁਸੀਂ ਡਾਕਟਰ ਦੇ ਕੋਲ ਜਾਂਦੇ ਹੋ, ਡਾਕਟਰ ਤੁਹਾਨੂੰ ਦਵਾਈ ਦਿੰਦਾ ਹੈ ਅਤੇ ਤੁਸੀਂ-(ਕ) ਡਾਕਟਰ ਦੇ ਕਹੇ ਅਨੁਸਾਰ ਸਮੇਂ ਸਿਰ ਦਵਾਈ ਲੈਂਦੇ ਹੋ। (ਖ) ਇਕ ਖੁਰਾਕ ਲੈਣ ਤੋਂ ਬਾਅਦ ਹੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਠੀਕ ਹੋ ਗਏ ਹੋ ਅਤੇ ਦਵਾਈ ਲੈਣੀ ਬੰਦ ਕਰ ਦਿੰਦੇ ਹੋ। (ਗ) ਡਾਕਟਰ ਦੇ ਕੋਲ ਤਾਂ ਜਾਂਦੀ ਹੋ, ਦਵਾਈ ਵੀ ਲਿਆਉਂਦੀ ਹੋ ਪਰ ਤੁਹਾਨੂੰ ਫਿਰ ਵੀ ਲਗਦਾ ਹੈ ਕਿ ਦਵਾਈ ਲੈਣੀ ਹੀ ਨਾ ਪਵੇ ਅਤੇ ਤੁਸੀਂ ਨਹੀਂ ਲੈਂਦੇ।

3. ਪਿਛਲੇ ਦੋ ਘੰਟਿਆਂ ਤੋਂ ਤੁਸੀਂ ਸਿਰਦਰਦ ਤੋਂ ਪ੍ਰੇਸ਼ਾਨ ਹੋ। ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੇ ਕੋਲ ਜਾਂਦੇ ਹੋ। (ਖ) ਆਪਣੇ ਕਿਸੇ ਵਾਕਿਫ ਦੇ ਕਹਿਣ 'ਤੇ ਉਸ ਦੀ ਦੱਸੀ ਦਵਾਈ ਲੈ ਲੈਂਦੇ ਹੋ। (ਗ) ਇੰਟਰਨੈੱਟ ਖੋਲ੍ਹ ਕੇ ਸਿਰਦਰਦ ਦੀ ਕਿਸੇ ਦਵਾਈ ਦਾ ਨਾਂਅ ਲਿਖ ਕੇ ਉਸ ਨੂੰ ਲੈ ਕੇ ਖਾ ਲੈਂਦੇ ਹੋ।

(4) ਪਿਛਲੇ ਤਿੰਨ ਦਿਨ ਤੋਂ ਬੱਚੇ ਨੂੰ ਤੇਜ਼ ਬੁਖ਼ਾਰ ਹੈ, ਅਜਿਹੇ ਵਿਚ ਤੁਸੀਂ ਸੋਚਦੇ ਹੋ- (ਕ) ਵਾਇਰਲ ਹੋਵੇਗਾ, ਡਾਕਟਰ ਦੇ ਕੋਲ ਕੀ ਜਾਣਾ। (ਖ) ਸਾਰੇ ਬੁਖ਼ਾਰ ਇਕੋ ਜਿਹੇ ਹੀ ਹੁੰਦੇ ਹਨ, ਕੋਈ ਵੀ ਐਂਟੀਬਾਇਟਿਕ ਦਿੱਤੀ ਜਾ ਸਕਦੀ ਹੈ। (ਗ) ਬੁਖ਼ਾਰ ਵਿਚ ਭਲਾ ਡਾਕਟਰ ਕੋਲ ਜਾਣ ਦੀ ਕੀ ਲੋੜ, ਠੰਢੇ ਪਾਣੀ ਦੀਆਂ ਪੱਟੀਆਂ ਨਾਲ ਠੀਕ ਹੋ ਜਾਵੇਗਾ।

5. ਤੁਹਾਨੂੰ ਉੱਚ ਖ਼ੂਨ ਦਬਾਅ ਦੀ ਸ਼ਿਕਾਇਤ ਹੈ, ਤੁਹਾਡੀ ਨਿਯਮਤ ਦਵਾਈ ਚਲਦੀ ਹੈ, ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਨਹੀਂ ਲੈਂਦੇ। (ਖ) ਦੋ ਮਹੀਨੇ ਦਾ ਕੋਰਸ ਸੀ ਪਰ 'ਦਵਾਈ ਬਚੀ ਹੈ' ਸੋਚ ਕੇ ਉਸ ਨੂੰ ਅੱਗੇ ਵੀ ਖਾਂਦੇ ਰਹਿੰਦੇ ਹੋ। (ਗ) ਜਦੋਂ ਯਾਦ ਆਇਆ, ਦਵਾਈ ਖਾ ਲੈਂਦੇ ਹੋ, ਡਾਕਟਰ ਤੋਂ ਪੁੱਛੇ ਬਿਨਾਂ ਖਾਣੀ ਬੰਦ ਕਰ ਦਿੰਦੇ ਹੋ।

ਨਤੀਜਾ : ਤੁਸੀਂ ਆਪਣਾ ਇਲਾਜ ਖ਼ੁਦ ਹੀ ਤਾਂ ਨਹੀਂ ਕਰਦੇ। ਆਓ, ਹਾਸਲ ਨੰਬਰਾਂ ਰਾਹੀਂ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ।

(ਕ) ਜੇਕਰ ਤੁਸੀਂ 20 ਜਾਂ ਇਸ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਹਨ ਤਾਂ ਮੰਨ ਲਓ ਕਿ ਤੁਸੀਂ ਆਪਣੀ ਬਿਮਾਰੀ ਦੇ ਪ੍ਰਤੀ ਗੰਭੀਰ ਰਹਿੰਦੇ ਹੋ। ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਹੋ ਕਿ ਬਿਮਾਰ ਹੋਣ 'ਤੇ ਡਾਕਟਰ ਦੀ ਸਲਾਹ ਲਏ ਬਿਨਾਂ ਖ਼ੁਦ ਇਲਾਜ ਕਰਨਾ ਕਿਸੇ ਵੀ ਪੱਖੋਂ ਸਹੀ ਨਹੀਂ ਹੈ।

(ਖ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਜ਼ਿਆਦਾ ਅਤੇ 15 ਤੋਂ ਘੱਟ ਹਨ ਤਾਂ ਤੁਸੀਂ ਆਪਣੀ ਸਰੀਰਕ ਤੰਦਰੁਸਤੀ ਨੂੰ ਲੈ ਕੇ ਓਨੇ ਗੰਭੀਰ ਨਹੀਂ ਹੋ, ਜਿੰਨਾ ਹੋਣਾ ਚਾਹੀਦਾ ਹੈ। ਇਸ ਲਈ ਤੁਹਾਨੂੰ ਹੋਰ ਸਮਝਦਾਰੀ ਤੋਂ ਕੰਮ ਲੈਣਾ ਪਵੇਗਾ ਅਤੇ ਇਹ ਸਮਝਣਾ ਪਵੇਗਾ ਕਿ ਸਿਹਤ ਪ੍ਰਤੀ ਛੋਟੀ ਜਿਹੀ ਵੀ ਲਾਪ੍ਰਵਾਹੀ ਜਾਂ ਅਣਦੇਖੀ ਦਾ ਬੁਰਾ ਨਤੀਜਾ ਹੋ ਸਕਦਾ ਹੈ।

(ਗ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਘੱਟ ਹਨ ਤਾਂ ਸਮਝ ਲਓ ਕਿ ਤੁਸੀਂ ਸਮੇਂ ਦੀ ਕਮੀ ਕਰਕੇ ਜਾਂ ਇਲਾਜ 'ਤੇ ਹੋਣ ਵਾਲੇ ਖਰਚ ਨੂੰ ਬਚਾਉਣ ਦੇ ਚੱਕਰ ਵਿਚ ਆਪਣਾ ਇਲਾਜ ਖ਼ੁਦ ਕਰਦੇ ਹੋ, ਜਿਸ ਦੇ ਤੁਹਾਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇਸ ਲਈ ਆਪਣੇ ਡਾਕਟਰ ਖ਼ੁਦ ਬਣਨ ਦੀ ਬਜਾਏ ਬਿਮਾਰੀ ਦੀ ਹਾਲਤ ਵਿਚ ਡਾਕਟਰ ਤੋਂ ਸਲਾਹ ਲਏ ਬਿਨਾਂ ਨਾ ਤਾਂ ਕੋਈ ਦਵਾਈ ਲਓ ਅਤੇ ਨਾ ਹੀ ਡਾਕਟਰ ਦੇ ਕੋਲ ਜਾਣ ਤੋਂ ਸੰਕੋਚ ਕਰੋ।

-ਪਿੰਕੀ ਅਰੋੜਾ

# ਕਿਚਨ ਟਿਪਸ

♣ ਚੌਲ ਉਬਾਲਦੇ ਸਮੇਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਅਤੇ ਥੋੜ੍ਹਾ ਜਿਹਾ ਸਿਰਕਾ ਪਾ ਦੇਣ ਨਾਲ ਚੌਲ ਜ਼ਿਆਦਾ ਸਫੈਦ ਬਣਦੇ ਹਨ ਅਤੇ ਚੌਲਾਂ ਦੇ ਦਾਣੇ ਵੀ ਜ਼ਿਆਦਾ ਖਿਲਦੇ ਹਨ।

♣ ਡਬਲ ਰੋਟੀ ਬਚ ਜਾਵੇ ਤਾਂ ਇਸ ਨੂੰ ਪੀਸ ਕੇ ਘਿਓ ਵਿਚ ਭੁੰਨ ਲਓ। ਸਬਜ਼ੀ ਬਣਾਉਂਦੇ ਸਮੇਂ ਇਸ ਨੂੰ ਉਸ ਵਿਚ ਪਾ ਦਿਓ। ਤੁਸੀਂ ਚਾਹੋ ਤਾਂ ਇਸ ਦੀ ਸਬਜ਼ੀ ਬਣਾ ਸਕਦੇ ਹੋ। ਇਸ ਤਰ੍ਹਾਂ ਬਣੀ ਸਬਜ਼ੀ ਬਹੁਤ ਸਵਾਦੀ ਹੁੰਦੀ ਹੈ।



♣ ਅਕਸਰ ਇਲਾਇਚੀ ਦੇ ਸਿਰਫ ਦਾਣੇ ਹੀ ਵਰਤੇ ਜਾਂਦੇ ਹਨ ਅਤੇ ਛਿੱਲ ਸੁੱਟ ਦਿੱਤੀ ਜਾਂਦੀ ਹੈ। ਇਸ ਲਈ ਛੋਟੀ ਜਾਂ ਵੱਡੀ ਇਲਾਇਚੀ ਦੀਆਂ ਛਿੱਲਾਂ ਨੂੰ ਸੁੱਟਣ ਦੀ ਬਜਾਏ ਉਨ੍ਹਾਂ ਨੂੰ ਚਾਹ ਦੀ ਪੱਤੀ ਜਾਂ ਖੰਡ ਵਿਚ ਮਿਲਾਉਂਦੇ ਰਹੋ। ਇਸ ਨਾਲ ਬਣੀ ਚਾਹ ਸਵਾਦੀ ਹੋਵੇਗੀ। ਪਕਵਾਨ ਬਣਾਉਂਦੇ ਸਮੇਂ ਇਸ ਖੰਡ ਦੀ ਵਰਤੋਂ ਕਰੋ ਤਾਂ ਪਕਵਾਨ ਦਾ ਸਵਾਦ ਵੀ ਵਧੇਗਾ।

♣ ਜੇ ਤੁਸੀਂ ਸਿਰਫ ਦੋ ਜਾਂ ਤਿੰਨ ਟਮਾਟਰ ਛਿੱਲਣੇ ਹੋਣ ਅਤੇ ਤੁਸੀਂ ਪਾਣੀ ਉਬਾਲਣ ਤੋਂ ਬਚਣਾ ਚਾਹੁੰਦੇ ਹੋ ਤਾਂ ਖਾਣੇ ਲਈ ਵਰਤੋਂ ਵਿਚ ਆਉਣ ਵਾਲੇ ਕੰਡਿਆਂ ਨੂੰ ਟਮਾਟਰ ਵਿਚ ਖੋਭ ਕੇ ਚੁੱਲ੍ਹੇ ਦੀ ਅੱਗ ਦਿਖਾਓ। ਟਮਾਟਰ ਦਾ ਛਿਲਕਾ ਅਸਾਨੀ ਨਾਲ ਉਤਰ ਜਾਵੇਗਾ।

♣ ਕਾਬਲੀ ਛੋਲੇ ਛੇਤੀ ਪਕਾਉਣ ਲਈ ਉਨ੍ਹਾਂ ਵਿਚ ਮਿੱਠਾ ਸੋਡਾ ਪਾ ਕੇ ਪਕਾਇਆ ਜਾਂਦਾ ਹੈ ਪਰ ਅਜਿਹਾ ਕਰਨ ਨਾਲ ਛੋਲਿਆਂ ਦਾ ਰੰਗ ਨਹੀਂ ਆ ਪਾਉਂਦਾ। ਜੇ ਉਪਰੋਕਤ ਪਕਾਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿਲੋ ਛੋਲਿਆਂ ਦੇ ਹਿਸਾਬ ਨਾਲ ਪਾ ਦਿੱਤਾ ਜਾਵੇ ਤਾਂ ਇਸ ਨਾਲ ਛੋਲਿਆਂ ਦਾ ਕੁਦਰਤੀ ਰੂਪ ਅਤੇ ਰੰਗ ਬਰਕਰਾਰ ਰਹਿੰਦਾ ਹੈ।

♣ ਖੰਡ ਦੀ ਚਾਸ਼ਣੀ ਬਣਾਉਣ ਜਾ ਰਹੇ ਹੋ? ਅਜਿਹਾ ਕਰੋ, ਚਾਸ਼ਣੀ ਬਣਾਉਣ ਤੋਂ ਪਹਿਲਾਂ ਕੜਾਹੀ ਵਿਚ ਅੰਦਰ ਚਾਰੇ ਪਾਸੇ ਥੋੜ੍ਹਾ ਜਿਹਾ ਮੱਖਣ ਲਗਾ ਦਿਓ। ਇਸ ਨਾਲ ਚਾਸ਼ਣੀ ਚੰਗੀ ਬਣੇਗੀ।

# ਯੂ-ਟਿਊਬ ਦੀ ਸਟਾਰ ਹੈ 106 ਸਾਲਾ ਮਸਤਨੰਮਾ



60 ਸਾਲ ਦੀ ਉਮਰ ਹੁੰਦੇ ਹੀ ਅਕਸਰ ਲੋਕਾਂ ਨੂੰ ਕਹਿੰਦੇ ਸੁਣਿਆ ਹੋਵੇਗਾ ਕਿ ਬਜ਼ੁਰਗ ਹੋ ਗਏ ਹਾਂ। ਜੇਕਰ ਤੁਸੀਂ ਉਹਨਾਂ ਨੂੰ ਕੋਈ ਤਕਨੀਕ ਸਿੱਖਣ ਲਈ ਕਹੋ ਤਾਂ ਕਹਿੰਦੇ ਹਨ ਹੁਣ ਉਹਨਾਂ ਨੂੰ ਇਹ ਸਭ ਸਿੱਖਣ ਦੀ ਕੀ ਲੋੜ ਹੈ। ਅਜਿਹੇ ਲੋਕਾਂ ਦੇ ਸਾਹਮਣੇ ਆਂਧਰਾ ਪ੍ਰਦੇਸ਼ ਦੀ 106 ਸਾਲ ਦੀ ਬਜ਼ੁਰਗ ਔਰਤ ਮਿਸਾਲ ਪੇਸ਼ ਕਰ ਰਹੀ ਹੈ। ਮਸਤਨੰਮਾ ਨਾਂ ਦੀ ਇਹ ਬਜ਼ੁਰਗ ਇਸ ਉਮਰ ਵਿਚ ਯੂ-ਟਿਊਬ 'ਤੇ ਵੀਡੀਓ ਅਪਲੋਡ ਕਰਕੇ ਦੁਨੀਆਂ ਵਿਚ ਪ੍ਰਸਿੱਧ ਹੋ ਗਈ ਹੈ। ਅੰਮਾ ਰਵਾਇਤੀ ਤਰੀਕੇ ਨਾਲ ਬੇਹੱਦ ਸਵਾਦੀ ਖਾਣਾ ਪਕਾਉਂਦੀ ਹੈ। ਉਹ ਖਾਣਾ ਪਕਾਉਣ ਦੇ ਤਰੀਕਿਆਂ ਨੂੰ ਯੂ-ਟਿਊਬ ਤੇ ਅਪਲੋਡ ਕਰਕੇ ਦੁਨੀਆਂ ਦੇ ਸਾਹਮਣੇ ਆਪਣੀ ਕਲਾ ਨੂੰ ਪਹੁੰਚਾ ਰਹੀ ਹੈ। ਇਸ ਬਜ਼ੁਰਗ ਔਰਤ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਯੂ-ਟਿਊਬ 'ਤੇ ਉਹ ਕੰਟਰੀ ਫ੍ਰਾਈਡਸ ਨਾਂ ਦਾ ਪੇਜ ਬਣਾ ਰਹੀ ਹੈ। ਇਸ ਪੇਜ ਨੂੰ ਢਾਈ ਲੱਖ ਤੋਂ ਜ਼ਿਆਦਾ ਲੋਕ ਸਬਸਕ੍ਰਾਈਬ ਕਰ ਚੁੱਕੇ ਹਨ। ਆਂਧਰਾ ਪ੍ਰਦੇਸ਼ ਦੀ ਰਹਿਣ ਵਾਲੀ ਮਸਤਨਾਮਾ ਯੂ. ਟਿਊਬ ਦੀ ਸਭ ਤੋਂ ਵਡੇਰੀ ਉਮਰ ਦੀ ਯੂ-ਟਿਊਬਰ ਬਣ ਚੁੱਕੀ ਹੈ। ਇਹਨਾਂ ਦੇ ਚੈਨਲ ਨੂੰ ਇਹਨਾਂ ਦਾ ਪੋਤਾ ਕੇ. ਲਕਸ਼ਮਣ ਹੈਂਡਲ ਕਰਦਾ ਹੈ।

ਅੰਮਾ ਬਿਲਕੁਲ ਦੇਸੀ ਅੰਦਾਜ਼ ਵਿਚ ਖਾਣਾ ਪਕਾਉਂਦੀ ਹੈ। ਉਹ ਵੈਜ ਤੋਂ ਇਲਾਵਾ ਨੌਨਵੈਜ ਵੀ ਪਕਾਉਂਦੀ ਹੈ। ਉਹ ਜਿਸ ਸਲੀਕੇ ਨਾਲ ਖਾਣਾ ਪਕਾਉਂਦੀ ਹੈ, ਉਸਨੂੰ ਦੇਖਣ ਵਿਚ ਹੀ ਮਜ਼ਾ ਆ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਤੁਸੀਂ ਇਸ ਖਾਣੇ ਨੂੰ ਪਕਾਉਂਦੇ ਹੋਏ ਦੇਖੋਗੇ ਤਾਂ ਪਾਓਗੇ ਕਿ ਉਸਨੂੰ ਪਤਾ ਹੈ ਕਿ ਕਦੋਂ ਕਿੰਨਾ ਮਸਾਲਾ ਦੇਣਾ ਹੈ, ਕਦੋਂ ਨਮਕ ਪਾਉਣਾ ਹੈ, ਕਿੰਨੀ ਆਂਚ ਰੱਖਣੀ ਹੈ ਆਦਿ। ਇਸ ਉਮਰ ਵਿਚ ਉਹ ਮੱਛੀ, ਚਿਕਨ ਆਦਿ ਸਾਰੀਆਂ ਚੀਜ਼ਾਂ ਖੁਦ ਦੀਆਂ ਤਿਆਰ ਕਰਦੀ ਹੈ। ਉਹ ਅੰਡੇ ਦਾ ਵੀ ਕੋਈ ਵਿਅੰਜਨ ਪਕਾਉਂਦੀ ਹੈ। ਉਹਨਾਂ ਦਾ ਪਕਾਉਣ ਦਾ ਤਰੀਕਾ ਅਤੇ ਬੇਹੱਦ ਘੱਟ ਮਸਾਲਿਆਂ ਵਿਚ ਖਾਣੇ ਵਿਚ ਸਵਾਦ ਲਿਆਉਣਾ ਸਾਰਿਆਂ ਨੂੰ ਪਸੰਦ ਆ ਰਿਹਾ ਹੈ। ਮਸਤਨੰਮਾ ਅਤੇ ਉਹਨਾਂ ਦੇ ਪੋਤੇ ਦੀ ਇਸ ਕੋਸ਼ਿਸ਼ ਕਾਰਨ ਭਾਰਤੀ ਦਿਹਾਤੀ ਵਿਅੰਜਨ ਦੀ ਪਹੁੰਚ ਦੁਨੀਆਂ ਭਰ ਵਿਚ ਹੋ ਰਹੀ ਹੈ।

### ਆਰਬੀਆਈ ਵੱਲੋਂ 100 ਟਨ ਸੋਨਾ ਯੂਕੇ ਤੋਂ ਭਾਰਤ ਤਬਦੀਲ

# ਕੇਂਦਰੀ ਬੈਂਕ ਦੀ ਕਾਰਵਾਈ ਦਾ ਮੁੱਖ ਮੰਤਵ ਭੰਡਾਰਨ ਲਾਗਤ ਬਚਾਉਣਾ



**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਯੂਕੇ ਦੇ ਬੈਂਕ ਵਾਲਟਾਂ ਵਿਚ ਰੱਖਿਆ ਕਰੀਬ 100 ਟਨ ਸੋਨਾ ਭਾਰਤ ਵਿਚਲੇ ਆਪਣੇ ਵਾਲਟਾਂ ਵਿਚ ਤਬਦੀਲ ਕੀਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਕੇਂਦਰੀ ਬੈਂਕ ਦੀ ਇਸ ਕਾਰਵਾਈ ਦਾ ਮੁੱਖ ਮੰਤਵ ਭੰਡਾਰਨ ਲਾਗਤ ਬਚਾਉਣਾ ਹੈ। ਸਾਲ 1991 ਮਗਰੋਂ ਪਹਿਲੀ ਵਾਰ ਹੈ ਜਦੋਂ ਭਾਰਤ ਨੇ ਇੰਨੇ ਵੱਡੇ ਪੱਧਰ ’ਤੇ ਸੋਨੇ ਦੇ ਆਪਣੇ ਭੰਡਾਰਾਂ ਨੂੰ ਵਿਦੇਸ਼ ਤੋਂ ਤਬਦੀਲ ਕੀਤਾ ਹੈ। ਅਰਥਸ਼ਾਸਤਰੀ ਸੰਜੀਵ ਸਾਨਿਆਲ, ਜੋ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਵੀ ਹਨ, ਨੇ ਕਿਹਾ, “ਜਦੋਂ ਸਾਰਿਆਂ ਦਾ ਧਿਆਨ ਆਸੇ ਪਾਸੇ ਸੀ, ਭਾਰਤੀ ਰਿਜ਼ਰਵ ਬੈਂਕ ਨੇ ਯੂਕੇ ਤੋਂ ਆਪਣੇ 100 ਟਨ ਸੋਨੇ ਦੇ ਭੰਡਾਰ ਵਾਪਸ ਭਾਰਤ ਤਬਦੀਲ ਕੀਤੇ ਹਨ।” ਉਨ੍ਹਾਂ ਕਿਹਾ, “ਬਹੁਤੇ ਮੁਲਕ ਆਪਣਾ ਸੋਨਾ ਬੈਂਕ ਆਫ਼ ਇੰਗਲੈਂਡ ਜਾਂ ਅਜਿਹੀ ਕਿਸੇ ਹੋਰ ਲੋਕੇਸ਼ਨ (ਫੀਸ ਦੀ ਅਦਾਇਗੀ ਦੇ ਨਾਲ) ਦੇ ਵਾਲਟਾਂ ਵਿਚ ਰੱਖਦੇ ਹਨ। ਭਾਰਤ ਹੁਣ ਆਪਣਾ ਬਹੁਤਾ ਸੋਨਾ ਆਪਣੇ ਹੀ ਵਾਲਟਾਂ ਵਿਚ ਰੱਖੇਗਾ। 1991 ਦੇ ਵਿੱਤੀ ਸੰਕਟ ਦਰਮਿਆਨ ਸਾਨੂੰ ਰਾਤੋ-ਰਾਤ ਆਪਣਾ ਸੋਨਾ ਤਬਦੀਲ ਕਰਨਾ ਪਿਆ ਸੀ ਤੇ ਉਦੋਂ ਤੋਂ ਹੁਣ ਤੱਕ ਅਸੀਂ ਲੰਮਾ ਪੈਂਡਾ ਤੈਅ ਕਰ ਚੁੱਕੇ ਹਾਂ।” ਸਾਨਿਆਲ ਨੇ ਕਿਹਾ, “ਮੇਰੀ ਪੀੜ੍ਹੀ ਲਈ 1990-91 ਵਿਚ ਸੋਨੇ ਨੂੰ ਉਥੋਂ ਬਾਹਰ ਕੱਢਣਾ ਨਾਕਾਮੀ ਦਾ ਪਲ ਸੀ, ਜਿਸ ਨੂੰ ਅਸੀਂ ਕਦੇ ਨਹੀਂ ਭੁੱਲ ਸਕਦੇ। ਇਹੀ ਵਜ੍ਹਾ ਹੈ ਕਿ ਸੋਨਾ ਵਾਪਸ ਲੈ ਕੇ ਆਉਣ ਦਾ ਖ਼ਾਸ ਮਤਲਬ ਹੈ।” ਚੇਤੇ ਰਹੇ ਕਿ 1991 ਵਿਚ ਜਦੋਂ ਜ਼ਰੂਰੀ ਦਰਾਮਦਾਂ ਲਈ ਭਾਰਤ ਕੋਲ ਅਦਾਇਗੀ ਲਈ ਕੋਈ ਪੈਸਾ ਨਹੀਂ ਸੀ ਤਾਂ ਉਦੋਂ ਚੰਦਰਸ਼ੇਖਰ ਸਰਕਾਰ ਨੇ ਫੰਡ ਜੁਟਾਉਣ ਲਈ ਸੋਨਾ ਗਹਿਣੇ ਰੱਖਿਆ ਸੀ। ਆਰਬੀਆਈ ਨੇ ਉਦੋਂ ਬੈਂਕ ਆਫ਼ ਇੰਗਲੈਂਡ ਤੇ ਬੈਂਕ ਆਫ਼ ਜਪਾਨ ਕੋਲ 46.91 ਟਨ ਸੋਨਾ ਗਹਿਣੇ ਰੱਖ ਕੇ 40 ਕਰੋੜ ਡਾਲਰ ਦੀ ਰਕਮ ਉਧਾਰ ਲਈ ਸੀ। ਆਰਬੀਆਈ ਦਾ ਅੱਧੇ ਨਾਲੋਂ ਵੱਧ ਸੋਨਾ ਬੈਂਕ ਆਫ਼ ਇੰਗਲੈਂਡ ਤੇ ਬੈਂਕ ਆਫ਼ ਇੰਟਰਨੈਸ਼ਨਲ ਸੈਟਲਮੈਂਟਸ ਦੀ ਸੁਰੱਖਿਅਤ ਕਸਟਡੀ ਵਿਚ ਸੀ।

# ਚੀਨ ’ਚ ਫੇਸਬੁੱਕ ਖ਼ਾਤਿਆਂ ਰਾਹੀਂ ਸਿੱਖਾਂ ਨੂੰ ਬਣਾਇਆ ਜਾ ਰਿਹੈ ਨਿਸ਼ਾਨਾ

### ਸੋਸ਼ਲ ਮੀਡੀਆ ਕੰਪਨੀ ਮੈਟਾ ਨੇ ਆਪਣੀ ਰਿਪੋਰਟ ’ਚ ਕੀਤਾ ਖ਼ੁਲਾਸਾ

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੋਸ਼ਲ ਮੀਡੀਆ ਦਿੱਗਜ ਮੈਟਾ ਜੋ ਫੇਸਬੁੱਕ, ਇੰਸਟਗ੍ਰਾਮ ਤੇ ਵੱਟਸਐਪ ਦੀ ਮਾਲਕ ਹੈ, ਨੇ ਕਿਹਾ ਹੈ ਕਿ ਚੀਨ ’ਚ ਇੱਕ ਨੈਟਵਰਕ ਨੇ ਸੋਸ਼ਲ ਮੀਡੀਆ ’ਤੇ ‘ਖਾਲਿਸਤਾਨ ਆਜ਼ਾਦੀ ਅੰਦੋਲਨ’, ਪੰਜਾਬ ’ਚ ਹੜ੍ਹ ਤੇ ਭਾਰਤ ਸਰਕਾਰ ਦੀ ਆਲੋਚਨਾ ਦੀਆਂ ਫਰਜ਼ੀ ਪੋਸਟਾਂ ਤੇ ਛੇੜਛਾੜ ਕੀਤੀਆਂ ਗਈਆਂ ਤਸਵੀਰਾਂ ਦੀ ਵਰਤੋਂ ਕਰਕੇ ਦੁਨੀਆ ਭਰ ’ਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਹੈ।

ਮੈਟਾ ਨੇ ਆਪਣੀ ਮਈ ਮਹੀਨੇ ਦੀ ਰਿਪੋਰਟ ’ਚ ਕਿਹਾ, ‘ਅਜਿਹਾ ਲਗਦਾ ਹੈ ਕਿ ਇਨ੍ਹਾਂ ਗਰੁੱਪਾਂ ਨੇ ‘ਅਪਰੇਸ਼ਨ ਕੇ’ ਦੇ ਨਾਂ ਹੇਠ ਇੱਕ ਫਰਜ਼ੀ ਕਾਰਕੁਨ ਅੰਦੋਲਨ ਸ਼ੁਰੂ ਕੀਤਾ ਹੈ ਜਿਸ ਨੇ ਸਿੱਖ ਹਮਾਇਤੀ ਰੋਸ ਮੁਜ਼ਾਹਰਿਆਂ ਦਾ ਸੱਦਾ ਦਿੱਤਾ ਹੈ।’ ਰਿਪੋਰਟ ਅਨੁਸਾਰ ਇਹ ਅੰਦੋਲਨ ਫਰਜ਼ੀ ਖ਼ਾਤਿਆਂ ਦੇ ਕਈ ਸਮੂਹਾਂ ਰਾਹੀਂ ਚਲਾਇਆ ਗਿਆ ਜਿਸ ਵਿੱਚ ਭਾਰਤ ਤੇ ਤਿੱਬਤ ਨੂੰ ਨਿਸ਼ਾਨਾ ਬਣਾਉਣ ਵਾਲੇ ਚੀਨ ਦੇ ਇੱਕ ਸਮੂਹ ਦੇ ਲਿੰਕ ਵੀ ਸ਼ਾਮਲ ਸਨ। ਸੋਸ਼ਲ ਮੀਡੀਆ ਰਾਹੀਂ ਆਸਟਰੇਲੀਆ, ਕੈਨੇਡਾ, ਭਾਰਤ, ਨਿਊਜ਼ੀਲੈਂਡ, ਪਾਕਿਸਤਾਨ, ਬਰਤਾਨੀਆ ਤੇ ਨਾਈਜੀਰੀਆ ਦੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੈਟਾ ਨੇ ਕਿਹਾ, ‘ਅਸੀਂ ਆਪਣੀ ਨੀਤੀ ਦੀ ਉਲੰਘਣਾ ਕਰਨ ’ਤੇ 37 ਫੇਸਬੁੱਕ ਖ਼ਾਤੇ, 13 ਪੇਜ, ਪੰਜ ਗਰੁੱਪ ਅਤੇ ਇੰਸਟਾਗ੍ਰਾਮ ਤੋਂ ਨੌਂ ਖ਼ਾਤੇ ਹਟਾਏ ਹਨ।’ ਮੈਟਾ ਨੇ ਕਿਹਾ ਕਿ ਖ਼ਬਰਾਂ ਤੇ ਮੌਜੂਦਾ ਘਟਨਾਵਾਂ ਬਾਰੇ ਇਹ ਪੋਸਟਾਂ ਮੁੱਢਲੇ ਤੌਰ ’ਤੇ ਅੰਗਰੇਜ਼ੀ ਤੇ ਹਿੰਦੀ ਵਿੱਚ ਸਨ ਅਤੇ ਇਨ੍ਹਾਂ ਨਾਲ ਛੇੜਛਾੜ ਕੀਤੀਆਂ ਤਸਵੀਰਾਂ ਵੀ ਨਸ਼ਰ ਕੀਤੀਆਂ ਗਈਆਂ ਸਨ। ਪੰਜਾਬ ’ਚ ਹੜ੍ਹਾਂ ਤੇ ਖਾਲਿਸਤਾਨ ਆਜ਼ਾਦੀ ਅੰਦੋਲਨ ਤੋਂ ਇਲਾਵਾ ਕੈਨੇਡਾ ’ਚ ਹਰਦੀਪ ਸਿੰਘ ਨਿੱਝਰ ਕਤਲ ਤੇ ਭਾਰਤ ਸਰਕਾਰ ਦੀ ਆਲੋਚਨਾ ਨਾਲ ਸਬੰਧਤ ਤਸਵੀਰਾਂ ਦੀ ਸੋਸ਼ਲ ਮੀਡੀਆ ’ਤੇ ਸਾਂਝੀਆਂ ਕੀਤੀਆਂ ਗਈਆਂ। ਭਾਰਤੀ ਸੁਰੱਖਿਆ ਏਜੰਸੀਆਂ ਦੇ ਸੂਤਰਾਂ ਨੇ ਕਿਹਾ ਕਿ ਹੁਣ ਤੱਕ ਪਾਕਿਸਤਾਨੀ ਸੋਸ਼ਲ ਮੀਡੀਆ ਖ਼ਾਤਿਆਂ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਸੀ ਪਰ ਚੀਨ ਵੱਲੋਂ ਅਜਿਹਾ ਪਹਿਲੀ ਵਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਚੀਨ ਤੇ ਪਾਕਿਸਤਾਨ ਦੀ ਸਾਂਝੀ ਗਤੀਵਿਧੀ ਵੀ ਹੋ ਸਕਦੀ ਹੈ।

## ਪਟਿਆਲਾ ਕ੍ਰਾਇਮ ਰਿਪੋਰਟ

### ਥਾਣਾ ਅਰਬਨ ਸਟੇਟ ਪੁਲਸ ਨੇ ਕੀਤਾ ਤਿੰਨ ਵਿਅਕਤੀਆਂ ਵਿਰੁੱਧ ਘੇਰ ਕੇ ਕੁੱਟਮਾਰ ਕਰਨ ’ਤੇ ਕੇਸ ਦਰਜ

**ਪਟਿਆਲਾ, 5 ਜੂਨ, ਪਰਮਿੰਦਰ/ਗਰੇਵਾਲ -ਕੌਮੀ ਪੱਤ੍ਰਿਕਾ ਬਿਊਰੋ-**
ਥਾਣਾ ਅਰਬਨ ਸਟੇਟ ਪਟਿਆਲਾ ਦੀ ਪੁਲਸ ਨੇ ਤਿੰਨ ਵਿਅਕਤੀਆਂ ਵਿਰੁੱਧ ਧਾਰਾ 323, 341, 34 ਆਈ. ਪੀ. ਸੀ. ਤਹਿਤ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਜਰਨੈਲ ਸਿੰਘ ਪੁੱਤਰ ਸੀਤਾ ਰਾਮ ਵਾਸੀ ਰਿਸ਼ੀ ਕਲੋਨੀ ਪਟਿਆਲਾ ਨੇ ਦੱਸਿਆ ਕਿ ਬੀਤੇ ਦਿਨੀ ਜਦੋਂ ਉਹ ਬੁੱਧਰਾਮ ਦੇ ਘਰ ਆਪਣੀ ਦਿਹਾੜੀ ਦੇ ਪੈਸੇ ਲੈਣ ਗਿਆ ਸੀ ਤਾਂ ਜੋ ਪੈਸਿਆਂ ਨੂੰ ਲੈ ਕੇ ਮੌਕੇ ’ਤੇ ਹੋਈ ਤਕਰਾਰ ਕਾਰਨ ਬੁੱਧਰਾਮ, ਮਿੰਟੂ ਪੁੱਤਰ ਬੁੱਧਰਾਮ ਵਾਸੀ ਰਿਸ਼ੀ ਕਲੋਨੀ ਪਟਿਆਲਾ ਅਤੇ ਇੱਕ ਹੋਰ ਅਣਪਛਾਤੇ ਵਿਅਕਤੀ ਨੇ ਉਸ ਦੀ ਘੇਰ ਕੇ ਕੁੱਟਮਾਰ ਕੀਤੀ, ਜਿਸ ’ਤੇ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਥਾਣਾ ਕੋਤਵਾਲੀ ਪਟਿਆਲਾ ਨੇ ਕੀਤਾ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ

**ਪਟਿਆਲਾ, 5 ਜੂਨ, ਪਰਮਿੰਦਰ/ਗਰੇਵਾਲ -ਕੌਮੀ ਪੱਤ੍ਰਿਕਾ ਬਿਊਰੋ-**
ਥਾਣਾ ਕੋਤਵਾਲੀ ਪਟਿਆਲਾ ਦੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 188 ਆਈ. ਪੀ. ਸੀ., ਸੈਕਸ਼ਨ-3 ਡਫੇਸਮੈਂਟ ਆਫ ਪਬਲਿਕ ਪ੍ਰਾਪਰਟੀ ਐਕਟ ਕੇਸ ਦਰਜ ਕੀਤਾ ਹੈ।

ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਹਰਪ੍ਰੀਤ ਸਿੰਘ ਨੋਡਲ ਅਫਸਰ ਐਮ. ਸੀ. ਸੀ.-115 ਪਟਿਆਲਾ ਨੇ ਦੱਸਿਆ ਕਿ ਜਦੋਂ ਉਹਨਾਂ ਨੇ ਸ਼ਹਿਰ ਦਾ ਦੌਰਾ ਕੀਤਾ ਤਾਂ ਪਾਇਆ ਕਿ ਡਾਕਟਰ ਧਰਮਵੀਰ ਗਾਂਧੀ ਜੋ ਕਿ ਕਾਂਗਰਸ ਪਾਰਟੀ ਦੇ ਪਟਿਆਲਾ ਤੋਂ ਉਮੀਦਵਾਰ ਹਨ ਵੱਲੋਂ ਸਾਈਕਲ ਬਾਜ਼ਾਰ, ਜੋੜੀਆਂ ਭੱਠੀਆਂ ਪਟਿਆਲਾ ਵਿਖੇ ਅਤੇ ਮੇਨ ਬਾਜ਼ਾਰ ਵਿੱਚ ਬਿਜਲੀ ਦੇ ਖੰਭਿਆਂ ਅਤੇ ਸਰਕਾਰੀ ਪ੍ਰਾਈਵੇਟ ਪ੍ਰਾਪਰਟੀ ’ਤੇ ਆਪਣੀ ਪਾਰਟੀ ਨਾਲ ਸੰਬੰਧਿਤ ਪੋਸਟਰ, ਬੈਨਰ, ਫਲੈਕਸ, ਝੰਡੇ ਆਦਿ ਲਗਾ ਕੇ ਮਾਡਲ ਕੋਡ ਆਫ ਕੰਡਕਟ ਦੀ ਉਲੰਘਣਾ ਕੀਤੀ ਗਈ ਹੈ, ਜਿਸ ’ਤੇ ਉਮੀਦਵਾਰ ਨੂੰ ਆਪਣਾ ਜਵਾਬ ਪੇਸ਼ ਕਰਨ ਲਈ ਵੀ ਇੱਕ ਨੋਟਿਸ ਜਾਰੀ ਕੀਤਾ ਗਿਆ ਪਰ ਨੋਟਿਸ ਸਬੰਧੀ ਕੋਈ ਵੀ ਜਵਾਬ ਨਾ ਆਇਆ ਅਤੇ ਇੱਕ ਨੋਟਿਸ ਨਗਰ ਨਿਗਮ ਪਟਿਆਲਾ ਨੂੰ ਵੀ ਭੇਜਿਆ ਗਿਆ, ਜਿਨ੍ਹਾਂ ਵੱਲੋਂ ਕਾਰਵਾਈ ਕਰਦਿਆਂ ਤੁਰੰਤ ਹੀ ਉਪਰੋਕਤ ਸਮੱਗਰੀ ਨੂੰ ਹਟਾ ਦਿੱਤਾ ਗਿਆ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜ ਪੀਰ ਦਰਬਾਰ ਭੱਟੀਆਂ ਵਿਖੇ ਕਰਾਇਆ ਸਲਾਨਾ ਮੇਲਾ ਤੇ ਭੰਡਾਰਾ

**ਮਾਛੀਵਾੜਾ ਸਾਹਿਬ, 5 ਜੂਨ**
**-ਜਤਿੰਦਰ ਕੁਮਾਰ ਝੜੌਦੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕੁਹਾੜਾ ਸੜਕ ਤੇ ਸਥਿਤ ਪਿੰਡ ਭੱਟੀਆਂ ਵਿਖੇ ਪੰਜ ਪੀਰਾਂ ਦੀ ਦਰਗਾਹ ਮੀਆਂ ਤੱਕੀਆ ਵਿਖੇ ਸਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ ਅਤੇ ਉਸ ਤੋਂ ਅਗਲੇ ਦਿਨ ਸਾਈ ਪੂਰਨ ਸ਼ਾਹ ਜੀ ਕਾਦਰੀ ਦੀ ਬਾਰ੍ਹਵੀਂ ਬਰਸੀ ਮਨਾਈ ਗਈ ਜਿਸ ਵਿੱਚ ਪੰਜਾਬ ਭਰ ਦੇ ਕਵਾਲ ਅਤੇ ਸੂਫੀ ਗਾਇਕਾਂ ਨੇ ਆਪਣੀ ਗਾਇਕੀ ਦੇ ਜੌਹਰ ਪੇਸ਼ ਕੀਤੇ। ਇਸ ਸਬੰਧੀ ਗੱਦੀ ਨਸ਼ੀਨ ਸੁਰਿੰਦਰ ਕਾਦਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਡੀ ਪੱਧਰ ਤੇ ਸਲਾਨਾ ਭੰਡਾਰਾ ਤੇ ਮੇਲਾ ਕਰਵਾਇਆ ਗਿਆ ਜਿਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਨੇ ਨਤ ਮਸਤਕ ਹੁੰਦਿਆਂ ਪੰਜ ਪੀਰੀ ਦਰਬਾਰ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪੰਜਾਬ ਦੇ ਪ੍ਰਸਿੱਧ ਕਵਾਲ ਬਿੰਦਰ ਕਵਾਲ ਅਤੇ ਮੁਨੱਬਰ ਅਲੀ ਮਲੇਰਕੋਟਲਾ ਨੇ ਕਵਾਲੀਆਂ ਰਾਹੀਂ ਦਰਸ਼ਕਾਂ ਨੂੰ ਮੰਤਰ ਮੁਕਤ ਕੀਤਾ। ਉਪਰੰਤ ਪੰਜਾਬ ਦੇ ਪ੍ਰਸਿੱਧ ਗਾਇਕਾਂ ਨੇ ਸੂਫੀਆਨਾ ਰੰਗ ਬੰਨ੍ਹਦਿਆਂ ਆਪਣੀ ਕਲਾ ਦੇ ਜੌਹਰ ਦਿਖਾਏ। ਗਾਇਕੀ ਦੇ ਖੇਤਰ ਵਿੱਚ ਮਾਛੀਵਾੜਾ ਸਾਹਿਬ ਤੋਂ ਆਪਣੀ ਪਹਿਲੀ ਸਟੇਜ ਕਰਦਿਆਂ ਰਾਜਦੀਪ ਅਲਬੇਲਾ ਨੇ ਨੀ *ਮੈਂ ਕਮਲੀ ਯਾਰ ਦੀ ਕਮਲੀ *,*ਮਾਂ ਹੁੰਦੀ ਹੈ ਮਾਂ* ਅਤੇ *ਸੱਜਣਾਂ ਨਾਲ ਧੋਖਾ ਨਹੀਂ ਕਮਾਈਦਾ* ਰਾਹੀਂ ਦਰਸ਼ਕਾਂ ਨੂੰ ਝੂਮਣ ਲਾਇਆ।

## ਮਲੇਸ਼ੀਆ ਏਅਰਲਾਈਨਜ਼ ਨੇ ਭਾਰਤ ’ਚ ਕਨੈਕਟੀਵਿਟੀ ਵਧਾਈ

**ਚੰਡੀਕਗੜ੍ਹ, 5 ਜੂਨ -ਕੌਮੀ ਪੱਤ੍ਰਿਕਾ ਬਿਊਰੋ-** ਅੰਮ੍ਰਿਤਸਰ-ਕੁਆਲਾਲੰਪੁਰ ਰੂਟ @ਤੇ ਮਜ਼ਬੂਤ ਯਾਤਰਾ ਦੀ ਮੰਗ ਅਤੇ ਸਕਾਰਾਤਮਕ ਲੋਡ ਕਾਰਕ ਪ੍ਰਦਰਸ਼ਨ ਦੇ ਜਵਾਬ ਵਿੱਚ, ਮਲੇਸ਼ੀਆ ਏਅਰਲਾਈਨਜ਼ 1 ਅਗਸਤ 2024 ਤੋਂ ਪ੍ਰਭਾਵੀ ਹਫ਼ਤਾਵਾਰੀ ਤੌਰ @ਤੇ ਆਪਣੀ ਬਾਰੰਬਾਰਤਾ ਨੂੰ ਚਾਰ ਤੋਂ 7 ਗੁਣਾ ਕਰ ਦਿੱਤਾ ਹੈ। ਏਅਰਲਾਈਨ ਨੇ ਪਹਿਲਾਂ ਆਪਣੀ ਬਾਰੰਬਾਰਤਾ ਨੂੰ ਦੁੱਗਣਾ ਕਰ ਦਿੱਤਾ ਸੀ। ਜਨਵਰੀ 2024 ਵਿੱਚ ਹਫ਼ਤੇ ਵਿੱਚ ਦੋ ਤੋਂ ਚਾਰ ਵਾਰ ਅੰਮ੍ਰਿਤਸਰ; ਇਸ ਬੂਮਿੰਗ ਮਾਰਕੀਟ ਦੇ ਭਰੋਸੇ ਨੂੰ ਦਰਸਾਉਂਦਾ ਹੈ। ਖਾਸ ਤੌਰ @ਤੇ, ਅੰਮ੍ਰਿਤਸਰ ਤੋਂ ਫ੍ਰੀਕੁਐਂਸੀ ਵਧਣ ਨਾਲ ਭਾਰਤ ਵਿੱਚ ਏਅਰਲਾਈਨ ਦੀਆਂ ਹਫਤਾਵਾਰੀ ਉਡਾਣਾਂ ਦੀ ਗਿਣਤੀ 71 ਹੋ ਜਾਵੇਗੀ।

ਨਵੰਬਰ 2023 ਵਿੱਚ ਲਾਂਚ ਕੀਤਾ ਗਿਆ, ਅੰਮ੍ਰਿਤਸਰ ਅਹਿਮਦਾਬਾਦ ਅਤੇ ਤ੍ਰਿਵੇਂਦਰਮ ਦੇ ਨਾਲ-ਨਾਲ 2023 ਵਿੱਚ ਸ਼ੁਰੂ ਕੀਤੇ ਗਏ ਤਿੰਨ ਨਵੇਂ ਭਾਰਤ ਰੂਟਾਂ ਵਿੱਚੋਂ ਇੱਕ ਹੈ। ਏਅਰਲਾਈਨ ਨੇ ਹਾਲ ਹੀ ਵਿੱਚ ਤ੍ਰਿਵੇਂਦਰਮ ਰੂਟ @ਤੇ 3 ਅਪ੍ਰੈਲ 2024 ਤੋਂ ਪ੍ਰਭਾਵੀ ਹਫ਼ਤਾਵਾਰੀ ਚਾਰ ਵਾਰ ਫ੍ਰੀਕੁਐਂਸੀ ਵਧਾ ਦਿੱਤੀ ਸੀ।

# ਸਿੱਖ ਕੌਮ ਅਕਾਲ ਤਖਤ ਦੀ ਅਗਵਾਈ ਹੇਠ ਮਜ਼ਬੂਤ ਹੋਵੇ: ਗਿਆਨੀ ਰਘਬੀਰ ਸਿੰਘ

### ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਮਨਾਇਆ; ਅਕਾਲ ਤਖ਼ਤ ਵਿਖੇ ਜਲੌਅ ਸਜਾਏ



**ਅੰਮ੍ਰਿਤਸਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ। ਇਸ ਮੌਕੇ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਮਜ਼ਬੂਤ ਹੋਣ ਦਾ ਸੱਦਾ ਦਿੱਤਾ ਗਿਆ। ਸਖ਼ਤ ਗਰਮੀ ਦੇ ਬਾਵਜੂਦ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਈ। ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾਗੱਦੀ ਦਿਹਾੜੇ ਸਬੰਧੀ ਸ੍ਰੀ ਅਕਾਲ ਤਖ਼ਤ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਹੁਕਮਨਾਮਾ ਸਰਵਣ ਕਰਵਾਇਆ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਿੱਖਾਂ ਦਾ ਸ਼ਕਤੀ ਸੋਮਾ ਹੈ ਤੇ ਇਸ ਦੀ ਅਗਵਾਈ ਵਿੱਚ ਸਿੱਖ ਪੰਥ ਨੇ ਵੱਡੀਆਂ-ਵੱਡੀਆਂ ਸ਼ਕਤੀਆਂ ਦਾ ਮੁਕਾਬਲਾ ਕੀਤਾ ਹੈ। ਉਨ੍ਹਾਂ ਕਿਹਾ, “ਅੱਜ ਹਰ ਸਿੱਖ ਦਾ ਫ਼ਰਜ਼ ਹੈ ਕਿ ਕੌਮੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਕੌਮੀ ਸ਼ਕਤੀ ਨੂੰ ਮਜ਼ਬੂਤ ਕਰੇ। ਗੁਰੂ ਸਾਹਿਬ ਨੇ ‘ਮੀਰੀ’ ਦੀ ਤਾਕਤ ਦੇ ਨਾਲ ਦੁਨਿਆਵੀ ਹੁਕਮਰਾਨਾਂ ਵੱਲੋਂ ਹੁੰਦੇ ਜ਼ੁਲਮਾਂ ਨੂੰ ਠੱਲ੍ਹਿਆ ਅਤੇ ਸ਼ਬਦ ਦੀ ਤਾਕਤ ਨਾਲ ਮਾਨੁੱਖਤਾ ਨੂੰ ਪਰਮਾਤਮਾ ਨਾਲ ਜੋੜਿਆ।” ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਗੱਦੀ ਦਿਵਸ ਮੌਕੇ ਸੰਗਤ ਨੂੰ ਵਧਾਈ ਦਿੱਤੀ ਤੇ ਸਮੁੱਚੀ ਕੌਮ ਨੂੰ ਬਾਣੀ ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਵੀ ਕੀਤਾ।

**ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਮੰਗੀ**

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੰਬਾਂ ਵਿੱਚ ਗੁਟਕਾ ਸਾਹਿਬ ਤੇ ਸਮਰਾਲਾ ਨੇੜਲੇ ਪਿੰਡ ਢਿੱਲਵਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਬੇਅਦਬੀ ਦੀਆਂ ਘਟਨਾਵਾਂ ’ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਬੇਅਦਬੀ ਦੀਆਂ ਦੋਵੇਂ ਘਟਨਾਵਾਂ ਦੇ ਮੁਲਜ਼ਮ ਫੜੇ ਗਏ ਹਨ ਤੇ ਹੁਣ ਪੁਲੀਸ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮੁਲਜ਼ਮਾਂ ਤੋਂ ਪੁੱਛ-ਪੜਤਾਲ ਕਰਕੇ ਸਾਜ਼ਿਸ਼ਘਾੜਿਆਂ ਨੂੰ ਵੀ ਸਾਹਮਣੇ ਲਿਆਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਿੰਡ ਢਿੱਲਵਾਂ ’ਚ ਪਾਵਨ ਸਰੂਪ ਦੀ ਬੇਅਦਬੀ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤੇ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

## ਸੇਵਾਮੁਕਤ ਐੱਸਡੀਓ ਦਾ ਸਨਮਾਨ



ਐੱਸਡੀਓ ਸਰਬਜੀਤ ਸਿੰਘ ਦਾ ਸਨਮਾਨ ਕਰਦੇ ਹੋਏ ਕਿਸਾਨ ਆਗੂ ਬੂਟਾ ਸਿੰਘ ਸ਼ਾਦੀਪੁਰ ਤੇ ਹੋਰ। ਫ਼ੋਟੋ : ਜਪਨੀਤ ਸਿੰਘ

**ਦੇਵੀਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੋਂ 33 ਸਾਲ ਸੇਵਾ ਕਰਨ ਉਪਰੰਤ ਸਬ ਡਿਵੀਜ਼ਨ ਦੇਵੀਗੜ੍ਹ ਤੋਂ ਸੇਵਾ ਮੁਕਤ ਹੋਏ ਐੱਸਡੀਓ ਇੰਜ. ਸਰਬਜੀਤ ਸਿੰਘ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਸਬ ਡਵੀਜ਼ਨ ਦੇਵੀਗੜ੍ਹ ਤੇ ਰੋਹੜ ਜਾਗੀਰ ਦਾ ਸਮੁੱਚੇ ਸਟਾਫ ਤੋਂ ਇਲਾਵਾ ਸੀਨੀਅਰ ਅਧਿਕਾਰੀਆਂ ਨੇ ਸਰਬਜੀਤ ਸਿੰਘ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ। ਸਮਾਗਮ ਦੌਰਾਨ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਸੇਵਾ ਮੁਕਤੀ ਮੌਕੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ।

## ਪੈਰਾ-ਓਲੰਪਿਕਸ ਟਰਾਇਲ ਵਿੱਚ ਪਹਿਲਾ ਸਥਾਨ ਮੱਲਿਆ



**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਦੋ ਪੈਰਾ ਤੀਰ-ਅੰਦਾਜ਼ ਪੂਜਾ ਅਤੇ ਹਰਵਿੰਦਰ ਸਿੰਘ ਨੇ ਸੋਨੀਪਤ ਵਿੱਚ ਹੋਏ ਤੀਜੇ ਪੈਰਾ-ਓਲੰਪਿਕਸ ਟਰਾਇਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਦੋਵੇਂ ਖਿਡਾਰੀ ਚੈੱਕ ਰਿਪਬਲਿਕ ਵਿੱਚ ਹੋਣ ਵਾਲੇ ਵਿਸ਼ਵ ਰੈਂਕਿੰਗ ਟੂਰਨਾਮੈਂਟ ਲਈ ਚੁਣੇ ਗਏ ਹਨ। ਯੂਨੀਵਰਸਿਟੀ ਵਿਖੇ ਖੇਡ ਵਿਭਾਗ ਦੇ ਡਾਇਰੈਕਟਰ ਪ੍ਰੋ. ਅਜੀਤਾ ਵੱਲੋਂ ਦੋਹਾਂ ਖਿਡਾਰੀਆਂ ਅਤੇ ਉਨ੍ਹਾਂ ਦੇ ਕੋਚ ਸੁਰਿੰਦਰ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ ਗਈ। ਜ਼ਿਕਰਯੋਗ ਹੈ ਕਿ ਪੈਰਾ-ਓਲੰਪਿਕਸ 2020 ਦੌਰਾਨ ਹਰਵਿੰਦਰ ਸਿੰਘ ਨੇ ਕਾਂਸੀ ਤਗਮਾ ਜਿੱਤਿਆ ਸੀ ਅਤੇ ਪੂਜਾ ਨੂੰ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ ਚਾਂਦੀ ਤਗਮਾ ਹਾਸਲ ਹੈ।

## ਸਾਕਾ ਨੀਲਾ ਤਾਰਾ ਦੀਆਂ ਫਲੈਕਸਾਂ ਕਾਰਨ ਸ਼੍ਰੋਮਣੀ ਕਮੇਟੀ ਸਵਾਲਾਂ ਦੇ ਘੇਰੇ ਵਿੱਚ ਆਈ

**ਅੰਮ੍ਰਿਤਸਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ਼ਹਿਰ ਵਿੱਚ ਅਤੇ ਪੰਜਾਬ ਵਿੱਚ ਵੱਖ-ਵੱਖ ਥਾਵਾਂ ’ਤੇ ਲਾਏ ਫਲੈਕਸਾਂ ਨੂੰ ਲੈ ਕੇ ਸਿੱਖ ਸੰਸਥਾ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ। ਪੋਸਟਰਾਂ ਵਿੱਚ ਢਾਹ ਢੇਰੀ ਹੋਏ ਸ੍ਰੀ ਅਕਾਲ ਤਖਤ ਦੀ ਤਸਵੀਰ ਵੀ ਸ਼ਾਮਲ ਹੈ। ਅਜਿਹੇ ਫਲੈਕਸ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੇ ਨੇੜੇ ਲਾਏ ਗਏ ਹਨ। ਸ਼ਹਿਰ ਵਿੱਚੋਂ ਇੱਕ ਦੋ ਥਾਵਾਂ ਤੋਂ ਅਜਿਹੇ ਪੋਸਟਰ ਪਾੜੇ ਵੀ ਗਏ ਹਨ।

ਵੱਖ-ਵੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਵੱਲੋਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ’ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਅਕਾਲੀ ਦਲ ਦਾ ਪੱਖ ਮਜ਼ਬੂਤ ਕਰਨ ਲਈ ਅਜਿਹਾ ਕਰ ਰਹੀ ਹੈ। ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ, ‘ਆਪ’ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਅਤੇ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਵੱਲੋਂ ਇਸ ਸਬੰਧੀ ਸਿੱਖ ਸੰਸਥਾ ’ਤੇ ਸਵਾਲ ਖੜ੍ਹੇ ਕੀਤੇ ਗਏ ਸਨ। ਉਧਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮਗਰੋਂ ਸਿੱਖ ਸੰਸਥਾ ਅਤੇ ਸਮੂਹ ਸਿੱਖ ਜਥੇਬੰਦੀਆਂ ਤੇ ਸਿੱਖ ਜਗਤ ਨੂੰ ਆਦੇਸ਼ ਦਿੱਤਾ ਸੀ ਕਿ ਸਾਕਾ ਨੀਲਾ ਤਾਰਾ ਦੀ 40ਵੀਂ ਯਾਦ ਨੂੰ ਵੱਡੇ ਪੱਧਰ ’ਤੇ ਮਨਾਇਆ ਜਾਵੇ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਉਪਰਾਲੇ ਸ਼ੁਰੂ ਕੀਤੇ ਗਏ ਹਨ। ਇਸ ਨੂੰ ਕਿਸੇ ਵੀ ਤਰ੍ਹਾਂ ਸਿਆਸੀ ਰੰਗ ਦੇਣਾ ਉਚਿਤ ਨਹੀਂ ਹੈ। ਸ਼੍ਰੋਮਣੀ ਕਮੇਟੀ ਵੱਲੋਂ ਲਗਪਗ 1500 ਅਜਿਹੇ ਫਲੈਕਸ ਬੋਰਡ ਪੰਜਾਬ ਵਿੱਚ ਵੱਖ-ਵੱਖ ਗੁਰਦੁਆਰਿਆਂ ਅਤੇ ਹੋਰ ਥਾਵਾਂ ’ਤੇ ਲਾਏ ਗਏ ਹਨ।

## ਕੌਮੀ ਸਬ-ਜੂਨੀਅਰ ਥਰੋਅ ਬਾਲ ਚੈਂਪੀਅਨਸ਼ਿਪ ਸਮਾਪਤ




ਜੇਤੂ ਟੀਮ ਦਾ ਸਨਮਾਨ ਕਰਦੇ ਹੋਏ ਏਕੇ ਸ਼ਰਮਾ, ਡਾਇਰੈਕਟਰ ਭੁਪਿੰਦਰ ਸਿੰਘ, ਰਵਿੰਦਰ ਕੌਰ ਤੇ ਹੋਰ।

**ਦੇਵੀਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਨੇੜੇ ਦੇਵੀਗੜ੍ਹ ਵਿੱਚ 29ਵੀਂ ਨੈਸ਼ਨਲ ਸਬ ਜੂਨੀਅਰ ਥਰੋਅ ਬਾਲ ਚੈਂਪੀਅਨਸ਼ਿਪ ਵਿੱਚ 16 ਸੂਬਿਆਂ ਤੋਂ 19 ਟੀਮਾਂ ਅਤੇ 700 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ। ਇਸ ਖੇਡ ਦਾ ਉਦਘਾਟਨ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਅਤੇ ਡਾ. ਜਗਜੀਤ ਸਿੰਘ ਧੂਰੀ (ਪ੍ਰੈਜ਼ੀਡੈਂਟ ਆਫ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ) ਵੱਲੋਂ ਕੀਤਾ ਗਿਆ ਸੀ। ਦੂਜੇ ਦਿਨ ਵੱਖ-ਵੱਖ ਰਾਜਾਂ ਤੋਂ ਆਏ ਖਿਡਾਰੀਆਂ ਨੇ ਇੱਕ ਦੂਜੇ ਨਾਲ ਮੈਚ ਖੇਡੇ ਅਤੇ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ। ਅੱਜ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਏ.ਕੇ. ਸ਼ਰਮਾ ਆਈ.ਆਰ.ਐਸ ਪ੍ਰੈਜ਼ੀਡੈਂਟ ਆਫ ਪੀ.ਏ.ਏ ਅਤੇ ਪੀ.ਟੀ.ਏ. ਮੈਂਬਰ ਆਫ ਫੂਡ ਕਮਿਸ਼ਨ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਚੈਂਪੀਅਨਸ਼ਿਪ ਵਿੱਚ ਲੜਕਿਆਂ ਦੀ ਟੀਮ ਵਿੱਚ ਦਿੱਲੀ ਦੀ ਟੀਮ ਨੇ ਪਹਿਲਾ ਸਥਾਨ, ਹਰਿਆਣਾ ਨੇ ਦੂਜਾ ਅਤੇ ਰਾਜਸਥਾਨ ਤੇ ਆਂਧਰਾ ਪ੍ਰਦੇਸ਼ ਦੀ ਟੀਮ ਨੇ ਤੀਜਾ ਪਾਰਟਨਰ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕੀਆਂ ਦੀ ਟੀਮ ਵਿੱਚ ਪਹਿਲਾ ਸਥਾਨ ਦਿੱਲੀ, ਦੂਸਰਾ ਸਥਾਨ ਤਾਮਿਲਨਾਡੂ ਅਤੇ ਤੀਜੇ ਸਥਾਨ ਤੇ ਕੇਰਲਾ ਅਤੇ ਰਾਜਸਥਾਨ ਦੀ ਟੀਮ ਰਹੀ। ਜਿਨ੍ਹਾਂ ਨੂੰ ਮੁੱਖ ਮਹਿਮਾਨ ਵੱਲੋਂ ਟਰਾਫੀ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਏ.ਕੇ. ਸ਼ਰਮਾ ਆਈ.ਆਰ.ਐਸ ਨੇ ਵੱਖ-ਵੱਖ ਰਾਜਾਂ ਤੋਂ ਆਏ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਇਸ ਖੇਡ ਮੁਕਾਬਲਿਆਂ ਵਿੱਚ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਡਾਇਰੈਕਟਰ ਭੁਪਿੰਦਰ ਸਿੰਘ ਅਤੇ ਸਮੂਹ ਸਕੂਲ ਮੈਨੇਜਮੈਂਟ ਵੱਲੋਂ ਏ.ਕੇ. ਸ਼ਰਮਾ ਆਈ.ਆਰ.ਐਸ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

### ਸ਼ੱਕੀ ਹਾਲਤ ’ਚ ਨੌਜਵਾਨ ਦੀ ਲਾਸ਼ ਮਿਲੀ

**ਬਠਿੰਡਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਬਾਦਲ ਰੋਡ ’ਤੇ ਬਠਿੰਡਾ-ਡੱਬਵਾਲੀ ਰੇਲਵੇ ਪਟੜੀ ਨੇੜਿਓਂ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ ਹੋਈ ਹੈ। ਮਰਹੂਮ ਦੀ ਬਾਂਹ ’ਤੇ ਟੀਕੇ ਦੇ ਨਿਸ਼ਾਨ ਤੋਂ ਦੇਖਣ ਵਾਲਿਆਂ ਵੱਲੋਂ ਸ਼ੱਕ ਕੀਤਾ ਜਾ ਰਿਹਾ ਸੀ ਕਿ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੋ ਸਕਦੀ ਹੈ।ਲਾਸ਼ ਨੂੰ ਵੇਖਣ ਵਾਲੇ ਕਿਸੇ ਵਿਅਕਤੀ ਨੇ ਸਮਾਜਿਕ ਸੰਸਥਾ ਸਹਾਰਾ ਜਨ ਸੇਵਾ ਕੋਲ ਇਹ ਸੂਚਨਾ ਪਹੁੰਚਾਈ ।

## ਮਾਨਸਿਕ ਸਿਹਤ’ ਵਿਸ਼ੇ ਤੇ ਜਾਗਰੂਕਤਾ ਸਮਾਗਮ



**ਕੁਰਾਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਪੈਂਦੇ ਪਿੰਡ ਪਡਿਆਲਾ ਵਿੱਚ ਮੰਦਬੁੱਧੀ, ਲਾਵਾਰਿਸਾਂ ਤੇ ਅਪਾਹਿਜਾਂ ਦੀ ਸੇਵਾ ਸੰਭਾਲ ਕਰ ਰਹੀ ਸੰਸਥਾ ਪ੍ਰਭ ਆਸਰਾ ਵਿਖੇ ‘ਮਾਨਸਿਕ ਸਿਹਤ’ ਵਿਸ਼ੇ ’ਤੇ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਸੰਸਥਾ ਮੁਖੀ ਸ਼ਮਸ਼ੇਰ ਸਿੰਘ ਅਤੇ ਰਜਿੰਦਰ ਕੌਰ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਪੰਜਾਬ ਨੈਸ਼ਨਲ ਕਾਲਜ ਆਫ ਨਰਸਿੰਗ ਡੇਰਾਬਸੀ ਦੀ ਵਿਦਿਆਰਥਣਾਂ ਵੱਲੋਂ ਧਾਰਮਿਕ ਗੀਤ ‘ਬੰਦਗੀ ਦੀ ਦਾਤ’ ਨਾਲ ਕੀਤੀ ਗਈ। ਇਸੇ ਦੌਰਾਨ ਰਿਆਤ-ਬਾਹਰਾ ’ਵਰਸਿਟੀ, ਸਰਸਵਤੀ ਨਰਸਿੰਗ ਕਾਲਜ ਧਿਆਨਪੁਰਾ, ਚਿਤਕਾਰਾ ’ਵਰਸਿਟੀ, ਨਰਸਿੰਗ ਕਾਲਜ ਰੋਪੜ ਅਤੇ ਪ੍ਰਭ ਆਸਰਾ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਮਨੋਰੋਗਾਂ ਦੇ ਮਾਹਿਰ ਡਾ. ਨਿਤਿਨ ਸੇਠੀ ਨੇ ਮਾਨਸਿਕ ਸਿਹਤ ਅਤੇ ਡੀਐੱਸਪੀ ਹਰਸਿਮਰਨ ਸਿੰਘ ਬੱਲ ਨੇ ਮਾਨਸਿਕ ਰੋਗੀਆਂ ਦੇ ਕਾਨੂੰਨੀ ਅਧਿਕਾਰ ਤੇ ਉਨ੍ਹਾਂ ਪ੍ਰਤੀ ਸਮਾਜ ਦੇ ਕਰਤੱਵਾਂ ਸਬੰਧੀ ਵਿਚਾਰ ਸਾਂਝੇ ਕੀਤੇ। ਫਿਲਮੀ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਨਿਵੇਲਕੇ ਅੰਦਾਜ਼ ਵਿੱਚ ਅਖੌਤੀ ਬਾਬਿਆਂ ਦੀਆਂ ਪੋਲਾਂ ਖੋਲ੍ਹੀਆਂ। ਇਸੇ ਦੌਰਾਨ ਸੁਆਲ ਜੁਆਬ ਸੈਸ਼ਨ ਵਿੱਚ ਸ਼ਮਸ਼ੇਰ ਸਿੰਘ, ਗੁਰਪ੍ਰੀਤ ਘੁੱਗੀ ਅਤੇ ਡਾ. ਨਿਤਿਨ ਸੇਠੀ ਨੇ ਲੋਕਾਂ ਦੇ ਜੁਆਬ ਦਿੱਤੇ। ਅਰਵਿੰਦਰ ਕੌਰ ਨੇ ਮੰਚ ਸੰਚਾਲਨ ਕੀਤਾ ਜਦਕਿ ਅੰਤ ਸੰਸਥਾ ਦੇ ਉੱਪ ਪ੍ਰਧਾਨ ਜਸਵੀਰ ਸਿੰਘ ਕਾਦੀਮਾਜਰਾ ਨੇ ਧੰਨਵਾਦ ਕੀਤਾ।

## ਗ੍ਰੰਥੀ ਦੀ ਧੀ ਨੂੰ ਅਗਵਾ ਕਰਨ ਦੇ ਮਾਮਲੇ ’ਚ ਜਥੇਦਾਰ ਵੱਲੋਂ ਸਰਕਾਰ ਨੂੰ ਅਲਟੀਮੇਟਮ



**ਅੰਮ੍ਰਿਤਸਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਦੇ ਪਿੰਡ ਟਿੱਪਰੀਆਂ ਮਝਰਾ ਵਿੱਚ ਗ੍ਰੰਥੀ ਸਿੰਘ ਦੀ ਨਾਬਾਲਗ ਧੀ ਨੂੰ ਅਗਵਾ ਕਰਨ ਵਾਲੇ ਵਿਅਕਤੀਆਂ ਦੀ ਗ੍ਰਿਫਤਾਰੀ ਦੇ ਮਾਮਲੇ ਵਿੱਚ ਪੁਲੀਸ ਦੀ ਢਿੱਲ-ਮੱਠ ’ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨੋਟਿਸ ਲੈਂਦਿਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਇਕ ਹਫਤੇ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇ ਇਸ ਘਟਨਾ ਨਾਲ ਸਬੰਧਤ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸਿੱਖ ਸੰਗਤ ਨੂੰ ਆਪਣੇ ਪੱਧਰ ’ਤੇ ਸਖ਼ਤ ਕਾਰਵਾਈ ਲਈ ਮਜਬੂਰ ਹੋਣਾ ਪਵੇਗਾ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਗੁਰਦੁਆਰੇ ਦੇ ਗ੍ਰੰਥੀ ਦੀ 13 ਸਾਲਾ ਲੜਕੀ ਨੂੰ ਕੁਝ ਵਿਅਕਤੀਆਂ ਵੱਲੋਂ ਕਥਿਤ ਅਗਵਾ ਕਰ ਕੇ ਉਸ ਨਾਲ ਜਬਰ-ਜਨਾਹ ਕਰਨ ਦੀ ਘਟਨਾ ਸਾਹਮਣੇ ਆਈ ਹੈ। ਪੀੜਤ ਲੜਕੀ ਨੇ ਅਦਾਲਤ ਵਿੱਚ ਆਪਣੇ ਬਿਆਨਾਂ ਦੌਰਾਨ ਮੁਲਜ਼ਮਾਂ ਦੀ ਸ਼ਨਾਖਤ ਕੀਤੀ ਹੈ ਪਰ ਪੁਲੀਸ ਨੇ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀ ਕੀਤੀ।

## ਗਰਮੀ ਦੇ ਕਹਿਰ ਕਾਰਨ ਰੇਲ ਗੱਡੀ ’ਚ ਸ.ਫਰ ਕਰ ਰਹੀ ਔਰਤ ਨੇ ਤੋੜਿਆ ਦਮ

**ਸੁਲਤਾਨਪੁਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ’ਚ ਹਰਿਹਰ ਐਕਸਪ੍ਰੈੱਸ ਰੇਲ ਗੱਡੀ ’ਚ ਸਿਹਤ ਵਿਗੜਨ ’ਤੇ ਇਕ ਮਹਿਲਾ ਯਾਤਰੀ ਦੀ ਮੌਤ ਹੋ ਗਈ ਅਤੇ ਉਸ ਦੇ ਬੇਟੇ ਦਾ ਇਲਾਜ ਜਾਰੀ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਰੇਲਵੇ ਸੁਰੱਖਿਆ ਫੋਰਸ (ਆਰ.ਪੀ.ਐੱਫ.) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਚੰਡੀਗੜ੍ਹ ਵਾਸੀ ਕਿਸ਼ੋਰੀ ਦੇਵੀ (58) ਆਪਣੇ ਬੇਟੇ ਪ੍ਰਦੀਪ ਮਹਿਤੋ ਅਤੇ ਬੇਟੀ ਸਰਿਤਾ ਨਾਲ ਛਪਰਾ ਤੋਂ ਹਰਿਹਰ ਐਕਸਪ੍ਰੈੱਸ ਰੇਲ ਗੱਡੀ ’ਚ ਚੰਡੀਗੜ੍ਹ ਜਾਣ ਲਈ ਸਵਾਰ ਹੋਈ ਸੀ। ਬੇਟੀ ਸਰਿਤਾ ਅਨੁਸਾਰ ਜਦੋਂ ਰੇਲ ਗੱਡੀ ਵਾਰਾਣਸੀ ਤੋਂ ਨਿਕਲੀ ਤਾਂ ਉਸ ਦੀ ਮਾਂ ਦੀ ਸਿਹਤ ਅਚਾਨਕ ਵਿਗੜ ਗਈ ਅਤੇ ਉਸ ਨੂੰ ਉਲਟੀਆਂ ਹੋਣ ਲੱਗੀਆਂ।

ਆਰ.ਪੀ.ਐੱਫ. ਨੇ ਦੱਸਿਆ ਕਿ ਸੁਲਤਾਨਪੁਰ ਸਟੇਸ਼ਨ ਪਹੁੰਚਦੇ-ਪਹੁੰਚਦੇ ਕਿਸ਼ੋਰੀ ਦੇਵੀ ਬੇਹੋਸ਼ ਹੋ ਗਈ ਅਤੇ ਉਸ ਦੇ ਬੇਟੇ ਦੀ ਵੀ ਸਿਹਤ ਵਿਗੜ ਗਈ। ਰੇਲ ਗੱਡੀ ਦੇ ਸਟੇਸ਼ਨ ਪਹੁੰਚਣ ’ਤੇ ਤੁਰੰਤ ਦੋਹਾਂ ਨੂੰ ਰੇਲਵੇ ਹਸਪਤਾਲ ਲਿਜਾਇਆ ਗਿਆ ਪਰ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਸਰਕਾਰੀ ਮੈਡੀਕਲ ਕਾਲਜ ਰੈਫਰ ਕਰ ਦਿੱਤਾ, ਜਿੱਥੇ ਡਾਕਟਰਾਂ ਨੇ ਕਿਸ਼ੋਰੀ ਦੇਵੀ ਨੂੰ ਮ੍ਰਿਤਕ ਐਲਾਨ ਦਿੱਤਾ।

ਮੈਡੀਕਲ ਕਾਲਜ ਦੇ ਡਾ. ਵਿਕਾਸ ਨੇ ਦੱਸਿਆ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਜ਼ਿਆਦਾ ਗਰਮੀ ਕਾਰਨ ਸਿਹਤ ਖ਼ਰਾਬ ਹੋਈ ਪਰ ਪੋਸਟਮਾਰਟਮ ਰਿਪੋਰਟ ਆਉਣ ’ਤੇ ਸਥਿਤੀ ਸਾਫ਼ ਹੋਵੇਗੀ। ਆਰ.ਪੀ.ਐੱਫ. ਇੰਚਾਰਜ ਰਾਜ ਕੁਮਾਰ ਨੇ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ।

# ਬਿਜਲੀ ਕਾਮਿਆਂ ਵੱਲੋਂ ਪ੍ਰਦਰਸ਼ਨ



**ਚੰਡੀਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂ.ਟੀ. ਚੰਡੀਗੜ੍ਹ ਦੇ ਬਿਜਲੀ ਕਾਮਿਆਂ ਨੇ ਸਾਲ 2024-25 ਦੇ ਸੋਧੇ ਹੋਏ ਡੀ.ਸੀ. ਰੇਟਾਂ ਵਿੱਚ ਬਰਾਬਰ ਗ੍ਰੇਡ ਪੇਅ ਵਾਲੀਆਂ ਸ਼੍ਰੇਣੀਆਂ ਨੂੰ ਤਨਖਾਹ ਵਿੱਚ ਬਰਾਬਰ ਵਾਧਾ ਨਾ ਦੇਣ ਦੇ ਵਿਰੋਧ ਵਜੋਂ ਸੈਕਟਰ 16 ਵਿੱਚ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਇਲੈਕਟ੍ਰੀਕਲ ਵਰਕਰਜ਼ ਯੂਨੀਅਨ ਦੇ ਸੱਦੇ ’ਤੇ ਕੀਤੇ ਗਏ ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਆਫ਼ ਗੌਰਮਿੰਟ ਐਂਡ ਐੱਮਸੀ ਐਂਪਲਾਈਜ਼ ਤੇ ਵਰਕਰਜ਼ ਯੂ.ਟੀ. ਚੰਡੀਗੜ੍ਹ ਦੇ ਪ੍ਰਧਾਨ ਸਤਿੰਦਰ ਸਿੰਘ, ਜਨਰਲ ਸਕੱਤਰ ਰਾਕੇਸ਼ ਕੁਮਾਰ, ਯੂਨੀਅਨ ਦੇ ਪ੍ਰਧਾਨ ਕਿਸ਼ੋਰੀ ਲਾਲ, ਚੇਅਰਮੈਨ ਵਰਿੰਦਰ ਬਿਸ਼ਟ ਨੇ ਕਿਹਾ ਕਿ ਸਾਲ 2024-25 ਦੇ ਸੋਧੇ ਹੋਏ ਡੀਸੀ ਤਨਖਾਹ ਵਿੱਚ ਬਰਾਬਰ ਵਾਧਾ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਜੂਨੀਅਰ ਟੈਕਨੀਸ਼ੀਅਨ ਇਲੈਕਟ੍ਰੀਸ਼ੀਅਨ, ਜੂਨੀਅਰ ਟੈਕਨੀਸ਼ੀਅਨ, ਲਿਫਟ ਅਪ੍ਰੇਟਰ, ਜੂਨੀਅਰ ਟੈਕਨੀਸ਼ੀਅਨ ਡੀਜੀ ਸੈੱਟ ਅਪ੍ਰੇਟਰ ਅਤੇ ਜੂਨੀਅਰ ਟੈਕਨੀਸ਼ੀਅਨ, ਫਾਇਰ ਸੈੱਸ ਅਪ੍ਰੇਟਰ ਦੀ ਗ੍ਰੇਡ ਪੇਅ 2400 ਰੁਪਏ ਹੈ। ਇਸ ਗ੍ਰੇਡ ਪੇਅ ਵਾਲੀਆਂ ਸਾਰੀਆਂ ਸ਼੍ਰੇਣੀਆਂ ਨੂੰ 28,203 ਰੁਪਏ ਦੇ ਸੋਧੇ ਹੋਏ ਡੀਸੀ ਰੇਟ ਦਿੱਤੇ ਗਏ ਹਨ ਪਰ ਚਾਰੋਂ ਸ਼੍ਰੇਣੀਆਂ ਨੂੰ ਸਿਰਫ 4 ਤੋਂ 5 ਪ੍ਰਤੀਸ਼ਤ ਦਾ ਵਾਧਾ ਦਿੱਤਾ ਗਿਆ ਹੈ, ਜੋ ਕਿ ਸਰਾਸਰ ਧੱਕਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਡੀਸੀ ਰੇਟਾਂ ਵਿੱਚ ਕੀਤਾ ਜਾ ਰਿਹਾ ਇਹ ਵਿਤਕਰਾ ਖਤਮ ਨਾ ਕੀਤਾ ਗਿਆ ਤਾਂ ਤੇਜ਼ ਸੰਘਰਸ਼ ਕੀਤਾ ਜਾਵੇਗਾ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਚੰਡੀਗੜ੍ਹ ਪ੍ਰਸ਼ਾਸਨ ਦੀ ਹੋਵੇਗੀ। ਉਨ੍ਹਾਂ ਮੰਗ ਕੀਤੀ ਕਿ ਆਊਟਸੋਰਸਿੰਗ ਕਾਮਿਆਂ ਨੂੰ ਤਨਖਾਹਾਂ ਸਮੇਂ ਸਿਰ ਦਿੱਤੀਆਂ ਜਾਣ, ਕਿਰਤ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ, ਨੌਕਰੀਆਂ ਦੇ ਬਹਾਨੇ ਪੈਸੇ ਠੱਗਣ ਵਾਲੇ ਠੇਕੇਦਾਰਾਂ ਅਤੇ ਦਲਾਲਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਵਿਭਾਗੀ ਸ਼ਮੂਲੀਅਤ ਦੀ ਵੀ ਜਾਂਚ ਕੀਤੀ ਜਾਵੇ।

ਰੋਸ ਪ੍ਰਦਰਸ਼ਨ ਦੌਰਾਨ ਮੁਲਾਜ਼ਮ ਆਗੂਆਂ ਵੱਲੋਂ ਏਡੀਸੀ ਅਨੀਸ਼ਾ ਸ੍ਰੀਵਾਸਤਵਾ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਇਹ ਵਿਤਕਰਾ ਖ਼ਤਮ ਕਰਨ ਦੀ ਮੰਗ ਕੀਤੀ ਗਈ। ਏਡੀਸੀ ਨੇ ਭਰੋਸਾ ਦਿਵਾਇਆ ਕਿ ਇਸ ਵਿਸ਼ੇ ’ਤੇ ਜਲਦੀ ਹੀ ਮੀਟਿੰਗ ਕਰਵਾਈ ਜਾਵੇਗੀ ਅਤੇ ਡੀਸੀ ਰੇਟਾਂ ਵਿਚ ਰਹਿੰਦੀਆਂ ਤਰੁੱਟੀਆਂ ਨੂੰ ਦੂਰ ਕੀਤਾ ਜਾਵੇਗਾ। ਇਸ ਭਰੋਸੇ ਮਗਰੋਂ ਰੋਸ ਪ੍ਰਦਰਸ਼ਨ ਸਮਾਪਤ ਕਰ ਦਿੱਤਾ ਗਿਆ।

# ਐਨ.ਡੀ.ਏ. ਨੂੰ ਬਹੁਮਤ ਪਰ 300 ਦਾ ਅੰਕੜਾ ਨਹੀਂ ਕਰ ਸਕਿਆ ਪਾਰ

## ➢ ਕਾਂਗਰਸ ਦੀ ਸ਼ਾਨਦਾਰ ਵਾਪਸੀ ➢ ਪੰਜਾਬ ’ਚ 3 ’ਤੇ ਸਿਮਟੀ ‘ਆਪ’ ➢ ਕਾਂਗਰਸ ਨੂੰ 7, ਅਕਾਲੀ ਦਲ ਨੂੰ 1 ਅਤੇ 2 ਸੀਟਾਂ ’ਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਜੇਤੂ

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੇ ਅਣਕਿਆਸੇ ਰੁਝਾਨ/ਨਤੀਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਵੱਡਾ ਝਟਕਾ ਹਨ। ਇਨ੍ਹਾਂ ਰੁਝਾਨਾਂ ਵਿਚ ਭਾਜਪਾ 241 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਪਰ ਪ੍ਰਧਾਨ ਮੰਤਰੀ ਦੇ ‘400 ਪਾਰ’ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਤੇ ਪਾਰਟੀ (ਭਾਜਪਾ) ਆਪਣੇ ਦਮ ’ਤੇ ਸਪਸ਼ਟ ਬਹੁਮਤ ਜੁਟਾਉਣ ਵਿਚ ਵੀ ਨਾਕਾਮ ਰਹੀ। ਰੁਝਾਨਾਂ ਵਿਚ ਐਨਡੀਏ ਗੱਠਜੋੜ ਨੂੰ 294 ਸੀਟਾਂ ’ਤੇ ਅੱਗੇ ਦਰਸਾਇਆ ਗਿਆ ਹੈ।

ਉੱਧਰ, ਕਾਂਗਰਸ ਦੀ ਅਗਵਾਈ ਵਾਲਾ ‘ਇੰਡੀਆ’ ਗੱਠਜੋੜ 231 ਸੀਟਾਂ ’ਤੇ ਚੜ੍ਹਤ ਬਣਾ ਕੇ ਮਜ਼ਬੂਤ ਤਾਕਤ ਵਜੋਂ ਉਭਰਿਆ ਹੈ। ਗੱਠਜੋੜ ਨੇ ਐਗਜ਼ਿਟ ਪੋਲ ਦੇ ਅਨੁਮਾਨਾਂ ਨੂੰ ਗ਼ਲਤ ਸਾਬਤ ਕਰਦਿਆਂ ਯੂਪੀ, ਮਹਾਰਾਸ਼ਟਰ, ਰਾਜਸਥਾਨ, ਹਰਿਆਣਾ ਤੇ ਕਰਨਾਟਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

**ਵਾਰਾਣਸੀ ’ਚ ਮੋਦੀ ਤੀਜੀ ਵਾਰ ਬਣੇ ਸੰਸਦ ਮੈਂਬਰ, 6 ਲੱਖ ਤੋਂ ਵੱਧ ਵੋਟਾਂ ਨਾਲ ਜਿੱਤੇ**

ਲੋਕ ਸਭਾ ਚੋਣਾਂ 2024 ਲਈ ਵਾਰਾਣਸੀ ਵਿਚ ਹੋਈਆਂ ਵੋਟਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿੱਤ ਪ੍ਰਾਪਤ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 6,12,970 ਵੋਟਾਂ ਮਿਲੀਆਂ ਹਨ॥ ਮੋਦੀ ਨੇ ਕਾਂਗਰਸ ਉਮੀਦਵਾਰ ਅਜੇ ਰਾਏ ਨੂੰ ਪਛਾੜ ਦਿੱਤਾ ਹੈ, ਉਨ੍ਹਾਂ ਨੂੰ 4,60,457 ਵੋਟਾਂ ਮਿਲੀਆਂ ਹਨ। ਵਾਰਾਣਸੀ ਉੱਤਰ ਪ੍ਰਦੇਸ਼ ਦੀਆਂ ਚਰਚਿੱਤ ਸੀਟਾਂ ਵਿਚੋਂ ਇਕ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਲਗਾਤਾਰ ਤੀਜੀ ਵਾਰ ਇੱਥੋਂ ਚੋਣ ਲੜ ਰਹੇ ਹਨ। ਅਜੇ ਰਾਏ ਵੀ ਵਾਰਾਣਸੀ ਸੰਸਦੀ ਹਲਕੇ ਤੋਂ ਲਗਾਤਾਰ ਚੌਥੀ ਚੋਣ ਲੜ ਰਹੇ ਹਨ। ਪਿਛਲੀਆਂ ਤਿੰਨ ਚੋਣਾਂ ਵਿਚ ਉਨ੍ਹਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।



ਨਵੀਂ ਦਿੱਲੀ ਵਿੱਚ ਭਾਜਪਾ ਹੈੱਡਕੁਆਰਟਰ ਵਿੱਚ ਜੇਤੂ ਨਿਸ਼ਾਨ ਬਣਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਪਾਰਟੀ ਪ੍ਰਧਾਨ ਜੇਪੀ ਨੱਢਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ।

# ਪੰਜਾਬ ਵਿੱਚ ਕਾਂਗਰਸ ਨੇ 7 ਸੀਟਾਂ ਜਿੱਤੀਆਂ

## ‘ਆਪ’ ਦੇ ਹਿੱਸੇ ਤਿੰਨ ਸੀਟਾਂ ਆਈਆਂ; ਹਰਸਿਮਰਤ ਬਠਿੰਡਾ ਤੋਂ ਜਿੱਤੀ

**ਚੰਡੀਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ’ਚ ਪੰਜਾਬ ਨੇ ਕਾਂਗਰਸ ਦਾ ‘ਹੱਥ’ ਫੜਿਆ ਹੈ। ਪੰਜਾਬੀਆਂ ਨੇ ਇਨ੍ਹਾਂ ਚੋਣਾਂ ਵਿਚ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਆਪਣੀ ਰਵਾਇਤ ਨੂੰ ਵੀ ਕਾਇਮ ਰੱਖਿਆ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ ’ਚੋਂ ਸੱਤ ਸੀਟਾਂ ਮਿਲੀਆਂ ਹਨ ਜਦੋਂ ਕਿ ‘ਆਪ’ ਦੇ ਹਿੱਸੇ ਤਿੰਨ ਸੀਟਾਂ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸੀਟ ਜਿੱਤ ਕੇ ਆਪਣਾ ਗੜ੍ਹ ਬਚਾਉਣ ਵਿਚ ਸਫਲ ਰਿਹਾ ਹੈ



ਜਦੋਂ ਕਿ ਭਾਜਪਾ ਨੂੰ ਪੰਜਾਬੀਆਂ ਨੇ ਕੋਈ ਬਹੁਤਾ ਹੁੰਗਾਰਾ ਨਹੀਂ ਦਿੱਤਾ ਹੈ।

ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ ‘ਵਾਰਸ ਪੰਜਾਬ ਦੇ’ ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਦਰਜ ਕੀਤੀ। ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐਨਐੱਸਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫ਼ਰਕ ਨਾਲ ਹਰਾਇਆ। ਖਡੂਰ ਸਾਹਿਬ ਹਲਕੇ (ਪੁਰਾਣਾ ਤਰਨ ਤਾਰਨ) ਨੇ ਜੇਲ੍ਹ ’ਚ ਬੰਦ ਕਿਸੇ ਉਮੀਦਵਾਰ ਨੂੰ ਦੂਜੀ ਵਾਰ ਜਿਤਾਇਆ ਹੈ। ਇਸ ਤੋਂ ਪਹਿਲਾਂ ਜੇਲ੍ਹ ’ਚ ਬੰਦ ਸਿਮਰਨਜੀਤ ਸਿੰਘ ਮਾਨ ਨੂੰ 1989 ਦੀਆਂ ਚੋਣਾਂ ਵਿਚ ਜਿਤਾਇਆ ਸੀ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਖ਼ਾਲਸਾ ਨੇ ਹਲਕਾ ਫ਼ਰੀਦਕੋਟ ਤੋਂ ਵਿਰੋਧੀ ‘ਆਪ’ ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ।

ਖਡੂਰ ਸਾਹਿਬ ਅਤੇ ਫ਼ਰੀਦਕੋਟ ਹਲਕੇ ਵਿਚ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੁੱਦੇ ਅਤੇ ਨਸ਼ਿਆਂ ਦੇ ਮੁੱਦੇ ਭਾਰੂ ਰਹੇ।

# ਕਈ ਕੇਂਦਰੀ ਮੰਤਰੀਆਂ ਨੂੰ ਝੱਲਣੀ ਪਈ

## ਸਮ੍ਰਿਤੀ ਇਰਾਨੀ, ਅਜੈ ਮਿਸ਼ਰਾ ਟੈਨੀ, ਅਰਜੁਨ ਮੁੰਡਾ ਤੇ ਕੈਲਾਸ਼ ਚੌਧਰੀ ਹਾਰੇ

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੌਰਾਨ ਵੋਟਾਂ ਦੀ ਗਿਣਤੀ ਮਗਰੋਂ ਕਈ ਕੇਂਦਰੀ ਮੰਤਰੀ ਆਪਣੇ ਵਿਰੋਧੀਆਂ ਤੋਂ ਹਾਰ ਗਏ ਹਨ, ਜਿਨ੍ਹਾਂ ਵਿੱਚ ਭਾਜਪਾ ਆਗੂ ਸਮ੍ਰਿਤੀ ਇਰਾਨੀ, ਅਜੈ ਮਿਸ਼ਰਾ ਟੈਨੀ, ਅਰਜੁਨ ਮੁੰਡਾ ਤੇ ਕੈਲਾਸ਼ ਚੌਧਰੀ ਸ਼ਾਮਲ ਹਨ। ਕੇਰਲਾ ਦੀ ਤਿਰੂਵਨੰਤਪੁਰਮ ਸੀਟ ਤੋਂ ਬਿਜਲੀ ਤੇ ਸੂਚਨਾ ਤਕਨਾਲੋਜੀ ਬਾਰੇ ਕੇਂਦਰੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ, ਕਾਂਗਰਸੀ ਉਮੀਦਵਾਰ ਸ਼ਸ਼ੀ ਥਰੂਰ ਤੋਂ 16,077 ਵੋਟਾਂ ਨਾਲ ਹਾਰ ਗਏ ਹਨ। ਪਹਿਲੀ ਵਾਰ ਲੋਕ ਸਭਾ ਚੋਣ ਲੜ ਰਹੇ ਕੇਂਦਰੀ ਵਾਤਾਵਰਨ ਮੰਤਰੀ ਭੁਪਿੰਦਰ ਯਾਦਵ ਨੇ ਰਾਜਸਥਾਨ ਦੇ ਅਲਵਰ ਵਿੱਚ ਕਾਂਗਰਸੀ ਉਮੀਦਵਾਰ ਲਲਿਤ ਯਾਦਵ ਨੂੰ 48,282 ਵੋਟਾਂ ਨਾਲ ਹਾਰ ਦਿੱਤੀ ਹੈ। ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਪੰਜਵੀਂ ਵਾਰ ਹਮੀਰਪੁਰ ਤੋਂ ਜਿੱਤ ਹਾਸਲ ਕਰਦਿਆਂ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਸਤਪਾਲ ਰਾਏਜ਼ਾਦਾ ਨੂੰ 1,82,357 ਵੋਟਾਂ ਨਾਲ ਹਰਾਇਆ ਹੈ।



ਸਮ੍ਰਿਤੀ ਇਰਾਨੀ | ਅਜੈ ਮਿਸ਼ਰਾ ਟੈਨੀ | ਅਰਜੁਨ ਮੁੰਡਾ | ਮੇਨਕਾ ਗਾਂਧੀ

# ਦਿੱਲੀ ’ਚ ਸਿਆਸੀ ਹਲਚਲ ਤੇਜ਼, ਭਾਜਪਾ ਪ੍ਰਧਾਨ ਦੀ ਰਿਹਾਇਸ਼ ’ਤੇ ਅਮਿਤ ਸ਼ਾਹ-ਰਾਜਨਾਥ ਸਿੰਘ ਨੇ ਕੀਤੀ ਮੀਟਿੰਗ

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਨਤੀਜਿਆਂ ਵਿਚਾਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਭਾਜਪਾ ਨੱਡਾ ਦੇ ਘਰ ਪਹੁੰਚ ਗਏ ਹਨ। ਜੇਪੀ ਨੱਡਾ ਦੇ ਘਰ ਭਾਜਪਾ ਦੇ ਕੋਰ ਗਰੁੱਪ ਦੇ ਨੇਤਾਵਾਂ ਦੀ ਬੈਠਕ ਚੱਲ ਰਹੀ ਹੈ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਰਾਜਨਾਥ ਸਿੰਘ ਭਾਜਪਾ ਪ੍ਰਧਾਨ ਜੇਪੀ ਨੱਡਾ ਦੇ ਘਰ ਪਹੁੰਚ ਚੁੱਕੇ ਹਨ। ਭਵਿੱਖ ਦੀ ਰਣਨੀਤੀ ਤੈਅ ਕਰਨ ਲਈ ਇੱਥੇ ਪਾਰਟੀ ਪ੍ਰਧਾਨ ਦੀ ਕੋਰ ਗਰੁੱਪ ਦੀ ਮੀਟਿੰਗ ਹੋ ਰਹੀ ਹੈ।

ਆਮ ਚੋਣਾਂ ਲਈ ਮੰਗਲਵਾਰ ਨੂੰ ਜਾਰੀ ਵੋਟਾਂ ਦੀ ਗਿਣਤੀ ’ਚ ਪੱਛਮੀ ਬੰਗਾਲ ਤੋਂ ਬਾਹਰ ਹੋਣ ਵਾਲੀ ਕੇਂਦਰ ਸਰਕਾਰ ਦੇ ਤਿੰਨ ਕੇਂਦਰੀ ਮੰਤਰੀਆਂ ’ਚੋਂ ਦੋ ਪਿੱਛੇ ਹਨ, ਹਾਲਾਂਕਿ ਵੋਟਾਂ ਦਾ ਅੰਤਰ ਬਹੁਤਾ ਨਹੀਂ ਹੈ। ਇਹ ਜਾਣਕਾਰੀ ਚੋਣ ਕਮਿਸ਼ਨ ਦੇ ਅੰਕੜਿਆਂ ਤੋਂ ਮਿਲੀ ਹੈ। ਕੇਂਦਰੀ ਸਿੱਖਿਆ ਰਾਜ ਮੰਤਰੀ ਅਤੇ ਭਾਜਪਾ ਉਮੀਦਵਾਰ ਸੁਭਾਸ਼ ਸਰਕਾਰ ਬਾਂਕੁਰਾ ਹਲਕੇ ਤੋਂ ਆਪਣੇ ਨੇੜਲੇ ਵਿਰੋਧੀ ਤ੍ਰਿਣਮੂਲ ਕਾਂਗਰਸ ਦੇ ਅਰੂਪ ਚੱਕਰਵਰਤੀ ਤੋਂ 14,932 ਵੋਟਾਂ ਨਾਲ ਪਿੱਛੇ ਚੱਲ ਰਹੇ ਹਨ।



ਕੂਚ ਬਿਹਾਰ ਸੀਟ ’ਤੇ ਭਾਜਪਾ ਉਮੀਦਵਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਸਿਥ ਪ੍ਰਮਾਣਿਕ ਆਪਣੇ ਨੇੜਲੇ ਵਿਰੋਧੀ ਤ੍ਰਿਣਮੂਲ ਦੇ ਜਗਦੀਸ਼ ਚੰਦਰ ਬਰਮਾ ਬਸੂਨੀਆ ਤੋਂ 7,339 ਵੋਟਾਂ ਨਾਲ ਪਿੱਛੇ ਹਨ। ਬੋਨਗਾਂਵ ਤੋਂ ਭਾਜਪਾ ਉਮੀਦਵਾਰ, ਕੇਂਦਰੀ ਰਾਜ ਮੰਤਰੀ ਸ਼ਾਂਤਨੂ ਠਾਕੁਰ ਤ੍ਰਿਣਮੂਲ ਕਾਂਗਰਸ ਦੇ ਵਿਸ਼ਵਜੀਤ ਦਾਸ ਤੋਂ 34,464 ਵੋਟਾਂ ਨਾਲ ਅੱਗੇ ਹਨ। ਕੇਂਦਰੀ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਅਰਜੁਨ ਮੁੰਡਾ ਝਾਰਖੰਡ ਦੀ ਖੁੰਟੀ (ਰਾਖਵੀਂ) ਸੀਟ ’ਤੇ ਆਪਣੇ ਨਜ਼ਦੀਕੀ ਵਿਰੋਧੀ ਕਾਂਗਰਸ ਦੇ ਕਾਲੀਚਰਨ ਮੁੰਡਾ ਤੋਂ 97,345 ਵੋਟਾਂ ਨਾਲ ਪਿੱਛੇ ਚੱਲ ਰਹੇ ਹਨ। ਤਿੰਨ ਵਾਰ ਮੁੱਖ ਮੰਤਰੀ ਰਹਿ ਚੁੱਕੇ ਅਰਜੁਨ ਮੁੰਡਾ (56) ਨੇ 2019 ਵਿੱਚ ਕਾਲੀਚਰਨ ਮੁੰਡਾ ਨੂੰ 1,445 ਵੋਟਾਂ ਨਾਲ ਹਰਾਇਆ ਸੀ। ਮਾਰਚ 2003 ਵਿੱਚ ਅਰਜੁਨ ਮੁੰਡਾ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ। ਉਨ੍ਹਾਂ ਨੇ ਰਾਜ ਦੇ ਪਹਿਲੇ ਮੁੱਖ ਮੰਤਰੀ ਬਾਬੂਲਾਲ ਮਰਾਂਡੀ ਦੀ ਥਾਂ ਲਈ ਸੀ।

# ਸਾਬਕਾ ਭਾਈਵਾਲਾਂ ਤੱਕ ਪਹੁੰਚ ਬਾਰੇ ਫੈਸਲਾ ਅੱਜ: ਰਾਹੁਲ

## ਲੋਕਾਂ ਨੇ ਸੰਵਿਧਾਨ ਬਚਾਉਣ ਵੱਲ ਕਦਮ ਪੁੱਟਿਆ: ਕਾਂਗਰਸ



ਸੋਨੀਆ ਗਾਂਧੀ, ਮਲਿਕਾਰਜੁਨ ਖੜਗੇ, ਪ੍ਰਿਯੰਕਾ ਤੇ ਰਾਹੁਲ ਗਾਂਧੀ ਜਿੱਤ ਦਾ ਨਿਸ਼ਾਨ ਬਣਾਉਂਦੇ ਹੋਏ।

**ਨਵੀਂ ਦਿੱਲੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਕੇਂਦਰ ’ਚ ਸਰਕਾਰ ਬਣਾਉਣ ਦੀ ਕੋਸ਼ਿਸ਼ ਤਹਿਤ ‘ਇੰਡੀਆ’ ਗੱਠਜੋੜ ਜਨਤਾ ਦਲ (ਯੂ) ਅਤੇ ਟੀਡੀਪੀ ਜਿਹੇ ਸਾਬਕਾ ਭਾਈਵਾਲਾਂ ਤੱਕ ਪਹੁੰਚ ਬਾਰੇ ਬੁੱਧਵਾਰ ਨੂੰ ਮੀਟਿੰਗ ਕਰਕੇ ਕੋਈ ਫ਼ੈਸਲਾ ਲਵੇਗਾ। ਰਾਹੁਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ,“ਅਸੀਂ ਆਪਣੇ ਭਾਈਵਾਲਾਂ ਨਾਲ ਭਲਕੇ ਮੀਟਿੰਗ ਕਰਾਂਗੇ। ਸਰਕਾਰ ਬਣਾਉਣ ਅਤੇ ਐਨਡੀਏ ’ਚ ਸ਼ਾਮਲ ਪਾਰਟੀਆਂ ਤੱਕ ਪਹੁੰਚ ਬਣਾਉਣ ਬਾਰੇ ਮੀਟਿੰਗ ’ਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।” ਕਾਂਗਰਸ ਦੇ ਸੀਨੀਅਰ ਆਗੂਆਂ ਨਾਲ ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਉਹ ‘ਇੰਡੀਆ’ ਗੱਠਜੋੜ ਦੇ ਭਾਈਵਾਲਾਂ ਦੀ ਰਾਏ ਲਏ ਬਿਨ੍ਹਾਂ ਕੁਝ ਵੀ ਨਹੀਂ ਆਖਣਗੇ। ‘ਸਾਡਾ ਗੱਠਜੋੜ ਭਲਕੇ ਫ਼ੈਸਲਾ ਲਵੇਗਾ ਅਤੇ ਜੋ ਫ਼ੈਸਲਾ ਲਿਆ ਜਾਵੇਗਾ, ਉਸ ਮੁਤਾਬਕ ਅਸੀਂ ਅੱਗੇ ਰਣਨੀਤੀ ਬਣਾਵਾਂਗੇ।’ ਕਾਂਗਰਸ ਆਗੂ ਨੇ ਕਿਹਾ ਕਿ ਆਮ ਚੋਣਾਂ ਸੰਵਿਧਾਨ ਬਚਾਉਣ ਦੀ ਜੰਗ ਸੀ। ਉਨ੍ਹਾਂ ਕਿਹਾ,“ਮੈਂ ਜਾਣਦਾ ਸੀ ਕਿ ਦੇਸ਼ ਦੇ ਲੋਕ ਸੰਵਿਧਾਨ ਬਚਾਉਣ ਲਈ ਇਕਜੁੱਟ ਹੋਣਗੇ। ਸੰਵਿਧਾਨ ਬਚਾਉਣ ਦਾ ਪਹਿਲਾ ਅਤੇ ਵੱਡਾ ਕਦਮ ਪੁੱਟ ਲਿਆ ਗਿਆ ਹੈ। ਭਾਰਤ ਦੇ ਗਰੀਬ ਅਤੇ ਪੱਛੜੇ ਲੋਕ ਸੰਵਿਧਾਨ ਬਚਾਉਣ ਲਈ ਉੱਠ ਖੜ੍ਹੇ ਹੋਏ ਹਨ।” ਰਾਹੁਲ ਨੇ ਕਿਹਾ ਕਿ ਕਾਂਗਰਸ ਅਤੇ ‘ਇੰਡੀਆ’ ਗੱਠਜੋੜ ਨੇ ਦੇਸ਼ ਨੂੰ ਨਵਾਂ ਨਜ਼ਰੀਆ ਦਿੱਤਾ। ‘ਇਨ੍ਹਾਂ ਚੋਣਾਂ ਦੀ ਖਾਸ ਗੱਲ ਇਹ ਹੈ ਕਿ ਦੇਸ਼ ਨੇ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇਸ਼ ਚਲਾਉਣ।’ ਉਨ੍ਹਾਂ ਕਾਂਗਰਸ ਅਤੇ ਸੰਵਿਧਾਨ ਦੀ ਰੱਖਿਆ ਲਈ ਹਮਾਇਤ ਦੇਣ ਵਾਸਤੇ ਯੂਪੀ ਦੇ ਵੋਟਰਾਂ ਦਾ ਉਚੇਚੇ ਤੌਰ ’ਤੇ ਧੰਨਵਾਦ ਕੀਤਾ। ਵਾਇਨਾਡ ਜਾਂ ਰਾਏ ਬਰੇਲੀ ’ਚੋਂ ਕਿਸ ਸੀਟ ਨੂੰ ਉਹ ਆਪਣੇ ਕੋਲ ਰਖਣਗੇ, ਇਸ ਦੇ ਜਵਾਬ ’ਚ ਰਾਹੁਲ ਨੇ ਕਿਹਾ ਕਿ ਉਨ੍ਹਾਂ ਅਜੇ ਕੋਈ ਫ਼ੈਸਲਾ ਨਹੀਂ ਲਿਆ ਹੈ। ਅਮੇਠੀ ਸੀਟ ’ਤੇ ਕਾਂਗਰਸ ਉਮੀਦਵਾਰ ਕੇਐੱਲ ਸ਼ਰਮਾ ਵੱਲੋਂ ਭਾਜਪਾ ਦੀ ਸਮ੍ਰਿਤੀ ਇਰਾਨੀ ਨੂੰ ਹਰਾਉਣ ’ਤੇ ਰਾਹੁਲ ਨੇ ਕਿਹਾ ਕਿ ਪਾਰਟੀ ਵਫ਼ਾਦਾਰ ਹਲਕੇ ’ਚ ਪਿਛਲੇ 40 ਸਾਲਾਂ ਤੋਂ ਕੰਮ ਕਰ ਰਿਹਾ ਸੀ ਅਤੇ ਉਸ ਦੀ ਜਿੱਤ ਤੈਅ ਸੀ।

**ਚੋਣ ਨਤੀਜੇ ਮੋਦੀ ਖ਼ਿਲਾਫ਼ ਫ਼ਤਵਾ: ਖੜਗੇ**

ਨਵੀਂ ਦਿੱਲੀ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਫ਼ਤਵਾ ਕਰਾਰ ਦਿੰਦਿਆਂ ਕਿਹਾ ਕਿ ਇਹ ਭਾਜਪਾ ਦੀ ਸਿਆਸੀ ਅਤੇ ਨੈਤਿਕ ਹਾਰ ਹੈ।

# ‘ਨੋਟਾ’ ਨੇ ਤੋੜਿਆ ਆਪਣਾ ਹੁਣ ਤੱਕ ਦਾ ਰਿਕਾਰਡ, ਇੰਦੌਰ ’ਚ ਮਿਲੀਆਂ 1 ਲੱਖ ਤੋਂ ਵੱਧ ਵੋਟਾਂ

**ਇੰਦੌਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਨੋਟਾ ਨੂੰ ਭਾਰੀ ਵੋਟਾਂ ਮਿਲ ਰਹੀਆਂ ਹਨ। ਹੁਣ ਤੱਕ ਦੇ ਸਾਰੇ ਰਿਕਾਰਡ ਤੋੜਦੇ ਹੋਏ ਨੋਟਾ ਨੂੰ 144842 ਵੋਟਾਂ ਮਿਲੀਆਂ ਹਨ। ਲੋਕ ਸਭਾ ਚੋਣਾਂ ਦੀ ਚੱਲ ਰਹੀ ਗਿਣਤੀ ਦੌਰਾਨ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ‘ਨੋਟਾ’ (ਉਪਰੋਕਤ ਵਿੱਚੋਂ ਕੋਈ ਵੀ ਨਹੀਂ) ਨੇ ਬਿਹਾਰ ਦੇ ਗੋਪਾਲਗੰਜ ਦਾ ਪਿਛਲਾ ਰਿਕਾਰਡ ਤੋੜਦਿਆਂ ਹੁਣ ਤੱਕ 51,864 ਵੋਟਾਂ ਹਾਸਲ ਕੀਤੀਆਂ ਹਨ। 2019 ਦੀਆਂ ਲੋਕ ਸਭਾ ਚੋਣਾਂ ’ਚ ਬਿਹਾਰ ਦੀ ਗੋਪਾਲਗੰਜ ਸੀਟ ’ਤੇ ’ਨੋਟਾ’ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ। ਉਦੋਂ ਇਸ ਖੇਤਰ ਦੇ 51,660 ਵੋਟਰਾਂ ਨੇ ’ਨੋਟਾ’ ਦੀ ਚੋਣ ਕੀਤੀ ਸੀ ਅਤੇ ਕੁੱਲ ਵੋਟਾਂ ਦਾ ਲਗਭਗ ਪੰਜ ਫੀਸਦੀ ’ਨੋਟਾ’ ਦੇ ਖਾਤੇ ਵਿੱਚ ਚਲੀਆਂ ਗਈਆਂ ਸਨ।

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸਤੰਬਰ 2013 ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ‘ਨੋਟਾ’ ਬਟਨ ਸ਼ਾਮਲ ਕੀਤਾ ਗਿਆ ਸੀ। ਸਾਬਕਾ ਸੰਸਦ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਸ਼ੰਕਰ ਲਾਲਵਾਨੀ ਆਪਣੇ ਨੇੜਲੇ ਵਿਰੋਧੀ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸੰਜੇ ਸੋਲੰਕੀ ਤੋਂ 2,81,924 ਵੋਟਾਂ ਨਾਲ ਅੱਗੇ ਹਨ। ਲਾਲਵਾਨੀ ਇਸ ਸੀਟ ’ਤੇ ਰਿਕਾਰਡ ਜਿੱਤ ਵੱਲ ਵਧ ਰਹੇ ਹਨ ਜਿੱਥੇ ਕੁੱਲ 14 ਉਮੀਦਵਾਰਾਂ ਵਿਚਕਾਰ ਭਾਰੀ ਚੋਣ ਮੁਕਾਬਲਾ ਜਾਰੀ ਹੈ। ਇੰਦੌਰ ’ਚ ਕਾਂਗਰਸ ਦੇ ਐਲਾਨੇ ਗਏ ਉਮੀਦਵਾਰ ਅਕਸ਼ੈ ਕਾਂਤੀ ਬਾਮ ਨੇ ਪਾਰਟੀ ਨੂੰ ਵੱਡਾ ਝਟਕਾ ਦਿੰਦਿਆਂ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 29 ਅਪ੍ਰੈਲ ਨੂੰ ਨਾਮਜ਼ਦਗੀ ਵਾਪਸ ਲੈ ਲਈ ਸੀ ਅਤੇ ਇਸ ਤੋਂ ਤੁਰੰਤ ਬਾਅਦ ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ’ਚ ਸ਼ਾਮਲ ਹੋ ਗਏ ਸਨ। ਨਤੀਜੇ ਵਜੋਂ ਕਾਂਗਰਸ ਇਸ ਸੀਟ ਦੇ 72 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਚੋਣ ਦੌੜ ਤੋਂ ਬਾਹਰ ਹੋ ਗਈ। ਇਸ ਤੋਂ ਬਾਅਦ ਕਾਂਗਰਸ ਨੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈਵੀਐਮ) ’ਤੇ ’ਨੋਟਾ’ ਬਟਨ ਦਬਾ ਕੇ ਸਥਾਨਕ ਵੋਟਰਾਂ ਨੂੰ ਭਾਜਪਾ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ।

# ‘ਐਗਜ਼ਿਟ ਪੋਲ’ ਨਾਲੋਂ ਭਾਜਪਾ ਨੂੰ ਘੱਟ ਸੀਟਾਂ ਮਿਲਣ ਦੇ ਰੁਝਾਨ ਕਾਰਨ ਸੈਂਸੈਕਸ-ਨਿਫਟੀ ’ਚ ਭਾਰੀ ਗਿਰਾਵਟ

**ਮੁੰਬਈ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਦੇ ਭਾਜਪਾ ਨੂੰ ਐਗਜ਼ਿਟ ਪੋਲ ਨਾਲੋਂ ਘੱਟ ਸੀਟਾਂ ਮਿਲਣ ਤੋਂ ਬਾਅਦ ਸ਼ੁਰੂਆਤੀ ਸੌਦਿਆਂ ’ਚ ਸੈਂਸੈਕਸ ਅਤੇ ਨਿਫਟੀ ਪੰਜ ਫੀਸਦੀ ਤੋਂ ਜ਼ਿਆਦਾ ਡਿੱਗ ਗਏ। ਬੀਐੱਸਈ ਦਾ 30 ਸ਼ੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 3,311.87 ਅੰਕ ਭਾਵ 4.33 ਫੀਸਦੀ ਡਿੱਗ ਕੇ 73,156.91 ’ਤੇ ਆ ਗਿਆ।

NSE ਨਿਫਟੀ 1,102.55 ਅੰਕ ਜਾਂ 4.73 ਫੀਸਦੀ ਡਿੱਗ ਕੇ 22,161.35 ’ਤੇ ਆ ਗਿਆ। ਕੁਝ ਸਮੇਂ ਬਾਅਦ ਸੈਂਸੈਕਸ 4,131.44 ਅੰਕ ਜਾਂ 5.40 ਫੀਸਦੀ ਡਿੱਗ ਕੇ 72,337.34 ਅੰਕ ’ਤੇ ਅਤੇ ਨਿਫਟੀ 1,263.3 ਅੰਕ ਜਾਂ 5.43 ਫੀਸਦੀ ਡਿੱਗ ਕੇ 22,000.60 ਅੰਕ ’ਤੇ ਆ ਗਿਆ।

ਸੈਂਸੈਕਸ ਦੀਆਂ 30 ਕੰਪਨੀਆਂ ’ਚੋਂ ਭਾਰਤੀ ਸਟੇਟ ਬੈਂਕ ਦੇ ਸ਼ੇਅਰ 10 ਫੀਸਦੀ ਤੋਂ ਜ਼ਿਆਦਾ ਡਿੱਗੇ, ਜਦੋਂ ਕਿ ਪਾਵਰ ਗਰਿੱਡ ਅਤੇ ਐੱਨ.ਟੀ.ਪੀ.ਸੀ. ਦੇ ਸ਼ੇਅਰ ਲਗਭਗ 10 ਫੀਸਦੀ ਡਿੱਗੇ।



ਲਾਰਸਨ ਐਂਡ ਟੂਬਰੋ, ਐਕਸਿਸ ਬੈਂਕ, ਟਾਟਾ ਸਟੀਲ ਅਤੇ ਰਿਲਾਇੰਸ ਇੰਡਸਟਰੀਜ਼ ਦੇ ਸ਼ੇਅਰਾਂ ਨੂੰ ਵੀ ਨੁਕਸਾਨ ਹੋਇਆ।

ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਸਵੇਰੇ 10:30 ਵਜੇ ਭਾਰਤੀ ਜਨਤਾ ਪਾਰਟੀ (ਭਾਜਪਾ) 234 ਸੀਟਾਂ ’ਤੇ ਅੱਗੇ ਸੀ। ਵਿਰੋਧੀ ਗਠਜੋੜ ’ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ’ (ਇੰਡੀਆ) 200 ਸੀਟਾਂ ’ਤੇ ਅੱਗੇ ਹੈ।

ਏਸ਼ੀਆਈ ਬਾਜ਼ਾਰਾਂ ’ਚ ਦੱਖਣੀ ਕੋਰੀਆ ਦਾ ਕੋਸਪੀ, ਜਾਪਾਨ ਦਾ ਨਿੱਕੇਈ ਅਤੇ ਚੀਨ ਦਾ ਸ਼ੰਘਾਈ ਕੰਪੋਜ਼ਿਟ ਘਾਟੇ ’ਚ ਰਿਹਾ ਜਦਕਿ ਹਾਂਗਕਾਂਗ ਦਾ ਹੈਂਗ ਸੇਂਗ ਲਾਭ ’ਚ ਰਿਹਾ।

ਬ੍ਰੈਂਟ ਕਰੂਡ ਫਿਊਚਰਜ਼, ਗਲੋਬਲ ਆਇਲ ਬੈਂਚਮਾਰਕ, 0.82 ਫੀਸਦੀ ਘੱਟ ਕੇ US$77.72 ਪ੍ਰਤੀ ਬੈਰਲ ’ਤੇ ਕਾਰੋਬਾਰ ਕਰ ਰਿਹਾ ਸੀ। ਸ਼ੇਅਰ ਬਾਜ਼ਾਰ ਦੇ ਅੰਕੜਿਆਂ ਦੇ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕ (ਐਫਆਈਆਈ) ਸੋਮਵਾਰ ਨੂੰ ਪੂੰਜੀ ਬਾਜ਼ਾਰ ਵਿੱਚ ਖਰੀਦਦਾਰ ਬਣੇ ਰਹੇ ਅਤੇ ਉਨ੍ਹਾਂ ਨੇ ਸ਼ੁੱਧ 6,850.76 ਕਰੋੜ ਰੁਪਏ ਦੇ ਸ਼ੇਅਰ ਖਰੀਦੇ।

# ਜਿੱਤ ਤੋਂ ਬਾਅਦ ਬਿਨਾਂ ਪੌੜੀ ਦੇ ਕੋਠੇ ’ਤੇ ਚੜ੍ਹ ਗਏ ਚਰਨਜੀਤ ਸਿੰਘ ਚੰਨੀ, ਸਮਰਥਕਾਂ ਦਾ ਕੀਤਾ ਧੰਨਵਾਦ

**ਜਲੰਧਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਲੋਕ ਸਭਾ ਹਲਕਾ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਵੱਡੀ ਲੀਡ ਦੇ ਨਾਲ ਜਿੱਤ ਹਾਸਲ ਕਰ ਚੁੱਕੇ ਹਨ। ਜਿੱਤ ਹਾਸਲ ਕਰਨ ਤੋਂ ਬਾਅਦ ਜਿੱਥੇ ਚਰਨਜੀਤ ਸਿੰਘ ਚੰਨੀ ਦੇ ਸਮਰਥਕਾਂ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਉਥੇ ਹੀ ਚਰਨਜੀਤ ਸਿੰਘ ਦੀ ਖ਼ੁਸ਼ੀ ਦਾ ਟਿਕਾਣਾ ਵੀ ਨਹੀਂ ਰਿਹਾ। ਖ਼ੁਸ਼ੀ ਨਾਲ ਖੀਵੇ ਹੋਏ ਚਰਨਜੀਤ ਸਿੰਘ ਚੰਨੀ ਬਿਨਾਂ ਪੌੜੀ ਲਗਾਏ ਕੋਠੇ ’ਤੇ ਚੜ੍ਹਦੇ ਵਿਖਾਈ ਦਿੱਤੇ ਅਤੇ ਉਨ੍ਹਾਂ ਵੱਲੋਂ ਸਮਰਥਕਾਂ ਦਾ ਧੰਨਵਾਦ ਕੀਤਾ ਗਿਆ ਹੈ। ਇਸ ਦੀ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਉਥੇ ਹੀ ਇਸ ਮੌਕਾ ਉਨ੍ਹਾਂ ਦੇ ਸਮਰਥਕਾਂ ਵੱਲੋਂ ’ਘਰ-ਘਰ ਚੱਲੀ ਗੱਲ, ਚੰਨੀ ਕਰਦਾ ਮਸਲੇ ਹੱਲ’ ਦੇ ਨਾਅਰੇ ਲਗਾ ਕੇ ਖ਼ੁਸ਼ੀ ਜ਼ਾਹਰ ਕਰ ਰਹੇ ਹਨ। ਪਰਿਵਾਰ ਵੀ ਬੇਹੱਦ ਖ਼ੁਸ਼ ਨਜ਼ਰ ਆ ਰਿਹਾ ਹੈ।

ਦੱਸਣਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਨੇ ਭਾਜਪਾ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਪਛਾੜਦੇ ਹੋਏ 3,90, 053ਵੋਟਾਂ ਹਾਸਲ ਕੀਤੀਆਂ ਹਨ। ਉਥੇ ਹੀ ਸੁਸ਼ੀਲ ਕੁਮਾਰ ਰਿੰਕੂ ਦੂਜੇ ਨੰਬਰ ’ਤੇ ਰਹੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂ ਤੀਜੇ ਨੰਬਰ ’ਤੇ ਜਦਕਿ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਚੌਥੇ ਨੰਬਰ ’ਤੇ ਰਹਨ ਅਤੇ ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਪੰਜਵੇਂ ਨੰਬਰ ’ਤੇ ਰਹੇ। ਚਨੀ 175993 ਵੋਟਾਂ ਦੇ ਅੰਤਰ ਨਾਲ ਜਿੱਤੇ ਹਨ।

ਦੱਸਣਯੋਗ ਹੈ ਕਿ ਲੋਕ ਸਭਾ ਹਲਕਾ ਜਲੰਧਰ ਵਿੱਚ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਸਰਕਾਰੀ ਪਟਵਾਰ ਸਕੂਲ, ਲੈਂਡ ਰਿਕਾਰਡ ਡਾਇਰੈਕਟਰ ਦਫ਼ਤਰ ਅਤੇ ਸਰਕਾਰੀ ਸਪੋਰਟਸ ਸਕੂਲ ਹੋਸਟਲ ਵਿੱਚ ਗਿਣਤੀ ਕੇਂਦਰ ਬਣਾਏ ਗਏ ਸਨ, ਜਿੱਥੇ ਵੋਟਾਂ ਦੀ ਗਿਣਤੀ ਕੀਤੀ ਗਈ। ਸ਼ੁਰੂਆਤੀ ਰੁਝਾਨਾਂ ਤੋਂ ਹੀ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਅੱਗੇ ਚੱਲਦੇ ਆ ਰਹੇ ਸਨ।



## ਨੌਜਵਾਨ ਦਾ ’ਚ ਕਤਲ

**ਜਲੰਧਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਭੰਡਾਲ ਬੂਟਾ ਦੇ ਨੌਜਵਾਨ ਦਾ ਬੀਤੇ ਦਿਨੀਂ ਮਨੀਲਾ ਵਿੱਚ ਕਤਲ ਹੋ ਗਿਆ ਹੈ। ਮ੍ਰਿਤਕ ਦੀ ਪਛਾਣ ਜਗਦੀਸ਼ ਸਿੰਘ ਚੌਹਾਨ (40) ਪੁੱਤਰ ਹਰੀ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਬਾਰੇ ਅੱਜ ਹੀ ਜਾਣਕਾਰੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਜਗਦੀਸ਼ ਸਿੰਘ ਦੋ ਮਹੀਨੇ ਪਹਿਲਾਂ ਹੀ ਭਾਰਤ ਛੁੱਟੀ ਕੱਟ ਕੇ ਗਿਆ ਸੀ। ਉਸ ਦਾ ਕੁਝ ਦਿਨ ਪਹਿਲਾਂ ਪਰਿਵਾਰ ਨੂੰ ਫੋਨ ਆਇਆ ਸੀ ਅਤੇ ਸਭ ਕੁੱਝ ਠੀਕ ਸੀ।

## ਫ਼ਤਹਿਗੜ੍ਹ ਸਾਹਿਬ ਸੀਟ ’ਤੇ ਮੁੜ ਕਾਂਗਰਸ ਦਾ ਕਬਜ਼ਾ, ਲਗਾਤਾਰ ਦੂਜੀ ਵਾਰ ਜਿੱਤੇ ਡਾ. ਅਮਰ ਸਿੰਘ

**ਫਤਹਿਗੜ੍ਹ ਸਾਹਿਬ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ ਵਿਚ 1 ਜੂਨ ਨੂੰ ਲੋਕ ਸਭਾ ਚੋਣਾਂ 2024 ਹੋਈਆਂ ਸਨ, ਜਿਹਨਾਂ ਦੇ ਨਤੀਜਿਆਂ ਦਾ ਅੱਜ ਐਲਾਨ ਹੋ ਗਿਆ ਹੈ। ਲੋਕ ਸਭਾ ਚੋਣਾਂ ਦੀਆਂ 13 ਸੀਟਾਂ ਵਿਚੋਂ ਕਾਂਗਰਸ ਨੇ 7, ’ਆਪ’ ਨੇ 3, ਅਕਾਲੀ ਦਲ ਨੇ 1, ਆਜ਼ਾਦ 2 ਸੀਟਾਂ ਹਾਸਲ ਕੀਤੀਆਂ ਹਨ। ਫ਼ਤਹਿਗੜ੍ਹ ਸਾਹਿਬ ਸੀਟ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਥੇ ਮੁੜ ਕਾਂਗਰਸ ਦਾ ਕਬਜ਼ਾ ਹੋ ਗਿਆ ਹੈ। ਕਾਂਗਰਸ ਦੇ ਡਾ. ਅਮਰ ਸਿੰਘ ਨੇ 332591 ਵੋਟਾਂ ਨਾਲ ਦੂਜੀ ਵਾਰ ਜਿੱਤ ਹਾਸਲ ਕੀਤੀ। ਜਦਕਿ ’ਆਪ’ ਦੇ ਗੁਰਪ੍ਰੀਤ ਸਿੰਘ ਜੀਪੀ 298389 ਵੋਟਾਂ ਨਾਲ ਦੂਜਾ ਅਤੇ ਭਾਜਪਾ ਦੇ ਗੇਜਾ ਰਾਮ ਵਾਲਮੀਕਿ 127521 ਵੋਟਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ।



# ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ’ਚ ’ਆਪ’ ਦੀ ਵੱਡੀ ਜਿੱਤ, ਮੀਤ ਹੇਅਰ ਜੇਤੂ ਕਰਾਰ



**ਸੰਗਰੂਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 2024 ਦੇ ਨਤੀਜਿਆਂ ਦਾ ਐਲਾਨ ਹੋਣਾ ਸ਼ੁਰੂ ਹੋ ਗਿਆ ਹੈ। ਪੰਜਾਬ ’ਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਆਪਣੀ ’ਸਿਆਸੀ ਰਾਜਧਾਨੀ’ ਸੰਗਰੂਰ ਦੀ ਸੀਟ ’ਤੇ ਮੁੜ ਕਬਜ਼ਾ ਕਰ ਲਿਆ ਹੈ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਹ ਸੀਟ ਮੁੜ ਤੋਂ ਆਮ ਆਦਮੀ ਪਾਰਟੀ ਦੀ ਝੋਲੀ ’ਚ ਪਾਈ ਹੈ।

ਸੰਗਰੂਰ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਮੌਜੂਦਾ ਮੈਂਬਰ ਪਾਰਲੀਮੈਂਟ ਹਨ, ਜਿਨ੍ਹਾਂ ਨੇ 2022 ’ਚ ਜ਼ਿਮਨੀ ਵਿਚ ਚੋਣ ’ਚ ਆਮ ਆਦਮੀ ਪਾਰਟੀ ਨੂੰ ਹਰਾ ਕੇ ਸੰਸਦ ’ਚ ਮੁੜ ਕਦਮ ਰੱਖਿਆ ਸੀ। ਇਸ ਵਾਰ ਦੇ ਚੋਣ ਨਤੀਜਿਆਂ ਦੇ ਪਹਿਲੇ ਰੁਝਾਨਾਂ ਤੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੀਡ ਬਣਾ ਲਈ ਸੀ ਤੇ ਇਹ ਲੀਡ ਹਰ ਰੁਝਾਨ ਨਾਲ ਵੱਧਦੀ ਹੀ ਗਈ। ਦੂਜੇ ਨੰਬਰ ’ਤੇ ਮੌਜੂਦਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਕਾਂਗਰਸੀ ਉਮੀਦਵਾਰ ਸੁਖਪਾਲ ਖਹਿਰਾ ਤੀਜੇ ਨੰਬਰ ’ਤੇ ਰਹੇ।

## ਬੱਸ ਅਤੇ ਸਾਈਕਲ ਦੀ ਟੱਕਰ ਵਿੱਚ ਸਾਈਕਲ ਸਵਾਰ ਦੀ ਮੌਤ

ਪਾਤੜਾਂ /ਘੱਗਾ, 5 ਜੂਨ (ਕੌਮੀ ਪੱਤ੍ਰਿਕਾ ਬਿਊਰੋ) ਸਮਾਨਾ- ਪਾਤੜਾਂ ਰੋਡ @ਤੇ ਅਨਾਜ ਮੰਡੀ ਘੱਗਾ ਨਜ਼ਦੀਕ ਇੱਕ ਵਿਅਕਤੀ ਜਦੋਂ ਆਪਣੇ ਸਾਈਕਲ @ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਸਮਾਨਾ ਸਾਈਡ ਤੋਂ ਪਿੱਛੋਂ ਆ ਰਹੀ ਪੀ ਆਰ ਟੀ ਸੀ ਦੀ ਬੱਸ ਨੰਬਰ ਪੀ ਬੀ -11 ਬੀ ਯੂ 2454 ਨੇ ਅਚਾਨਕ ਪਿੱਛੋਂ ਟਰੱਕ ਮਾਰ ਦਿੱਤੀ। ਜਿਸ ਕਾਰਨ ਸਾਈਕਲ ਸਵਾਰ ਵਿਅਕਤੀ ਦੀ ਮੌਕੇ @ਤੇ ਹੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਖਸ਼ੀਸ਼ ਸਿੰਘ ਉਮਰ ਲਗਭਗ 58 ਸਾਲ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਘੱਗਾ ਵਜੋਂ ਹੋਈ ਹੈ । ਪੁਲਸ ਨੇ ਮੌਕੇ @ਤੇ ਪਹੁੰਚ ਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤਾ । ਜਿੱਥੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ ।

# ਗੁਰਮੀਤ ਸਿੰਘ ਮੀਤ ਹੇਅਰ ਵੱਡੇ ਲੀਡ ਨਾਲ ਸੰਗਰੂਰ ਤੋਂ ਜੇਤੂ ਕਰਾਰ ਵਰਕਰਾਂ ਨੇ ਬਖਸ਼ਿਆ ਮਾਨ : ਮੀਤ ਹੇਅਰ

**ਸੰਗਰੂਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਕਿ ਸਭ ਨੂੰ ਪਤਾ ਹੈ ਕਿ ਅੱਜ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣੇ ਸਨ। ਜਿਸ ਦੇ ਚਲਦਿਆਂ ਸਵੇਰ ਤੋਂ ਹੀ ਕਾਊਂਟਿੰਗ ਸੈਂਟਰ ਤੇ ਗੇਮਾਂ ਗੈਮੀ ਦੇਖਣ ਨੂੰ ਮਿਲੀ ਸਾਰੇ ਹੀ ਵਰਕਰ ਵਿੱਚ ਆਪਣੇ ਉਮੀਦਵਾਰ ਦੇ ਲਈ ਬਹੁਤ ਉਤਸ਼ਾਹ ਸੀ ਇਸ ਲਈ ਉਮੀਦਵਾਰ ਨੁਮਾਇੰਦੇ ਵੀ ਉੱਥੇ ਪਹੁੰਚ ਰਹੇ ਸਨ। ਜਿਵੇਂ ਹੀ ਸਮੇਂ ਗਿਣਤੀ ਸ਼ੁਰੂ ਹੋਈ ਤਾਂ ਸਾਰੇ ਹੀ ਆਪਣੇ ਉਮੀਦਵਾਰ ਦੀ ਜਿੱਤ ਦੀ ਆਸ ਲਗਾਏ ਬੈਠੇ ਸਨ। ਜੇ ਪੰਜਾਬ ਦੇ 13 ਸੀਟਾਂ ਦੀ ਗੱਲ ਕਰੀ ਜਾਵੇ ਤਾਂ ਇਸ ਵਾਰ ਕਾਂਗਰਸ ਨੇ ਵੱਡੀ ਲੀਡ ਪ੍ਰਾਪਤ ਕੀਤੀ ਹੈ ਤੇ ਭਾਰਤੀ ਜਨਤਾ ਪਾਰਟੀ ਪਿਛਲੇ ਸਮੇਂ ਨਾਲੋਂ ਹੋਰ ਪਿੱਛੜ ਦੀ ਨਜ਼ਰ ਆਈ ਜਦ ਕਿ ਆਮ ਆਦਮੀ ਪਾਰਟੀ ਨੇ ਵਧੀਆ ਨਤੀਜੇ ਪ੍ਰਾਪਤ ਕੀਤੇ ਜੇ ਸੰਗਰੂਰ ਹਲਕੇ ਦੀ ਗੱਲ ਕੀਤੀ ਜਾਵੇ ਤਾਂ ਸੰਗਰੂਰ ਦੇ ਵਿੱਚ 23 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਸਨ ਮੁੱਖ ਪਾਰਟੀਆਂ ਵਿੱਚੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ, ਭਾਰਤੀ ਜਨਤਾ ਪਾਰਟੀ ਦੇ ਅਰਵਿੰਦ ਖੰਨਾ,ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇਕਬਾਲ ਸਿੰਘ ਝੂੰਦਾ,ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਅਤੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੱਖਣ ਸਿੰਘ ਚੋਣ ਮੈਦਾਨ ਵਿੱਚ ਸਨ। ਜਿਵੇਂ ਹੀ ਨਤੀਜੇ ਆਉਣ ਸ਼ੁਰੂ ਹੋਏ ਉਸ ਸਮੇਂ @ਚ, ਗੁਰਮੀਤ ਸਿੰਘ ਮੀਤ ਹੇਅਰ ਲੀਡ ਲੈਂਦੇ ਨਜ਼ਰ ਆਏ ਅਤੇ ਗਿਣਤੀ ਸਮਾਪਤ ਹੋਈ ਉਸ ਸਮੇਂ ਗੁਰਮੀਤ ਸਿੰਘ ਮੀਤ ਹੇਅਰ 172560 ਵੋਟਾਂ ਉਚਾਰਦੇ ਹੋਏ ਪਹਿਲੇ ਨੰਬਰ ਤੇ ਬਣੇ ਹੋਏ ਸਨ ਉਹਨਾਂ ਨੂੰ ਕੂਲ ਵੋਟਾਂ 364085 ਪਈ ਹਨ। ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੂਜੇ ਸਥਾਂਨ ਤੇਰੇ ਜਿਨਾਂ ਨੂੰ 191525 ਵੋਟਾਂ ਪਈਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ 187246 ਵੋਟਾਂ ਪਈਆਂ ਤੇ ਉਹ ਤੀਜੇ ਸਥਾਨ ਤੇ ਰਹੇ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਰਵਿੰਦ ਖੰਨਾ ਨੂੰ 128253 ਵੋਟਾਂ ਪਈਆਂ ਜੋ ਕਿ ਚੌਥੇ ਸਥਾਨ ਤੇ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਨੂੰ 62488 ਵੋਟਾਂ ਪ੍ਰਾਪਤ ਹੋਈਆਂ ਅਤੇ ਇਹ ਪੰਜਵੇਂ ਸਥਾਨ ਤੇ ਰਹੇ।

ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੈਂ ਸਾਰੀ ਹੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਤੇ ਵਰਕਰਾਂ ਦਾ ਧੰਨਵਾਦ ਕਰਦਾ ਹਾਂ ਜੋ ਮੇਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲੇ ਅਤੇ ਉਹਨਾਂ ਵੋਟਰਾਂ ਦਾ ਵੀ ਮੈਂ ਦਿਲੋਂ ਧੰਨਵਾਦੀ ਕਰਦਾ ਹੈ ਜਿਨਾਂ ਨੇ ਮੇਰੇ ਤੇ ਭਰੋਸਾ ਕਰਦੇ ਹੋਏ ਪਹਿਲਾਂ ਵੀ ਦੋ ਵਾਰੀ ਮੈਨੂੰ ਵਿਧਾਨ ਸਭਾ ਦੇ ਵਿੱਚ ਅਤੇ ਇਸ ਵਾਰ ਮੈਂਬਰ ਪਾਰਲੀਮੈਂਟ ਬਣਾ ਕੇ ਸੰਸਦ ਦੀਆਂ ਪੌੜੀਆਂ ਚੜਾਇਆ ਹੈ ਆਪਣੇ ਭਾਸ਼ਣ ਦੇ ਵਿੱਚ ਕਿਹਾ ਕੀ ਜੋ ਹ ਜੁੜੇ ਹੈ ਮਾਲਵੇ ਵਾਲੇ ਕਦੀ ਵੀ ਸੰਗਰੂਰ ਵਾਲਿਆਂ ਦੀ ਪਿੱਠ ਨਹੀਂ ਲੱਗਣ ਦਿੰਦੇ ਕਿਉਂਕਿ ਉਹਨਾਂ ਨੇ ਹੀ ਭਗਵੰਤ ਸਿੰਘ ਮਾਨ ਨੂੰ ਦੋ ਵਾਰੀ ਇਥੋਂ ਮੈਂਬਰ ਪਾਰਲੀਮੈਂਟ ਬਣਾ ਕੇ ਭੇਜਿਆ ਸੀ ਅਤੇ ਫਿਰ ਇਥੋਂ ਹੀ ਉਹਨਾਂ ਨੇ ਮੁੱਖ ਮੰਤਰੀ ਚੁਣ ਕੇ ਭੇਜਿਆ।

# ਵੋਟਾਂ ਦੀ ਗਿਣਤੀ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਤਿਆਰੀਆਂ ਮੁਕੰਮਲ: ਸ਼ੌਕਤ ਅਹਿਮਦ ਪਰੇ

## ➤ ਗਿਣਤੀ ਕੇਂਦਰਾਂ ਵਿਖੇ ਸੁਪਰਵਾਈਜ਼ਰ, ਮਾਈਕਰੋ ਅਬਜ਼ਰਵਰ, ਸਹਾਇਕ ਤੇ ਤਕਨੀਕੀ ਅਮਲਾ ਤਾਇਨਾਤ ➤ ਈ.ਵੀ.ਐਮਜ਼ ਸਟਰੌਂਗ ਰੂਮਾਂ ਵਿਖੇ ਸਖ਼ਤ ਪਹਿਰੇ ਹੇਠ ਸੁਰੱਖਿਅਤ

**ਪਟਿਆਲਾ, 5 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਪਟਿਆਲਾ-13 ਲਈ 5 ਜੂਨ ਨੂੰ ਪਈਆਂ ਵੋਟਾਂ ਦੀ ਕਰਵਾਈ ਜਾਣ ਵਾਲੀ ਗਿਣਤੀ ਲਈ 9 ਵਿਧਾਨ ਸਭਾ ਹਲਕਿਆਂ ਦੇ ਬਣਾਏ ਗਏ ਗਿਣਤੀ ਕੇਂਦਰਾਂ ਵਿਖੇ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਵੋਟਾਂ ਦੀ ਇਹ ਗਿਣਤੀ 5 ਜੂਨ ਨੂੰ ਸਵੇਰੇ 8 ਵਜੇ ਸ਼ੁਰੂ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਦੀਆਂ ਤਿਆਰੀਆਂ ਵਜੋਂ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ 'ਡਰਾਈ ਰਨ' ਕਰਕੇ ਤਿਆਰੀਆਂ ਵਜੋਂ ਸਾਫ਼ਟਵੇਅਰ ਅਤੇ ਸਰਵਰ ਅਪਲੋਡਿੰਗ ਨੂੰ ਜਾਂਚ ਲਿਆ ਗਿਆ ਹੈ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਹਰ ਗਿਣਤੀ ਕੇਂਦਰ ਵਿਖੇ ਇੱਕ ਗਿਣਤੀ ਸੁਪਰਵਾਈਜ਼ਰ, ਮਾਈਕਰੋ ਅਬਜ਼ਰਵਰ ਅਤੇ ਸਹਾਇਕ ਸਮੇਤ ਹੋਰ ਤਕਨੀਕੀ ਅਮਲਾ ਤਾਇਨਾਤ ਕੀਤਾ ਗਿਆ ਹੈ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਸਿਬਨ ਸੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਮੁੱਚੀਆਂ ਤਿਆਰੀਆਂ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਹਰੇਕ ਹਲਕੇ 'ਚ ਰਾਊਂਡ ਵਾਈਜ ਗਿਣਤੀ ਲਈ 14-14 ਟੇਬਲ ਲੱਗਣਗੇ।

ਉਨ੍ਹਾਂ ਦੱਸਿਆ ਕਿ ਗਿਣਤੀ ਪ੍ਰਕ੍ਰਿਆ ਨੂੰ ਨਿਰਵਿਘਨ ਮੁਕੰਮਲ ਕਰਨ ਲਈ 580 ਗਿਣਤੀ ਅਮਲੇ ਦੀ ਡਿਊਟੀ ਲਗਾਈ ਗਈ ਹੈ ਜਦਕਿ ਪੋਸਟਲ ਬੈਲੇਟ ਪੇਪਰਜ ਦੀ ਗਿਣਤੀ ਲਈ 60 ਜਣਿਆਂ ਦੇ ਸਟਾਫ਼ ਨੂੰ ਵੱਖਰੇ ਤੌਰ 'ਤੇ ਥਾਪਰ ਯੂਨੀਵਰਸਿਟੀ ਵਿਖੇ ਤਾਇਨਾਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਗਿਣਤੀ ਕੇਂਦਰਾਂ ਵਿਖੇ ਵੋਟਾਂ ਦੀ ਗਿਣਤੀ ਦੌਰਾਨ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਤਾਇਨਾਤ ਕੀਤੇ



ਗਏ ਗਿਣਤੀ ਲਈ ਨਿਗਰਾਨ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ। ਗਿਣਤੀ ਕੇਂਦਰਾਂ ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਵੋਟਾਂ ਦੀ ਗਿਣਤੀ ਦੀ ਸਮੁੱਚੀ ਜਾਣਕਾਰੀ ਮੀਡੀਆ ਨਾਲ ਸਾਂਝੀ ਕਰਨ ਲਈ ਥਾਪਰ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਖੇ ਮੁੱਖ ਮੀਡੀਆ ਕੇਂਦਰ ਸਥਾਪਤ ਕੀਤਾ ਗਿਆ ਹੈ ਜਿੱਥੇ ਸਾਰੇ ਹਲਕਿਆਂ ਦੀ ਸਾਂਝੀ ਜਾਣਕਾਰੀ ਮੀਡੀਆ ਨੂੰ ਪ੍ਰਦਾਨ ਕੀਤੀ ਜਾਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 109-ਨਾਭਾ ਹਲਕੇ ਦੀਆਂ ਈ.ਵੀ.ਐਮਜ ਸਰਕਾਰੀ ਆਈ.ਟੀ.ਆਈ. ਲੜਕੇ ਪਟਿਆਲਾ ਦੇ ਸਟਰੌਂਗ ਰੂਮ ਵਿਖੇ ਰੱਖੀਆਂ ਗਈਆਂ ਹਨ ਤੇ ਇਨ੍ਹਾਂ ਦੀ ਗਿਣਤੀ ਇੱਥੇ ਹੀ ਇਮਤਿਹਾਨ ਹਾਲ 'ਚ ਏ.ਆਰ.ਓ. ਤਰਸੇਮ ਚੰਦ ਦੀ ਦੇਖ ਰੇਖ ਹੇਠ ਹੋਵੇਗੀ। ਜਦੋਂਕਿ 110-ਪਟਿਆਲਾ ਦਿਹਾਤੀ ਦੀਆਂ ਈ.ਵੀ.ਐਮਜ਼ ਥਾਪਰ ਯੂਨੀਵਰਸਿਟੀ ਵਿਖੇ ਰੱਖੀਆਂ ਹਨ, ਇੱਥੇ ਵੋਟਾਂ ਦੀ ਗਿਣਤੀ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਤੇ 115-ਪਟਿਆਲਾ ਸ਼ਹਿਰੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਮਹਿੰਦਰਾ ਕਾਲਜ ਵਿਖੇ ਏ.ਆਰ.ਓ. ਅਰਵਿੰਦ ਕੁਮਾਰ ਦੀ ਨਿਗਰਾਨੀ ਹੇਠ ਹੋਵੇਗੀ।

ਹਲਕਾ 114-ਸਨੌਰ ਦੀਆਂ ਈ.ਵੀ.ਐਮਜ. ਸਰਕਾਰੀ ਬਹੁ ਤਕਨੀਕੀ ਕਾਲਜ ਲੜਕੀਆਂ ਐਸ.ਐਸ.ਟੀ. ਨਗਰ ਵਿਖੇ ਰੱਖੀਆਂ ਗਈਆਂ ਹਨ ਤੇ ਵੋਟਾਂ ਦੀ ਗਿਣਤੀ ਵੀ ਇੱਥੇ ਹੀ ਏ.ਆਰ.ਓ. ਸੰਯੁਕਤ ਕਮਿਸ਼ਨਰ ਨਗਰ ਨਿਗਮ ਬਬਨਦੀਪ ਸਿੰਘ ਵਾਲੀਆ ਦੀ ਨਿਗਰਾਨੀ ਹੇਠ ਹੋਵੇਗੀ।

ਇਸੇ ਤਰ੍ਹਾਂ 111-ਰਾਜਪੁਰਾ, 112-ਡੇਰਾਬਸੀ ਤੇ 113-ਘਨੌਰ ਹਲਕਿਆਂ ਦੇ ਸਟਰਾਂਗ ਰੂਮ ਪੰਜਾਬੀ ਯੂਨੀਵਰਸਿਟੀ ਵਿਖੇ ਬਣਾਏ ਗਏ ਸਨ, ਇਨ੍ਹਾਂ ਵਿੱਚੋਂ ਡੇਰਾਬਸੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਯੂਨੀਵਰਸਿਟੀ ਇੰਜੀਨੀਅਰਿੰਗ ਕਾਲਜ ਅਤੇ ਰਾਜਪੁਰਾ ਤੇ ਘਨੌਰ ਹਲਕਿਆਂ ਦੀਆਂ ਵੋਟਾਂ ਦੀ ਗਿਣਤੀ ਜਿਮਨੇਜ਼ੀਅਮ ਹਾਲ ਵਿਖੇ ਹੋਵੇਗੀ। ਇਥੇ ਕ੍ਰਮਵਾਰ ਏ.ਆਰ.ਓ. ਜਸਲੀਨ ਕੌਰ ਭੁੱਲਰ, ਹਿਮਾਂਸ਼ੂ ਗਰਗ ਤੇ ਕੰਨੂ ਗਰਗ ਨਿਗਰਾਨੀ ਕਰਨਗੇ। ਜਦੋਂਕਿ 116-ਸਮਾਣਾ ਅਤੇ 117-ਸ਼ੁਤਰਾਣਾ ਹਲਕੇ ਦੀਆਂ ਵੋਟਾਂ ਦੀ ਗਿਣਤੀ ਪੋਲੋ ਗਰਾਊਂਡ ਦੇ ਸਪੋਰਟਸ ਕੰਪਲੈਕਸ ਵਿਖੇ ਜਿਮਨੇਜ਼ੀਅਮ ਹਾਲ 'ਚ ਐਸ.ਡੀ.ਐਮ. ਰਿਚਾ ਗੋਇਲ ਤੇ ਰਵਿੰਦਰ ਸਿੰਘ ਦੀ ਨਿਗਰਾਨੀ ਹੇਠ ਹੋਵੇਗੀ।

# ਵੱਧਦੀ ਗਰਮੀ ਤੋਂ ਬੱਚਣ ਲਈ ਮਨੁੱਖ ਨੂੰ ਵੱਧ ਤੋਂ ਵੱਧ ਬੂਟੇ ਲਗਾਏ : ਪਰਮਿੰਦਰ ਕੌਰ ਮਨਚੰਦਾ



ਰੈਡ ਕਰਾਸ ਨ;ਾ ਛਡਾਊ ਕੇਂਦਰ ਸਾਕੇਤ ਹਸਪਤਾਲ ਵਲੋਂ ਬੂਟੇ ਲਗਾਉਂਦੇ ਹੋਏ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਉਪਕਾਰ ਸਿੰਘ ਅਤੇ ਹੋਰ ਮੈਂਬਰ।

**ਪਟਿਆਲਾ, 5 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟਿਆਲਾ ਵਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਥਾਵਾਂ ਉਪਰ ਵਿਖੇ ਬੂਟੇ ਲਗਾਏ ਗਏ। ਜਿਸ ਵਿਚ ਮੁੱਖ ਮਹਿਮਾਨ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਰੁਪਿੰਦਰ ਕੌਰ,ਉਪਕਾਰ ਸਿੰਘ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਰਮੇਸ਼ ਧੀਮਾਨ, ਕਮਲ ਬਾਂਸਲ ਤੋਂ ਇਲਾਵਾ ਨਸ਼ਾ ਮੁਕਤ ਕੇਂਦਰ ਦੇ ਸਟਾਫ ਮੈਂਬਰਾਂ ਕੌਂਸਲਰ ਰਣਜੀਤ ਕੌਰ, ਕੌਂਸਲਰ ਜਸਪ੍ਰੀਤ ਸਿੰਘ ਅਤੇ ਸਮੂਹ ਸਟਾਫ ਸਾਕੇਤ ਹਸਪਤਾਲ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਅੱਜ ਹਰ ਦਿਨ ਵੱਧਦੇ ਤਾਪਮਾਨ ਲਈ ਇਨਸਾਨ ਖੁਦ ਜ਼ਿੰਮੇਵਾਰ ਹੈ। ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗਲੋਬਲ ਵਾਰਮਿੰਗ ਕਾਰਨ ਮਨੁੱਖ ਨੂੰ ਕੀਤੇ ਕਾਰਨ ਅੱਜ ਹੜ੍ਹਾਂ, ਸੋਕੇ ਕਾਰਨ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਇਸ ਵਾਰ ਕਿਸਾਨ ਭਰਾਵਾ ਨੇ ਵੀ ਕਣਕ ਦੇ ਨਾੜ ਨੂੰ ਅੱਗ ਲਾਉਣ ਵਾਲੀ ਹੱਦ ਹੀ ਕਰ ਦਿੱਤੀ ਕਈ ਥਾਵਾ ਉਪਰ ਤਾ ਖੇਤਾ ਵਿੱਚ ਲੱਗੀ ਅੱਗ ਕਾਰਨ ਹਰੇ ਭਰੇ ਦਰੱਖ਼ਤ ਸੜ ਕੇ ਸੁਆਹ ਹੋ ਗਏ ਅਤੇ ਕਈ ਥਾਂਵਾਂ ਉਪਰ ਜਾਨੀ ਨੁਕਸਾਨ ਵੀ ਹੋਇਆ ਹੈ। ਉਹਨਾਂ ਕਿਸਾਨ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹੋ ਖੇਤਾਂ ਵਿੱਚ ਅੱਗ ਲਗਾਉਣੀ ਬੰਦ ਕਰਨ ਨਹੀਂ ਤਾਂ ਕੁਦਰਤ ਆਪਣਾ ਪ੍ਰਕੋਪ ਜ਼ਰੂਰ ਦਿਖਾਵੇਗੀ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਸਾਲ ਵਿੱਚ ਪੰਜ ਰੁੱਖ ਲਗਾ ਕੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ। ਇਸ ਮੌਕੇ ਵੱਖ-ਵੱਖ ਥਾਵਾਂ ਉਪਰ 51 ਬੂਟੇ ਜਾਮਣ, ਪਿੱਪਲ, ਡੇਕ, ਨਿੰਮ ਦੇ ਲਗਾਏ ਗਏ। ਇਸ ਮੌਕੇ ਪੰਜਾਬ ਰੈਡ ਕਰਾਸ ਨਸ਼ਾ ਛਡਾਊ ਅਤੇ ਪੁਨਰਵਾਸ ਕੇਂਦਰ ਦੀ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਅਪੀਲ ਕੀਤੀ।

# ਰੇਲਵੇ ਫਾਟਕ ਦਾ ਇੱਕ ਪੋਲ ਹੋਇਆ ਜਾਮ, ਫਸੀ ਐਂਬੂਲੈਂਸ



**ਡੇਰਾ ਬਸੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਈਸਾਪੁਰ ਸੜਕ ਤੇ ਪੈਂਦੇ ਰੇਲਵੇ ਫਾਟਕ ਦਾ ਇਕ ਪੋਲ ਅਚਾਨਕ ਫ਼ਸ ਗਿਆ। ਰੇਲ ਗੱਡੀ ਦੇ ਗੁਜਰਨ ਤੋ ਬਾਅਦ ਜਿਵੇਂ ਦੀ ਫਾਟਕ ਤੇ ਤਾਇਨਾਤ ਕਰਮੀ ਨੇ ਫਾਟਕ ਖੋਲ੍ਹਿਆ ਤਾਂ ਇਕ ਪੋਲ ਬੰਦ ਰਹਿਣ ਕਰਕੇ ਆਵਾਜਾਈ ਨਹੀਂ ਨਿਕਲ ਸਕੀ। ਜਾਮ ਵਿੱਚ ਈਸਾਪੁਰ ਤੋ ਆਉਣ ਵਾਲੇ ਰਾਹ ਵਿੱਚ ਇੱਕ ਐਂਬੂਲੈਂਸ ਫਸੀ ਹੋਈ ਸੀ ਜਿਸ ਵਿੱਚ ਮਰੀਜ਼ ਸਵਾਰ ਸਨ।

ਵਾਰ ਵਾਰ ਜੋਰ ਲਾ ਲਾਉਣ ਤੇ ਜਦੋਂ ਫਾਟਕ ਨਾ ਖੁੱਲ੍ਹਿਆ ਤਾਂ ਮੌਕੇ ਤੇ ਮੌਜੂਦ ਲੋਕਾਂ ਦੀ ਮਦਦ ਨਾਲ ਫਾਟਕ ਤੇ ਤਾਇਨਾਤ ਕਰਮੀ ਨੇ ਹੱਥਾਂ ਨਾਲ ਪੋਲ ਉਪਰ ਚੁੱਕ ਕੇ ਐਂਬੂਲੈਂਸ ਨੂੰ ਲੰਘਾਇਆ ਗਿਆ। ਫਾਟਕ ਖੁਲ੍ਹਣ ਮਗਰੋਂ ਲੋਕ ਦੂਜੇ ਪਾਸੇ ਨਿਕਲ ਸਕੇ, ਜਿਸ ਮਗਰੋਂ ਹੀ ਲੋਕਾਂ ਨੇ ਸੁੱਖ ਦਾ ਸਾਹ ਲਿਆ॥

# ਮਾਡਲ ਸਕੂਲ ਦੇ ਵਲੰਟੀਅਰਾਂ ਨੇ ਤਿਉਹਾਰ ਵਾਂਗ ਮਨਾਇਆ ਮਤਦਾਨ ਵਾਲਾ ਦਿਨ

**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਵੋਟਿੰਗ ਬੜੀ ਹੀ ਸ਼ਾਂਤੀਪੂਰਨ ਹੋਈ ਅਤੇ ਤੜਕਸਾਰ ਹੀ ਬਜ਼ੁਰਗ, ਦੀਵਿਆਂਗ, ਨੌਜਵਾਨ ਅਤੇ ਮਹਿਲਾ ਵੋਟਰਾਂ ਨੇ ਉਤਸ਼ਾਹ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਣੇ ਪੋਲਿੰਗ ਸੈਂਟਰ ਵਿੱਚ ਮਤਦਾਤਾਵਾਂ ਦੀ ਸਹੂਲਤ ਲਈ ਸਕੂਲ ਦੇ ਵਲੰਟੀਅਰਾਂ ਵੱਲੋਂ ਹਰ ਤਰੀਕੇ ਦੇ ਪ੍ਰਬੰਧ ਕੀਤੇ ਗਏ। ਵਲੰਟੀਅਰਾਂ ਨੇ ਬਜ਼ੁਰਗਾਂ ਲਈ ਵੀਲ ਚੇਅਰ ਦਾ ਪ੍ਰਬੰਧ ਕੀਤਾ। ਗਰਮੀ ਦੇ ਮੱਦੇਨਜ਼ਰ ਜਿੱਥੇ ਪੀਣ ਵਾਲੇ ਪਾਣੀ ਅਤੇ ਛਬੀਲ ਦਾ ਵੀ



ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ, ਉਥੇ ਮੈਡੀਕਲ ਸਹੂਲਤ ਲਈ ਟੀਮਾਂ ਵੀ ਤਾਇਨਾਤ ਰਹੀਆਂ। ਛੋਟੇ ਬੱਚਿਆਂ ਲਈ ਕਰੈਚ ਦਾ ਵੀ ਪ੍ਰਬੰਧ ਕੀਤਾ ਗਿਆ। ਪਹਿਲੀ ਵਾਰ ਵੋਟ ਪਾ ਕੇ ਲੋਕਤੰਤਰ ਦਾ ਹਿੱਸਾ ਬਣਨ ਵਾਲੇ ਵੋਟਰਾਂ ਦੀ ਹੌਸਲਾ ਅਫ਼ਜਾਈ ਲਈ ਪ੍ਰਸੰਸਾ ਪੱਤਰ ਸੌਂਪੇ ਗਏ। ਇਨ੍ਹਾਂ ਵਲੰਟੀਅਰਾਂ ਦੀ ਅਗਵਾਈ ਸਟੀਪ ਨੋਡਲ ਅਫਸਰ ਪਟਿਆਲਾ 110 ਸਤਵੀਰ ਸਿੰਘ ਗਿੱਲ ਵੱਲੋਂ ਕੀਤੀ ਗਈ। ਵੋਟਾਂ ਖਤਮ ਹੋਣ ਤੋਂ ਬਾਅਦ ਬੀ.ਐੱਲ.ਓ ਦੁਆਰਾ ਵਲੰਟੀਅਰਾਂ ਨੂੰ ਸਰਟੀਫਿਕੇਟ ਦਿੱਤੇ ਗਏ।

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਤੰਬਾਕੂ ਵਿਰੋਧੀ ਰੈਲੀ




ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀ ਜਾਗਰੂਕਤਾ ਰੈਲੀ ਕਰਦੇ ਹੋਏ।

**ਮੰਡੀ ਗੋਬਿੰਦਗੜ੍ਹ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਡੈਂਟਲ ਵਿਭਾਗ ਵੱਲੋਂ ਤੰਬਾਕੂ ਦੇ ਸਿਹਤ 'ਤੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਨੇੜਲੇ ਇਲਾਕਿਆਂ ਵਿੱਚ ਤੰਬਾਕੂ ਵਿਰੋਧੀ ਰੈਲੀ ਕੀਤੀ ਗਈ। ਇਸ ਰੈਲੀ ਨੂੰ ਵਿਭਾਗ ਦੀ ਪ੍ਰਿੰਸੀਪਲ ਡਾ. ਉੱਨਤੀ ਪਿਤਾਲੇ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਵਿਭਾਗ ਨੂੰ ਅਜਿਹੇ ਸਿਹਤ ਜਾਗਰੂਕਤਾ ਪ੍ਰੋਗਰਾਮ ਕਰਵਾਉਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਲੋਕਾਂ ਨੂੰ ਤੰਬਾਕੂ ਦੇ ਸੇਵਨ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਅਤੇ ਨਵੀਂ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੀ ਲੋੜ ਹੈ। ਇਸ ਮੌਕੇ ਪੋਸਟਰ ਬਣਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਤੰਬਾਕੂ ਦੇ ਮਾਰੂ ਪ੍ਰਭਾਵ ਦਰਸਾਉਂਦੇ ਪੋਸਟਰ ਤਿਆਰ ਕੀਤੇ ਗਏ। ਪੋਸਟਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਕੁਲਪਤੀ ਡਾ. ਜ਼ੋਰਾ ਸਿੰਘ ਨੇ ਸਰਟੀਫਿਕੇਟ ਦਿੱਤੇ। ਉਨ੍ਹਾਂ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇੱਕ ਜ਼ਿੰਮੇਵਾਰ ਵਿਦਿਅਕ ਸੰਸਥਾ ਹੋਣ ਦੇ ਨਾਤੇ, ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਕਰਨਾ ਸਾਡਾ ਫਰਜ਼ ਹੈ। ਪ੍ਰੋਗਰਾਮ ਦਾ ਸੰਚਾਲਨ ਡਾ. ਰਵਨੀਤ ਕੌਰ, ਅਰਸ਼ਦੀਪ, ਰਾਜਬਿੰਦਰ ਅਤੇ ਡਾ. ਅਜੈ ਵੱਲੋਂ ਕੀਤਾ ਗਿਆ। ਰੈਲੀ ਦੌਰਾਨ ਮੰਡੀ ਗੋਬਿੰਦਗੜ੍ਹ ਨੇੜਲੇ ਖੇਤਰਾਂ ਨੂੰ ਜਾਗਰੂਕ ਕੀਤਾ ਅਤੇ ਭਾਗੀਦਾਰਾਂ ਨੇ ਤੰਬਾਕੂ ਦੇ ਸੇਵਨ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਰਚੇ ਵੰਡੇ। ਰੈਲੀ ਦੀ ਸਮਾਪਤੀ ਤੰਬਾਕੂ ਵਿਰੁੱਧ ਲੜਾਈ ਜਾਰੀ ਰੱਖਣ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਦੇ ਪ੍ਰਣ ਨਾਲ ਹੋਈ।

# ਗੁਰਦੁਆਰਾ ਪਾਉਂਟਾ ਸਾਹਿਬ ਗਏ 3 ਨੌਜਵਾਨਾਂ ਨਾਲ ਵਾਪਰਿਆ ਭਾਣਾ, ਤਿੰਨਾਂ ਦੀ ਡੁੱਬਣ ਕਾਰਨ ਮੌਤ

**ਡੇਰਾ ਬਸੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਪਾਉਂਟਾ ਸਾਹਿਬ ਨੇੜੇ ਯਮੁਨਾ 'ਚ ਇਸ਼ਨਾਨ ਕਰਨ ਗਏ 3 ਦੋਸਤਾਂ ਦੀ ਡੁੱਬਣ ਨਾਲ ਮੌਤ ਹੋ ਗਈ। ਇਨ੍ਹਾਂ 'ਚੋਂ 2 ਨੌਜਵਾਨ ਡੇਰਾਬੱਸੀ ਅਤੇ ਇਕ ਚੰਡੀਗੜ੍ਹ ਦਾ ਰਹਿਣ ਵਾਲਾ ਸੀ। ਮ੍ਰਿਤਕਾਂ ਦੀ ਪਛਾਣ 22 ਸਾਲਾ ਧੀਰੇਂਦਰ ਸਿੰਘ ਸੈਣੀ ਉਰਫ਼ ਪ੍ਰਿੰਸ ਵਾਸੀ ਜੀ. ਬੀ. ਪੀ. ਰੋਜ਼ਵੁੱਡ ਵਨ ਡੇਰਾਬੱਸੀ, 21 ਸਾਲਾ ਰਾਘਵ ਮਿਸ਼ਰਾ ਵਾਸੀ ਰੋਜ਼ਵੁੱਡ ਕਾਲੋਨੀ-2, ਬਰਵਾਲਾ ਰੋਡ, ਡੇਰਾਬੱਸੀ ਅਤੇ 21 ਸਾਲਾ ਅਭਿਸ਼ੇਕ ਆਜ਼ਾਦ ਵਾਸੀ ਸੈਕਟਰ-9 ਡੀ, ਚੰਡੀਗੜ੍ਹ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਪਾਉਂਟਾ ਸਾਹਿਬ ਪੁਲਸ ਨੂੰ ਸ਼ਾਮ ਕਰੀਬ 6 ਵਜੇ ਤਿੰਨ ਨੌਜਵਾਨਾਂ ਦੇ ਡੁੱਬਣ ਦੀ ਸੂਚਨਾ ਮਿਲੀ। ਪਤਾ ਲੱਗਾ ਹੈ ਕਿ ਇਕ ਨੂੰ ਡੁੱਬਦਾ ਦੇਖ ਕੇ ਬਚਾਉਣ ਆਏ 2 ਦੋਸਤ ਵੀ ਨਹਿਰ ਦੇ ਪਾਣੀ 'ਚ ਡੁੱਬ ਗਏ। ਗੋਤਾਖੋਰਾਂ ਦੀ ਮਦਦ ਨਾਲ ਤਿੰਨਾਂ ਦੀਆਂ ਲਾਸ਼ਾਂ ਨੂੰ ਇਕ ਘੰਟੇ ਬਾਅਦ ਬਾਹਰ ਕੱਢਿਆ ਗਿਆ। ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਪਾਉਂਟਾ ਸਾਹਿਬ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਗਿਆ। ਪਰਿਵਾਰਕ ਮੈਂਬਰਾਂ ਦੇ ਪਾਉਂਟਾ ਸਾਹਿਬ ਪਹੁੰਚਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਗਈ।

ਉਨ੍ਹਾਂ ਦੀ ਥਾਰ ਗੱਡੀ



ਪਾਉਂਟਾ ਸਾਹਿਬ ਗੁਰਦੁਆਰਾ ਦੀ ਪਾਰਕਿੰਗ 'ਚ ਖੜ੍ਹੀ ਸੀ। ਇਹ ਤਿੰਨੋਂ ਡੇਰਾਬੱਸੀ ਦੇ ਧੀਰੇਂਦਰ ਦੀ ਥਾਰ ਗੱਡੀ 'ਚ ਕਰੀਬ 2 ਵਜੇ ਪਾਉਂਟਾ ਸਾਹਿਬ ਗਏ ਸਨ। ਮੱਥਾ ਟੇਕਣ ਤੋਂ ਬਾਅਦ ਉਹ ਗੁਰਦੁਆਰੇ ਦੇ ਦਰਿਆ ਘਾਟ ਦੀਆਂ ਪੌੜੀਆਂ ਤੋਂ ਹੇਠਾਂ ਉਤਰੇ ਅਤੇ ਹਾਦਸੇ ਦਾ ਸ਼ਿਕਾਰ ਹੋ ਗਏ। ਕਾਫ਼ੀ ਸਮੇਂ ਬਾਅਦ ਸਰਚ ਟੀਮ ਨੂੰ ਤਿੰਨੇਂ ਨੌਜਵਾਨਾਂ ਦੀਆਂ ਲਾਸ਼ਾਂ ਨਦੀ 'ਚੋਂ ਮਿਲੀਆਂ। ਮੌਕੇ ਤੋਂ ਨੌਜਵਾਨਾਂ ਦੇ ਕੱਪੜੇ ਅਤੇ ਮੋਬਾਇਲ ਬਰਾਮਦ ਹੋਏ ਹਨ। ਉਨ੍ਹਾਂ ਦੇ ਘਰ ਮੋਬਾਇਲ ਰਾਹੀਂ ਸੰਪਰਕ ਕੀਤਾ ਗਿਆ ਸੀ।

# ਨਾਜਾਇਜ਼ ਕਬਜ਼ੇ ਦੀ ਉਸਾਰੀ ਰੁਕਵਾਉਣ ਦੀ ਮੰਗ

**ਰਾਜਪੁਰਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣਾ ਰਾਜਪੁਰਾ ਦੇ ਮੁਹੱਲਾ ਤੇਲੀਆਂ ਵਾਲਾ ਅਤੇ ਮੁਹੱਲਾ ਜੱਟਾਂ ਵਾਲਾ ਵਿਚਕਾਰ ਉਸਾਰੇ ਜਾ ਰਹੇ ਇਕ ਮਕਾਨ ਦੇ ਮਾਲਕ ਵੱਲੋਂ ਨਕਸ਼ੇ ਤੋਂ ਵੱਧ ਗਲੀ ਵੱਲ ਕੀਤੇ ਜਾ ਰਹੇ ਨਾਜਾਇਜ਼ ਕਬਜ਼ੇ ਨੂੰ ਰੁਕਵਾਉਣ ਲਈ ਮੁਹੱਲਾ ਵਾਸੀਆਂ ਵੱਲੋਂ ਨਗਰ ਕੌਂਸਲ ਨੂੰ ਇਕ ਪੱਤਰ ਲਿਖਿਆ ਗਿਆ ਹੈ। ਮੁਹੱਲਾ ਵਾਸੀਆਂ ਭਰਪੂਰ ਸਿੰਘ ਧੀਮਾਨ, ਹਰਮਿੰਦਰ ਸਿੰਘ, ਗੁਰਜੀਤ ਸਿੰਘ, ਵਿਕਾਸ ਕੁਮਾਰ, ਐਚਐਸ ਧੀਮਾਨ, ਹਰੀ ਓਮ ਸ਼ਰਮਾ, ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਇੱਕ ਪਰਿਵਾਰ ਵੱਲੋਂ ਨਵੇਂ ਮਕਾਨ ਦੀ ਉਸਾਰੀ ਦੌਰਾਨ ਮੁਹੱਲੇ ਵਿੱਚ ਪੁਰਾਣੇ ਸਮੇਂ ਤੋਂ ਨਕਸ਼ੇ ਦੌਰਾਨ 20 ਫੁੱਟ ਦਾ ਰਸਤਾ ਦਿਖਾਇਆ ਗਿਆ ਹੈ। ਪਰ ਮਕਾਨ ਮਾਲਕਾਂ ਵੱਲੋਂ ਗਲੀ ਵਾਲੀ ਥਾਂ ਉੱਤੇ ਹੀ ਨਾਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ। ਨਗਰ ਕੌਂਸਲ ਦੇ ਅਧਿਕਾਰੀ ਨੇ ਕਿਹਾ ਕਿ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਿੱਖ ਕਦੇ ਵੀ ਭੁਲਾ ਨਹੀਂ ਸਕਣਗੇ 84 ਦਾ ਘੱਲੂਘਾਰਾ: ਬਡੂੰਗਰ

**ਪਟਿਆਲਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਜੂਨ 1984 ਘੱਲੂਘਾਰਾ ਸਿੱਖ ਕੌਮ ਨੂੰ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਦਿੱਤਾ ਗਿਆ ਉਹ ਜ਼ਖ਼ਮ ਹੈ, ਜੋ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕਰਨ ਤੋਂ ਬਾਅਦ ਜਿੱਥੇ ਪੰਜਾਬ ਨੇ ਵੱਡੇ ਦੁਖਾਂਤ ਦਾ ਸਾਹਮਣਾ ਕੀਤਾ, ਉੱਥੇ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਹੋਇਆ ਕਤਲੇਆਮ ਉਸ ਸਮੇਂ ਦੇ ਹਾਕਮਾਂ ਦੇ ਅਜਿਹੇ ਰਵੱਈਏ ਨੂੰ ਪੇਸ਼ ਕਰਦਾ। ਉਨ੍ਹਾਂ ਕਿਹਾ ਕਿ ਦੁੱਖ ਗੱਲ ਤਾਂ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤੇ



ਜਾਣ ਤੋਂ ਬਾਅਦ ਕੇਂਦਰ ਵਿੱਚ ਰਹਿਣ ਵਾਲੀ ਕਿਸੇ ਵੀ ਸਰਕਾਰ ਨੇ ਅਸਲ ਅਰਥਾਂ 'ਚ ਮੁਆਫ਼ੀ ਤੱਕ ਨਹੀਂ ਮੰਗੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਸਿੱਖ ਕੌਮ ਨੂੰ ਦਿੱਤਾ ਇਹ ਜ਼ਖ਼ਮ ਰਹਿੰਦੇ ਦੁਨੀਆ ਤੱਕ ਨਹੀਂ ਜਾ ਸਕੇਗਾ।

# ਕਲਾਸ ਫ਼ੋਰ ਯੂਨੀਅਨ ਵੱਲੋਂ ਪਟਵਾਰੀਆਂ ਦੀ ਹਮਾਇਤ

**ਬਠਿੰਡਾ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿ ਕਲਾਸ ਫ਼ੋਰ ਗੌਰਮਿੰਟ ਐਂਪਲਾਈਜ਼ ਯੂਨੀਅਨ ਦੀ ਮੀਟਿੰਗ ਵਿਚ ਮੁਲਾਜ਼ਮਾਂ ਦੇ ਭਖ਼ਦੇ ਮਸਲਿਆਂ 'ਤੇ ਚਰਚਾ ਕੀਤੀ ਗਈ।

ਜ਼ਿਲ੍ਹਾ ਪ੍ਰਧਾਨ ਗੁਰਤੇਜ ਸਿੰਘ ਗਿੱਲ ਦੀ ਪ੍ਰਧਾਨਗੀ 'ਚ ਹੋਈ ਇਸ ਬੈਠਕ ਵਿੱਚ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਪਟਵਾਰ ਯੂਨੀਅਨ ਦੇ ਸੂਬਾ ਪ੍ਰਧਾਨ ਜਸਕਰਨ ਸਿੰਘ ਗਹਿਰੀ ਬੁੱਟਰ ਨੂੰ ਮੁਅੱਤਲ ਕਰਕੇ ਜ਼ਿਲ੍ਹਾ ਬਠਿੰਡਾ ਤੋਂ ਪਠਾਨਕੋਟ ਬਦਲਣ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ, ਸਰਕਾਰ ਤੋਂ ਮੰਗ ਕੀਤੀ ਗਈ, ਜਿਨ੍ਹਾਂ ਪਟਵਾਰੀਆਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ, ਉਨ੍ਹਾਂ ਨੂੰ ਰੱਦ ਕੀਤਾ ਜਾਵੇ। ਸੂਬਾ ਪ੍ਰਧਾਨ ਨੂੰ ਬਹਾਲ ਕਰਕੇ ਮੁੜ ਬਠਿੰਡਾ ਵਿੱਚ ਲਾਉਣ ਦੀ ਮੰਗ ਕਰਦਿਆਂ, ਚਿਤਾਵਨੀ ਦਿੱਤੀ ਗਈ ਕਿ ਨਹੀਂ ਤਾਂ ਸਰਕਾਰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

# ਸੂਝਵਾਨ ਕਿਸਾਨ ਪਾਣੀ ਦੀ ਬਰਬਾਦੀ ਤੋਂ ਚਿੰਤਤ

**ਪਾਤੜਾਂ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਾਂ ਲਈ ਅਗਾਊਂ ਬਿਜਲੀ ਛੱਡੇ ਜਾਣ 'ਤੇ ਕਿਸਾਨ ਜ਼ਮੀਨ ਨੂੰ ਠੰਢਾ ਕਰਨ ਲਈ ਧਰਤੀ ਹੇਠੋਂ ਪਾਣੀ ਕੱਢ ਕੇ ਸਬ ਡਿਵੀਜ਼ਨ ਪਾਤੜਾਂ ਨੂੰ ਡਾਰਕ ਜ਼ੋਨ ਵੱਲ ਧੱਕਿਆ ਜਾ ਰਿਹਾ ਹੈ। ਬਿਨਾਂ ਵਜ੍ਹਾ ਪਾਣੀ ਦੀ ਹੋ ਰਹੀ ਬਰਬਾਦੀ ਨੂੰ ਲੈ ਕੇ ਚਿੰਤਤ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਪੰਜਾਬ ਨੂੰ ਬਰਬਾਦੀ ਵੱਲ ਲੈ ਕੇ ਜਾਣ ਦੀ ਬਜਾਏ ਉਸਾਰੂ ਫ਼ੈਸਲੇ ਲਵੇ। ਡਾਕਟਰ ਜੁਝਾਰ ਸਿੰਘ ਮੱਲ੍ਹੀ, ਸੁਖਜੀਤ ਸਿੰਘ ਢਿੱਲੋਂ ਅਤੇ ਰੂਪ ਸਿੰਘ ਸ਼ੁਤਰਾਣਾ ਨੇ ਦੱਸਿਆ ਕਿ ਸਰਕਾਰ ਬਿਨਾਂ ਲੋੜੋਂ ਬਿਜਲੀ ਸਪਲਾਈ ਦੇ ਕੇ ਬਿਜਲੀ ਤੇ ਪਾਣੀ ਦਾ ਨੁਕਸਾਨ ਕਰ ਰਹੀ ਹੈ ਜਦਕਿ ਖੇਤੀਬਾੜੀ ਅਧਿਕਾਰੀਆਂ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਕੈਂਪ ਲਗਾਏ ਜਾ ਰਹੇ ਹਨ। ਦੂਸਰੇ ਪਾਸੇ ਜ਼ਮੀਨਾਂ ਠੰਢੀਆਂ ਕਰਨ ਵਾਸਤੇ ਫਜ਼ੂਲ ਵਿਚ ਮੋਟਰਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਹੈ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਮਾਲਵੇ ਦੇ ਕੁੱਝ ਜ਼ਿਲਿਆਂ ਤੇ ਕੌਮਾਂਤਰੀ ਸਰਹੱਦਾਂ



ਦੀ ਕੰਡਿਆਲੀ ਤਾਰ ਤੋਂ ਪਾਰ ਝੋਨੇ ਦੀ ਲੁਆਈ 15 ਜੂਨ ਤੋਂ ਸ਼ੁਰੂ ਕਰਨ ਆਦੇਸ਼ ਦਿੱਤੇ ਹਨ ।

ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਲਈ 15 ਜੂਨ ਤੈਅ ਕਰਕੇ ਨਹਿਰੀ ਪਾਣੀ ਦੀ ਵਰਤੋਂ ਲਈ ਵੀ ਪ੍ਰੇਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਅੱਤ ਦੀ ਗਰਮੀ ਵਿੱਚ ਕਿਸਾਨ ਖੇਤਾਂ ਨੂੰ ਪਾਣੀ ਨਾਲ ਭਰ ਕੇ ਪਾਣੀ ਦੀ ਬਰਬਾਦੀ ਕਰ ਰਹੇ ਹਨ ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਪਾਣੀ ਦਾ ਸੰਕਟ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ।

# ਕਣਕ ਦੀ ਕਟਾਈ ਤੋਂ ਬਾਅਦ ਰਹਿੰਦ-ਖੂੰਹਦ ਨੂੰ ਕਣਕ ਦੀ ਨਾੜ ਨੂੰ ਅੱਗ ਲਾਉਣ ਕਾਰਨ ਵਾਤਾਵਰਣ ਹੋ ਰਿਹੈ ਪ੍ਰਭਾਵਿਤ

**ਨਵਾਂ ਸ਼ਹਿਰ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਾਂਸ਼ਹਿਰ 'ਚ ਜ਼ਿਆਦਾਤਰ ਕਿਸਾਨ ਕੰਬਾਈਨ ਤੋਂ ਕਣਕ ਦੀ ਕਟਾਈ ਤੋਂ ਬਾਅਦ ਰਹਿੰਦ-ਖੂੰਹਦ ਨੂੰ ਕਣਕ ਦੀ ਨਾੜ ਨੂੰ ਅੱਗ ਲਾ ਦਿੰਦੇ ਹਨ ਅਤੇ ਅਗਲੀ ਫਸਲ ਬੀਜਣ ਦੀ ਕਾਹਲੀ ਵਿੱਚ, ਉਹ ਰਹਿੰਦ-ਖੂੰਹਦ ਨੂੰ ਸਾੜ ਦਿੰਦੇ ਹਨ। ਜਿਸ ਕਾਰਨ ਵਾਤਾਵਰਣ ਦੇ ਨਾਲ-ਨਾਲ ਵਿਅਕਤੀ ਦੀ ਸਿਹਤ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਖੇਤੀ ਵਿੱਚ ਮਸ਼ੀਨਾਂ ਦੀ ਵਰਤੋਂ ਨਾਲ ਕਿਸਾਨਾਂ ਦਾ ਜੀਵਨ ਸੁਖਾਲਾ ਹੋ ਗਿਆ ਹੈ ਪਰ ਕਿਸਾਨਾਂ ਦੇ ਸਾਹਮਣੇ ਇੱਕ ਨਵੀਂ ਸਮੱਸਿਆ ਵੀ ਆ ਗਈ ਹੈ। ਮਸ਼ੀਨ ਨਾਲ ਕਟਾਈ ਕਰਨ ਤੋਂ ਬਾਅਦ ਕਣਕ ਦੀ ਨਾੜ ਖੇਤ ਵਿੱਚ ਹੀ ਰਹਿ ਜਾਂਦੀ ਹੈ। ਆਮ ਤੌਰ 'ਤੇ ਕਿਸਾਨ ਇਸ ਨੂੰ ਸਾੜਦੇ ਹਨ। ਇਸ ਕਾਰਨ ਖੇਤ ਦੇ ਨਾਲ-ਨਾਲ ਵਾਤਾਵਰਨ ਦਾ ਵੀ ਕਾਫੀ ਨੁਕਸਾਨ ਹੋ ਰਿਹਾ ਹੈ।

ਸਰਕਾਰਾਂ ਅਤੇ ਪ੍ਰਸ਼ਾਸਨ ਵੱਲੋਂ ਕਣਕ ਦੀ ਨਾੜ ਅਤੇ ਕਣਕ ਦੀ ਨਾੜ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਸ ਸਮੱਸਿਆ ਦੇ ਹੱਲ ਲਈ ਵੀ ਕੰਮ ਚੱਲ ਰਿਹਾ ਹੈ। ਕਿਸਾਨਾਂ ਨੂੰ ਨਾੜ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨ ਲਈ ਪ੍ਰਸ਼ਾਸਨ ਦੇ ਸਾਰੇ ਯਤਨ ਬੇਅਸਰ ਜਾਪਦੇ ਹਨ। ਖੇਤਾਂ ਵਿੱਚ ਕਣਕਾਂ ਦੀ ਨਾੜ ਨੂੰ ਸਾੜਨ ਦਾ ਸਿਲਸਿਲਾ ਅਜਿਹਾ ਚੱਲ ਰਿਹਾ ਹੈ ਕਿ ਪ੍ਰਸ਼ਾਸਨ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਵਾਂਸ਼ਹਿਰ ਦੇ ਆਲੇ ਦੁਆਲੇ ਕਈ ਪਿੰਡਾ ਦੇ ਵਿੱਚ ਕੁਝ ਕਿਸਾਨ ਆਪਣੇ ਖੇਤਾਂ ਵਿੱਚ ਪਰਾਲੀ ਸਾੜਨ ਵਿੱਚ ਲੱਗੇ ਹੋਏ ਹਨ। ਕਿਸਾਨ ਆਪਣੇ ਖੇਤਾਂ 'ਚ ਨਾੜ ਨੂੰ ਅੱਗ ਲਗਾ ਰਹੇ ਹਨ।ਕਈ ਥਾਵਾਂ 'ਤੇ ਕਣਕ ਦੀ ਨਾੜ ਨੂੰ ਅੱਗ ਲੱਗਣ ਕਾਰਨ ਹਵਾ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਰਹੀ ਹੈ।

ਪਰਮ ਸਿੰਘ ਖਾਲਸਾ ਕੌਂਸਲਰ ਨੇ ਕਿਹਾ ਕਿ ਪਰ ਲਗਾਤਾਰ ਨਾੜ ਸਾੜਨ ਦੀ ਸਥਿਤੀ ਚਿੰਤਾਜਨਕ ਹੈ । ਕਿਉਂਕਿ ਨਾ ਸਿਰਫ਼ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ, ਨਾ ਸਿਰਫ਼ ਜ਼ਮੀਨ ਦੀ ਉਪਜਾਊ ਸ਼ਕਤੀ ਕਮਜ਼ੋਰ ਹੁੰਦੀ ਹੈ, ਸਗੋਂ ਖੇਤਾਂ ਦੇ ਆਲੇ-ਦੁਆਲੇ ਅੰਬ ਅਤੇ ਮਹੂਆ ਦੇ ਦਰਖ਼ਤ ਝੁਲਸ ਜਾਂਦੇ ਹਨ, ਖੇਤਾਂ ਵਿੱਚ ਅਗਲੀ ਫ਼ਸਲ ਦਾ ਝਾੜ ਘੱਟ ਜਾਂਦਾ ਹੈ, ਕਿਉਂਕਿ ਖੇਤਾਂ ਵਿੱਚ ਬੈਕਟੀਰੀਆ ਪੈਦਾ ਹੋ ਕੇ ਨਸ਼ਟ ਹੋ ਜਾਂਦੇ ਹਨ। ਗੁਰਬਖਸ਼ ਸਿੰਘ ਖਾਲਸਾ ਪ ?ਧਾਨ ਨੇ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਲਾਉਣ ਦੇ ਵਧਦੇ ਮਾਮਲੇ ਚਿੰਤਾ ਨੂੰ ਵਧਾ ਰਹੇ ਹਨ। ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿ ਮੌਜੂਦਾ ਸਮੇਂ ਵਿੱਚ ਇਸ ਦਾ ਵਾਤਾਵਰਨ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਇਸ ਦੇ ਲਈ ਸਰਕਾਰ ਨੂੰ ਵਿਦਿਆਰਥੀਆਂ ਰਾਹੀਂ ਕਿਸਾਨਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਡਾਕਟਰ ਮੁਕਲ ਬੇਦੀ ਹਸਪਤਾਲ ਨੇ ਦੱਸਿਆ ਕਿ ਅਸਥਮਾ ਅਤੇ ਹੋਰ ਕਈ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ । ਇਸ ਤੋਂ ਇਲਾਵਾ ਵਾਯੂਮੰਡਲ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਨਾਲ ਲੱਗਦੇ ਖੇਤਾਂ ਵਿੱਚ ਖੜ੍ਹੀ ਫਸਲ ਨੂੰ ਅੱਗ ਲੱਗਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ।

ਫ਼ਸਲਾਂ ਦੀ ਰਹਿੰਦ-ਖੂੰਹਦ ਤੋਂ ਨਿਕਲਣ ਵਾਲਾ ਧੂੰਆਂ ਸਭ ਤੋਂ ਵੱਧ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦਾ ਹੈ। ਹਰਪ੍ਰੱਭ ਮਹਿਲ ਸਿੰਘ ਜਿਲਾ ਪ੍ਰਧਾਨ ਲੋਕ ਇਨਸਾਫ਼ ਪਾਰਟੀ ਐਸ ਬੀ ਐਸ ਨਗਰ ਅਤੇ ਕਿਸਾਨ ਆਗੂ ਪਿੰਡ ਬਰਨਾਲਾ ਨੇ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜ਼ਿਲ੍ਹੇ ਵਿੱਚ ਪਸ਼ੂਆਂ ਦੇ ਚਾਰੇ ਦੀ ਘਾਟ ਹੋ ਜਾਂਦੀ ਹੈ। ਮਾਲੀ ਨੁਕਸਾਨ ਵੀ ਉਠਾਉਣਾ ਪੈਂਦਾ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨਾ ਵਾਤਾਵਰਣ ਅਤੇ ਸਿਹਤ ਲਈ ਬਹੁਤ ਹਾਨੀਕਾਰਕ ਹੈ। ਕੁਝ ਕਿਸਾਨ ਅਜਿਹੇ ਹਨ ਜੋ ਆਪਣੇ ਖੇਤਾਂ ਨੂੰ ਅੱਗ ਨਹੀਂ ਲਗਾਉਣਾ ਚਾਹੁੰਦੇ ਪਰ ਗੁਆਂਢੀ ਨੇ ਉਸ ਦੇ ਖੇਤ ਨੂੰ ਅੱਗ ਲਗਾ ਦਿੱਤੀ ਅਤੇ ਹਵਾ ਨਾਲ ਉਸ ਦੇ ਖੇਤ ਵਿੱਚ ਪਹੁੰਚ ਕੇ ਦੂਜੇ ਖੇਤਾਂ ਦੀ ਨਾੜ ਨੂੰ ਵੀ ਸਾੜ ਦਿੱਦੇ ਹਨ ਸੁਰਜੀਤ ਕੁਮਾਰ ਨੇ ਦੱਸਿਆ ਕਿ ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜ਼ਮੀਨ ਵਿੱਚ ਮੌਜੂਦ ਜ਼ਰੂਰੀ ਸੂਖਮ ਤੱਤਾਂ ਅਤੇ ਸੂਖਮ ਜੀਵਾਂ ਨੂੰ ਨਸ਼ਟ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਝਾੜ ਵੀ ਘਟਦਾ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਨਾਲ ਨਿਕਲਣ ਵਾਲੇ ਧੂੰਏਂ ਕਾਰਨ ਲੋਕਾਂ ਦੇ ਫੇਫੜੇ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ, ਜਿਸ ਕਾਰਨ ਖੰਘ ਅਤੇ ਸਾਹ ਘੁੱਟਣ ਦੀ ਸਮੱਸਿਆ ਹੁੰਦੀ ਹੈ। ਜਿਨ੍ਹਾਂ ਲੋਕਾਂ ਨੂੰ ਦਿਲ ਅਤੇ ਫੇਫੜਿਆਂ ਨਾਲ ਜੁੜੀਆਂ ਬੀਮਾਰੀਆਂ ਹਨ, ਉਹ ਇਸ ਕਾਰਨ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਅੱਗ ਲਗਾਉਣਾ ਗਲਤ ਹੈ ਬਸਪਾ ਮੱਖਣ ਲਾਲ ਚੌਹਾਨ ਦੱਸਿਆ ਕਿ ਅਸਥਮਾ ਅਤੇ ਹੋਰ ਕਈ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ । ਇਸ ਤੋਂ ਇਲਾਵਾ ਵਾਯੂਮੰਡਲ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਨਾਲ ਲੱਗਦੇ ਖੇਤਾਂ ਵਿੱਚ ਖੜ੍ਹੀ ਫਸਲ ਨੂੰ ਅੱਗ ਲੱਗਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ।

# ਡੇਰਾਬੱਸੀ ਦੇ ਰਿਹਾਇਸ਼ੀ ਏਰੀਏ ਵਿੱਚ ਲੱਗੀ ਅੱਗ, ਜਾਨੀ ਨੁਕਸਾਨ ਤੋਂ ਹੋਇਆ ਬਚਾਅ




**ਡੇਰਾ ਬਸੀ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਬਰਵਾਲਾ ਰੋਡ ਤੇ ਸਥਿਤ ਗ੍ਰੀਨ ਅਸਟੇਟ ਵਿਚ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ। ?ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਪਹੁੰਚ ਕੇ ਅੱਗ ਤੇ ਕਾਬੂ ਪਾ ਲਿਆ। ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਪਿਛਲੇ ਕੁੱਝ ਦਿਨਾਂ ਤੋਂ ਲਗਾਤਾਰ ਗਰਮੀ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਜਿਸ ਕਾਰਨ ਡੇਰਾਬੱਸੀ ਸ਼ਹਿਰ ਵਿੱਚ ਅਨੇਕਾਂ ਥਾਵਾਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਜਿਸ ਦੇ ਚਲਦੇ ਅੱਜ ਬਰਵਾਲਾ ਰੋਡ ਤੇ ਸਥਿਤ ਗ੍ਰੀਨ ਅਸਟੇਟ ਵਿੱਚ ਸਥਿਤ ਖ਼ਾਲੀ ਪਲਾਟਾਂ ਦੇ ਕਬਾੜ ਨੂੰ ਅਚਾਨਕ ਅੱਗ ਲਗ ਗਈ। ਜਿਸ ਕਾਰਨ ਇਸ ਸੋਸਾਇਟੀ ਵਿੱਚ ਰਹਿਣ ਵਾਲੇ ਲੋਕ ਘਬਰਾ ਗਏ। ਉਨ੍ਹਾਂ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੂੰ ਦੇ ਦਿੱਤੀ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਦੇ ਮੁਲਾਜ਼ਮ ਪਹੁੰਚ ਗਏ ਅਤੇ ਉਨ੍ਹਾਂ ਨੇ ਕਾਫੀ ਦੇਰ ਮਸ਼ੱਕਤ ਕਰਨ ਤੋਂ ਬਾਅਦ ਅੱਗ ਤੇ ਕਾਬੂ ਪਾ ਲਿਆ ਅਤੇ ਅਣਸੁਖਾਵੀਂ ਘਟਨਾ ਦੇ ਵਾਪਰਨ ਤੋਂ ਬਚਾਅ ਹੋ ਗਿਆ।

ਉਨ੍ਹਾਂ ਦੱਸਿਆ ਕਿ ਉਕਤ ਸੋਸਾਇਟੀ ਵਿੱਚ ਖੜੇ ਕਬਾੜ ਨੂੰ ਅਚਾਨਕ ਅੱਗ ਲਗ ਗਈ। ਜਿਸ ਕਾਰਨ ਇਹ ਕਾਫੀ ਦੂਰ ਤੱਕ ਫੈਲ ਗਈ ਸੀ। ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਜ਼ਦੀਕੀ ਸਥਿਤ ਖਾਲੀ ਪਲਾਟਾਂ ਵਿੱਚ ਕਬਾੜ ਨੂੰ ਇਕੱਠਾ ਨਾ ਹੋਣ ਦੇਣ ਕਿਉਂਕਿ ਦਿਨੋਂ ਦਿਨ ਵਧ ਰਹੀ ਗਰਮੀ ਕਾਰਨ ਇਸ ਕਬਾੜ ਵਿਚ ਅੱਗ ਲਗ ਜਾਂਦੀ ਹੈ। ਜਿਸ ਕਾਰਨ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ।

# ਕਾਂਗਰਸ ਦੇ ਪਟਿਆਲਾ ਦੇ ਉਮੀਦਵਾਰ ਡਾ ਧਰਮਵੀਰ ਗਾਂਧੀ ਦੀ ਜਿੱਤ ਦੀ ਖੁਸ਼ੀ ਮਨਾਈ

**ਪਾਤੜਾਂ, 5 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ ਧਰਮਵੀਰ ਗਾਂਧੀ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਲੱਡੂ ਵੰਡੇ ਗਏ ਅਤੇ ਸ਼ਹਿਰ ਵਿਚ ਆਤਿਸ਼ਬਾਜ਼ੀ ਕੀਤੀ ਗਈ। ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਪਾਤੜਾਂ ਦੇ ਭਗਤ ਸਿੰਘ ਚੌਂਕ ਵਿਖੇ ਇਕੱਤਰ ਹੋ ਕੇ ਪਾਰਟੀ ਵਰਕਰਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਸ਼ਹਿਰ ਵਿਚੋਂ ਹੁੰਦੇ ਹੋਏ ਪਾਰਟੀ ਦਫਤਰ ਪਹੁੰਚੇ।ਇਸ ਸਮੇਂ ਕਾਂਗਰਸ ਦੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ, ਸ਼ਹਿਰੀ ਪ੍ਰਧਾਨ ਰਾਜੇਸ਼ ਕੁਮਾਰ ਹੈਪੀ, ਨਿਰਮਲ ਪੰਨੂੰ, ਧਰਮਪਾਲ ਬਰਾਸ, ਪਵਨ ਪਟਵਾਰੀ,ਮੋਹਰ ਸਿੰਘ ਜਿਓਣਪੁਰਾ, ਕੁਲਵੰਤ ਸ਼ਰਮਾ ,ਅਮ੍ਰਿਤ ਅਨਮੋਲ ,ਆਸ਼ੂ ਬਾਂਸਲ ਅਤੇ ਹੋਰ ਆਗੂ ਅਤੇ ਵਰਕਰ ਹਾਜ਼ਰ ਸਨ।

# ਪੰਜਾਬ ’ਚ ਕਾਂਗਰਸ ਨੇ ਦਿਖਾਇਆ ਦਮ, 7 ਸੀਟਾਂ ’ਤੇ ਲਹਿਰਾਇਆ ਝੰਡਾ

**ਕ੍ਰਿਸ਼ਨ ਪਾਲ**

ਚੰਡੀਗੜ੍ਹ 5 ਜੂਨ। ਪੰਜਾਬ ’ਚ ਕਾਂਗਰਸ ਦੀ ਕਾਰਗੁਜਾਰੀ ਹੈਰਾਨ ਕਰਨ ਵਾਲੀ ਰਹੀ, ਜਿਸ ਨੇ 7 ਸੀਟਾਂ ’ਤੇ ਜਿੱਤ ਦਰਜ ਕਰ ਕੇ ਆਪਣਾ ਦਮ-ਖਮ ਦਿਖਾਇਆ ਅਤੇ ਸਾਰੀਆਂ 13 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੀ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਸਿਰਫ 3 ਸੀਟਾਂ ਤਕ ਸਮੇਟ ਦਿੱਤਾ। ਪੁਰਾਣੇ ਗੱਠਜੋੜ ਸਹਿਯੋਗੀ ਰਹੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਕਾਰਗੁਜਾਰੀ ਵੀ ਹੈਰਾਨ ਕਰਨ ਵਾਲੀ ਰਹੀ ਕਿਉਂਕਿ ਸ਼੍ਰੋਅਦ ਸਿਰਫ ਇਕ ਸੀਟ ’ਤੇ ਸਿਮਟ ਗਈ, ਜਦੋਂਕਿ ਭਾਜਪਾ ਦਾ ਵੋਟ ਸ਼ੇਅਰ 18 ਫੀਸਦੀ ਤਕ ਪਹੁੰਚ ਜਾਣ ਦੇ ਬਾਵਜੂਦ ਇਕ ਵੀ ਸੀਟ ਜਿੱਤਣਾ ਸੰਭਵ ਨਹੀਂ ਹੋ ਸਕਿਆ। ਡਿਬਰੂਗੜ੍ਹ ਜੇਲ੍ਹ ’ਚ ਬੰਦ ਅੰਮ੍ਰਿਤਪਾਲ ਸਿੰਘ ਆਜਾਦ ਉਮੀਦਵਾਰ ਵਜੋਂ ਖਡੂਰ ਸਾਹਿਬ ਲੋਕ ਸਭਾ ਦੇ ਮੈਦਾਨ ਨੂੰ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਦੂਜੀ ਹੈਰਾਨ ਕਰਨ ਵਾਲੀ ਸੀਟ ਰਹੀ ਫਰੀਦਕੋਟ, ਜਿੱਥੇ ਆਜਾਦ ਉਮੀਦਵਾਰ ਵਜੋਂ ਉਤਰੇ ਸਰਬਜੀਤ ਸਿੰਘ ਖਾਲਸਾ ਨੂੰ ਵੋਟਰਾਂ ਨੇ 70 ਹਜਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਸੰਸਦ ਵਿਚ ਭੇਜਿਆ ਹੈ। ਪੰਜਾਬ ਕਾਂਗਰਸ ਆਪਣੀਆਂ 2019 ਲੋਕ ਸਭਾ ’ਚ ਜਿੱਤੀਆਂ ਹੋਈਆਂ ਸੀਟਾਂ ਵਿਚੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਤੇ ਫਤਹਿਗੜ੍ਹ ਸਾਹਿਬ ਬਚਾਉਣ



’ਚ ਕਾਮਯਾਬ ਰਹੀ, ਜਦੋਂ ਕਿ ਅੰਮ੍ਰਿਤਸਰ ਤੇ ਫਿਰੋਜਪੁਰ ਕ੍ਰਮਵਾਰ ਭਾਜਪਾ ਤੇ ਸ਼੍ਰੋਅਦ ਤੋਂ ਖੋਹਣ ਵਿਚ ਸਫਲ ਰਹੀ। ਅੰਮ੍ਰਿਤਸਰ ’ਚ ਸਾਬਕਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ 40,301 ਵੋਟਾਂ ਨਾਲ ਹਰਾਇਆ। ਫਿਰੋਜਪੁਰ ’ਚ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੇ ‘ਆਪ’ ਦੇ ਜਗਦੀਪ ਸਿੰਘ ਕਾਕਾ ਬਰਾੜ ਨੂੰ 3,242 ਵੋਟਾਂ ਨਾਲ ਹਰਾਇਆ।ਚਰਨਜੀਤ ਸਿੰਘ ਚੰਨੀ ਨੇ ਜਲੰਧਰ ਸੀਟ ਦੂਜੇ ਸਭ ਤੋਂ ਵੱਧ ਫਰਕ ਨਾਲ ਜਿੱਤੀ ਅਤੇ ਭਾਜਪਾ ਦੇ ਸੁਸ਼ੀਲ ਰਿੰਕੂ ਨੂੰ 1,75,993 ਵੋਟਾਂ ਨਾਲ ਹਰਾਇਆ। ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਤੋਂ ਭਾਜਪਾ ਦੇ ਰਵਨੀਤ ਬਿੱਟੂ ਨੂੰ 20,942 ਵੋਟਾਂ ਨਾਲ ਹਰਾ ਕੇ ਸੰਸਦ ਵਿਚ ਜਾਣਗੇ। ਫਤਹਿਗੜ੍ਹ ਸਾਹਿਬ ਤੋਂ ਡਾ. ਅਮਰ ਸਿੰਘ ਨੇ ਲਗਾਤਾਰ ਦੂਜੀ ਵਾਰ ਜਿੱਤ ਦਰਜ ਕੀਤੀ ਅਤੇ ‘ਆਪ’ ਦੇ ਗੁਰਪ੍ਰੀਤ ਸਿੰਘ ਜੀ. ਪੀ. ਨੂੰ 34,202 ਵੋਟਾਂ ਨਾਲ ਹਰਾਇਆ। ਪਟਿਆਲਾ ਸੀਟ ਤੋਂ ਡਾ. ਧਰਮਵੀਰ ਗਾਂਧੀ ਨੇ ‘ਆਪ’ ਉਮੀਦਵਾਰ ਕੈਬਨਿਟ ਮੰਤਰੀ ਬਲਬੀਰ ਸਿੰਘ ਨੂੰ 14,831 ਵੋਟਾਂ ਨਾਲ ਹਰਾਇਆ। ਰਾਜਸਥਾਨ ਦੇ ਕਾਂਗਰਸ ਇੰਚਾਰਜ ਤੇ ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਭਾਜਪਾ ਦੇ ਦਿਨੇਸ਼ ਕੁਮਾਰ ਬੱਬੂ ਨੂੰ 82 ਹਜਾਰ ਵੋਟਾਂ ਦੇ ਫਰਕ ਨਾਲ ਹਰਾਇਆ। ਕਾਂਗਰਸ 13 ਵਿਚੋਂ 4 ਸੀਟਾਂ ’ਤੇ ਦੂਜੇ ਨੰਬਰ ’ਤੇ ਵੀ ਰਹੀ। ਸੂਬੇ ਦੀਆਂ 13 ਸੀਟਾਂ ’ਤੇ ਆਏ ਨਤੀਜਿਆਂ ’ਚ ਖਡੂਰ ਸਾਹਿਬ ਸੀਟ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਨੇ ਸੂਬੇ ’ਚ ਸਭ ਤੋਂ ਵੱਧ ਭਾਵ 1,97,120 ਵੋਟਾਂ ਦੇ ਫਰਕ ਨਾਲ ਕਾਂਗਰਸ ਦੇ ਕੁਲਬੀਰ ਸਿੰਘ ਜੀਰਾ ਨੂੰ ਹਰਾਇਆ। ਇਸੇ ਤਰ੍ਹਾਂ ਫਰੀਦਕੋਟ ਤੋਂ ਆਜਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੇ ‘ਆਪ’ ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫਰਕ ਨਾਲ ਹਰਾਇਆ। ਸੂਬੇ ਦੀ ਫਿਰੋਜਪੁਰ ਸੀਟ ਇਕੋ-ਇਕ ਅਜਿਹੀ ਸੀਟ ਰਹੀ, ਜਿੱਥੇ ਜਿੱਤ ਦਾ ਫਰਕ 5 ਹਜਾਰ ਤੋਂ ਵੀ ਘੱਟ ਭਾਵ 3,242 ਵੋਟਾਂ ਦਾ ਰਿਹਾ। ਦਿਲਚਸਪ ਗੱਲ ਇਹ ਹੈ ਕਿ ਫਿਰੋਜਪੁਰ ਸੀਟ ਦੇ 6100 ਵੋਟਰਾਂ ਨੇ ਨੋਟਾ ਭਾਵ ਉਪਰੋਕਤ ਵਿਚੋਂ ਕੋਈ ਵੀ ਉਮੀਦਵਾਰ ਪਸੰਦ ਨਹੀਂ, ਦਾ ਬਟਨ ਦਬਾਇਆ। ਇਹ ਜਿੱਤ ਦੇ ਫਰਕ ਨਾਲੋਂ ਤਕਰੀਬਨ ਦੁੱਗਣਾ ਰਿਹਾ। ਆਮ ਆਦਮੀ ਪਾਰਟੀ ਵੱਲੋਂ ਚੋਣ ਮੈਦਾਨ ਵਿਚ ਉਤਾਰੇ ਗਏ ਭਗਵੰਤ ਮਾਨ ਕੈਬਨਿਟ ਦੇ 5 ਮੰਤਰੀਆਂ ਵਿਚੋਂ ਸਿਰਫ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਦਰਜ ਕਰ ਸਕੇ। ਸੰਗਰੂਰ ਤੋਂ ਉਨ੍ਹਾਂ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫਰਕ ਨਾਲ ਹਰਾਇਆ। ‘ਆਪ’ ਦੇ ਮਾਲਵਿੰਦਰ ਸਿੰਘ ਕੰਗ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਕਾਂਗਰਸ ਦੇ ਵਿਜੇ ਇੰਦਰ ਸਿੰਗਲਾ ਨੂੰ 10,846 ਵੋਟਾਂ ਨਾਲ ਹਰਾਇਆ, ਜਦੋਂਕਿ ਕਾਂਗਰਸ ’ਚੋਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਡਾ. ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸੀ ਉਮੀਦਵਾਰ ਯਾਮਿਨੀ ਗੋਮਰ ਨੂੰ 44,111 ਵੋਟਾਂ ਦੇ ਫਰਕ ਨਾਲ ਹਰਾਇਆ। ਆਮ ਆਦਮੀ ਪਾਰਟੀ ਸੂਬੇ ਦੀਆਂ 13 ਵਿਚੋਂ 6 ਸੀਟਾਂ ’ਤੇ ਦੂਜੇ ਨੰਬਰ ’ਤੇ ਵੀ ਰਹੀ। ਸ਼੍ਰੋਮਣੀ ਅਕਾਲੀ ਦਲ ਆਪਣਾ ਗੜ੍ਹ ਬਠਿੰਡਾ ਸੀਟ ਬਚਾਉਣ ’ਚ ਕਾਮਯਾਬ ਰਿਹਾ, ਜਿੱਥੇ ਹਰਸਿਮਰਤ ਕੌਰ ਬਾਦਲ ਨੇ ‘ਆਪ’ ਦੇ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਨਾਲ ਹਰਾਇਆ।

## ਭਿਆਨਕ ਗਰਮੀ ਕਾਰਨ ਆਂਗਣਵਾੜੀ ਕੇਂਦਰ 30 ਜੂਨ ਤੱਕ ਰਹਿਣਗੇ ਬੰਦ

ਨਵੀਂ ਦਿੱਲੀ 5 ਜੂਨ। ਉੱਤਰ ਭਾਰਤ ਵਿਚ ਇਸ ਸਮੇਂ ਝੁਲਸਾ ਦੇਣ ਵਾਲੀ ਗਰਮੀ ਪੈ ਰਹੀ ਹੈ। ਹੀਟਵੇਵ ਕਾਰਨ ਲੋਕਾਂ ਦਾ ਘਰਾਂ ਵਿਚੋਂ ਬਾਹਰ ਨਿਕਲਣਾ ਵੀ ਔਖਾ ਹੋ ਗਿਆ ਹੈ। ਰਾਸ਼ਟਰੀ ਰਾਜਧਾਨੀ ਦਿੱਲੀ ਇਸ ਸਮੇਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਹੀ ਹੈ। ਦਿੱਲੀ ਵਿਚ ਹੀਟਵੇਵ ਦੀ ਸਥਿਤੀ ਨੂੰ ਵੇਖਦੇ ਹੋਏ ਦਿੱਲੀ ਸਰਕਾਰ ਨੇ ਸਾਰੇ




ਆਂਗਣਵਾੜੀ ਕੇਂਦਰ 30 ਜੂਨ ਤੱਕ ਬੰਦ ਰੱਖਣ ਦਾ ਹੁਕਮ ਦਿੱਤਾ ਹੈ। ਦਿੱਲੀ ਸਰਕਾਰ ਦੇ ਮੰਤਰੀ ਕੈਲਾਸ਼ ਗਹਿਲੋਤ ਨੇ ਟਵੀਟ ਕਰ ਕੇ ਇਸ ਬਾਬਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਵਿਚ ਚੱਲ ਰਹੀ ਲੂ ਦੇ ਚੱਲਦੇ ਸਰਕਾਰ ਨੇ ਰਾਜਧਾਨੀ ਦੇ ਸਾਰੇ ਆਂਗਣਵਾੜੀ ਕੇਂਦਰਾਂ ਨੂੰ 1 ਜੂਨ 2024 ਤੋਂ ਲੈ ਕੇ 30 ਜੂਨ 2024 ਤੱਕ ਬੰਦ ਰੱਖਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਲਾਭਪਾਤਰੀਆਂ ਨੂੰ ਰਾਸ਼ਨ ਉਨ੍ਹਾਂ ਦੇ ਘਰ ਤੱਕ ਪਹੁੰਚਾਇਆ ਜਾਵੇਗਾ। ਕੈਲਾਸ਼ ਗਹਿਲੋਤ ਨੇ ਟਵੀਟ ਕੀਤਾ ਕਿ ਦਿੱਲੀ ਵਿਚ ਪੈ ਰਹੀ ਭਿਆਨਕ ਗਰਮੀ ਨੂੰ ਵੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਦਿੱਲੀ ਦੇ ਸਾਰੇ ਆਂਗਣਵਾੜੀ ਕੇਂਦਰ 1 ਜੂਨ 2024 ਤੋਂ 30 ਜੂਨ 2024 ਤੱਕ ਬੰਦ ਰਹਿਣਗੇ। ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੀ ਸੁਰੱਖਿਆ ਅਤੇ ਭਲਾਈ ਲਈ ਪੂਰਕ ਪੋਸ਼ਣ ਸਮੱਗਰੀ ਸਿੱਧੇ ਲਾਭਪਾਤਰੀਆਂ ਦੇ ਦਰਵਾਜੇ ‘ਤੇ ‘ਟੇਕ ਹੋਮ ਰਾਸ਼ਨ’ ਜਰੀਏ ਪਹੁੰਚਾਈ ਜਾਵੇਗੀ।

## ਤੇਜ ਹਵਾਵਾਂ ਤੇ ਬਾਰਿਸ਼ ਨੇ ਲੋਕਾਂ ਨੂੰ ਝੁਲਸਾ ਦੇਣ ਵਾਲੀ ਗਰਮੀ ਤੋਂ ਦਿਵਾਈ ਥੋੜ੍ਹੀ ਰਾਹਤ

ਦੀਨਾਨਗਰ 5 ਜੂਨ। ਪਿਛਲੇ ਕਈ ਦਿਨਾਂ ਤੋਂ ਜਿੱਥੇ ਗਰਮੀ ਨੇ ਵੱਟ ਕਢਾਏ ਹੋਏ ਹਨ, ਉੱਥੇ ਹੀ ਲੂ ਨੇ ਵੀ ਲੋਕਾਂ ਦਾ ਘਰੋਂ ਨਿਕਲਣਾ ਔਖਾ ਕੀਤਾ ਹੋਇਆ ਸੀ। ਲੋਕਾਂ ਨੂੰ ਅੱਤ ਦੀ ਗਰਮੀ ਤੇ ਲੂ ਵਿੱਚ ਰਹਿਣ ਲਈ ਮਜਬੂਰ ਹੋਣਾ ਪਿਆ ਰਿਹਾ ਸੀ ਉਥੇ ਹੀ ਤਾਪਮਾਨ 45 ਤੋਂ 46 ਡਿਗਰੀ ਤੱਕ ਚਲ ਗਿਆ ਸੀ। ਇਸ ਕਾਰਨ ਬੱਚਿਆਂ ਅਤੇ ਬਜੁਰਗਾਂ ਨੂੰ ਭਾਰੀ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਅੱਜ ਅਚਾਨਕ ਦੇਰ ਸਾਮ ਠੰਡੀਆਂ ਹਵਾਵਾਂ ਅਤੇ ਹਲਕੀ ਬਾਰਿਸ ਹੋਣ ਕਾਰਨ ਜਿੱਥੇ ਅੱਤ ਦੀ ਗਰਮੀ ਤੋਂ ਕੁਝ ਰਹਿਤ ਮਿਲੀ ਹੈ ਉੱਥੇ ਨਾਲ ਚੱਲ ਰਹੀਆਂ ਠੰਢੀਆਂ ਹਵਾਵਾਂ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ। ਜੇਕਰ ਗੱਲ ਕੀਤੀ ਜਾਵੇ ਤਾਂ ਇਸ ਹਲਕੀ ਬਾਰਿਸ ਕਾਰਨ ਝੋਨੇ ਦੀ ਪਨੀਰੀ ਤੇ ਪਸੂਆਂ ਦੇ ਚਾਰੇ ਨੂੰ ਵੀ ਕਾਫੀ ਹੱਦ ਤੱਕ ਰਹਿਤ ਮਿਲੀ ਹੈ ਕਿਉਂਕਿ ਤਾਪਮਾਨ ਇੰਨਾ ਵਧਦਾ ਜਾ ਰਿਹਾ ਸੀ ਕਿ ਫਸਲਾਂ ‘ਤੇ ਵੀ ਬੁਰਾ ਅਸਰ ਪੈਣਾ ਸੁਰੂ ਹੋ ਗਿਆ ਸੀ।

## ਦੋ ਮਾਸੂਮ ਬੱਚਿਆਂ ਨੂੰ ਆਵਾਰਾ ਕੁੱਤੇ ਨੇ ਬੁਰੀ ਤਰ੍ਹਾਂ ਵੱਢਿਆ, ਪਿੰਡ ਵਾਸੀਆਂ ‘ਚ ਡਰ ਦਾ ਮਾਹੌਲ

ਅਬੋਹਰ 5 ਜੂਨ। ਪਿੰਡ ਬਜੀਤਪੁਰ ਕੱਟਿਆਂਵਾਲੀ ਵਿਖੇ ਅੱਜ ਇਕ ਆਵਾਰਾ ਕੁੱਤੇ ਨੇ ਦੋ ਮਾਸੂਮ ਬੱਚਿਆਂ ਨੂੰ ਬੁਰੀ ਤਰ੍ਹਾਂ ਵੱਢ ਕੇ ਜ਼ਖਮੀ ਕਰ ਦਿੱਤਾ, ਜਿਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਆਵਾਰਾ ਕੁੱਤੇ ਨੇ ਪਿਛਲੇ ਕੁਝ ਦਿਨਾਂ ਵਿਚ ਪਿੰਡ ਦੇ ਅੱਧੀ ਦਰਜਨ ਲੋਕਾਂ ਨੂੰ ਜ਼ਖਮੀ ਕਰ ਦਿੱਤਾ ਹੈ, ਜਿਸ ਕਾਰਨ ਪਿੰਡ ਵਾਸੀਆਂ ਵਿਚ ਡਰ ਦਾ ਮਾਹੌਲ ਹੈ ਅਤੇ ਲੋਕ ਘਰੋਂ ਨਿਕਲਣ ਤੋਂ ਵੀ ਡਰਦੇ ਹਨ। ਜਾਣਕਾਰੀ ਅਨੁਸਾਰ ਦੀਵਾਨ ਚੰਦ ਦੀ ਅੱਠ ਸਾਲ ਦੀ ਬੇਟੀ ਅਨੂ ਅੱਜ ਜਦੋਂ ਗਲੀ ’ਚ ਜਾ ਰਹੀ ਸੀ ਤਾਂ ਉਸ ’ਤੇ ਇਕ ਆਵਾਰਾ ਕੁੱਤੇ ਨੇ ਹਮਲਾ ਕਰ ਦਿੱਤਾ। ਕੁੱਤੇ ਨੇ ਬੱਚੀ ’ਤੇ ਇੰਨੇ ਜ਼ੋਰ ਨਾਲ ਹਮਲਾ ਕਰ ਦਿੱਤਾ ਕਿ ਉਸ ਦੇ ਪੱਟ ਦਾ ਮਾਸ ਪਾੜ ਦਿੱਤਾ। ਲੋਕਾਂ ਨੇ ਉਸ ਨੂੰ ਕੁੱਤੇ ਦੇ ਚੁੰਗਲ ਤੋਂ ਛੁਡਵਾਇਆ। ਜਿਸ ’ਤੇ ਪਰਿਵਾਰਕ ਮੈਂਬਰ ਉਸ ਨੂੰ ਤੁਰੰਤ ਸਿਵਲ ਹਸਪਤਾਲ ਲੈ ਕੇ ਆਏ, ਜਿੱਥੇ ਉਸ ਦਾ ਇਲਾਜ ਕਰਦੇ ਹੋਏ ਰੇਬੀਜ਼ ਦਾ ਟੀਕਾ ਲਾਇਆ ਗਿਆ। ਇਸ ਘਟਨਾ ਤੋਂ ਥੋੜ੍ਹਾ ਦੇਰ ਬਾਅਦ ਉਕਤ ਕੁੱਤੇ ਨੇ ਹਮਲਾ ਕਰ ਕੇ ਪਿੰਡ ਜਾ ਰਹੇ 13 ਸਾਲਾ ਖੇਤਾਰਾਮ ਪੁੱਤਰ ਪ੍ਰਵੇਸ਼ ਕੁਮਾਰ ਨੂੰ ਵੱਢ ਲਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ਦੇ ਸਬੰਧ ਵਿਚ ਦੀਵਾਨਚੰਦ ਨੇ ਦੱਸਿਆ ਕਿ ਪਿਛਲੇ ਤਿੰਨ-ਚਾਰ ਦਿਨਾਂ ’ਚ ਅੱਧੀ ਦਰਜਨ ਲੋਕਾਂ ਨੂੰ ਵੱਢ ਚੁੱਕਿਆ ਹੈ। ਉਨ੍ਹਾਂ ਨੇ ਪ੍ਰਸ਼ਾਸਨ ਅਤੇ ਪਸ਼ੂ ਪਾਲਣ ਵਿਭਾਗ ਤੋਂ ਇਸ ਕੁੱਤੇ ਨੂੰ ਫੜਨ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਅੱਜ ਆਵਾਰਾ ਕੁੱਤੇ ਨੇ ਪਿੰਡ ਕਰਮਪੱਟੀ ਵਾਸੀ ਜਗਦੀਪ ਪੁੱਤਰ ਹਰਕੇਵਲ ਸਿੰਘ, ਅਬੋਹਰ ਦੇ ਤਨੇਜਾ ਕਾਲੋਨੀ ਵਾਸੀ ਜਸ਼ਨਦੀਪ, ਕਾਨਵੈਂਟ ਸਕੂਲ ਨੇੜੇ ਵਾਸੀ ਗਲੋਰਿਯਸ, ਅਬੋਹਰ ਦੇ ਹੀ ਪ੍ਰੇਮ ਨਗਰ ਵਾਸੀ ਦੀਪਕ ਪੁੱਤਰ ਸ਼ਾਮ ਲਾਲ ਨੂੰ ਵੀ ਹਮਲਾ ਕਰ ਜ਼ਖਮੀ ਕਰ ਦਿੱਤਾ, ਜਿਹੜੇ ਕਿ ਇਲਾਜ ਲਈ ਹਸਪਤਾਲ ਪਹੁੰਚੇ।

## ਪੁਲਸ ਮੁਲਾਜਮਾਂ ਤਰਫੋਂ ਰਿਸ਼ਵਤ ਲੈਣ ਵਾਲਾ ਸਾਬਕਾ ਸਰਪੰਚ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

**ਏਜੰਸੀਆਂ**

ਚੰਡੀਗੜ੍ਹ 5 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਸਾਬਕਾ ਪੰਚਾਇਤ ਮੈਂਬਰ ਕਰਨੈਲ ਸਿੰਘ ਵਾਸੀ ਪਿੰਡ ਦਿਉਗੜ੍ਹ, ਜ਼ਿਲ੍ਹਾ ਪਟਿਆਲਾ ਨੂੰ ਪੁਲਸ ਮੁਲਾਜਮਾਂ ਦੀ ਤਰਫੋਂ 1,40,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਉਸ ਦੇ ਪਿੰਡ ਦੇ ਹੀ ਵਸਨੀਕ ਸੇਰਾ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੱਸਿਆ ਕਿ ਉਸ ਦੇ ਖ਼ਿਲਾਫ ਥਾਣਾ ਘੱਗਾ, ਜ਼ਿਲ੍ਹਾ ਪਟਿਆਲਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਐੱਫ.ਆਈ.ਆਰ. ਦਰਜ ਹੈ। ਉਸ ਨੇ ਦੋਸ ਲਾਇਆ ਕਿ ਸੀ.ਆਈ.ਏ. ਸਮਾਣਾ ਦੇ ਇੰਚਾਰਜ ਸਬ ਇੰਸਪੈਕਟਰ (ਐੱਸ.ਆਈ.) ਮਨਪ੍ਰੀਤ ਸਿੰਘ ਅਤੇ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਪ੍ਰਗਟ ਸਿੰਘ ਨੇ ਇਸ ਪੁਲਸ ਕੇਸ ਵਿੱਚ ਉਸ ਦੀ ਮਦਦ ਕਰਨ ਬਦਲੇ 2 ਲੱਖ ਰੁਪਏ ਦੀ ਰਿਸਵਤ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਰਿਸਵਤ ਦੀ ਇਹ ਰਕਮ ਆਪਣੇ ਜਾਣਕਾਰ ਉਕਤ ਵਿਅਕਤੀ ਕਰਨੈਲ ਸਿੰਘ ਨੂੰ ਸੌਂਪਣ ਲਈ ਕਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜਮ ਕਰਨੈਲ ਸਿੰਘ ਨੂੰ ਉਸ ਸਮੇਂ ਦਬੋਚ ਲਿਆ ਜਦੋਂ ਉਹ ਸ਼ਿਕਾਇਤਕਰਤਾ ਤੋਂ ਐਸ.ਆਈ. ਮਨਪ੍ਰੀਤ ਅਤੇ ਏ.ਐੱਸ.ਆਈ. ਪ੍ਰਗਟ ਸਿੰਘ ਦੀ ਤਰਫੋਂ 1,40,000 ਰੁਪਏ ਦੀ ਰਿਸਵਤ ਦੇ 2 ਲੱਖ ਰੁਪਏ ਦੀ ਰਿਸਵਤ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਰਿਸਵਤ ਦੀ ਇਹ ਰਕਮ ਆਪਣੇ ਜਾਣਕਾਰ ਉਕਤ ਵਿਅਕਤੀ ਕਰਨੈਲ ਸਿੰਘ ਨੂੰ ਸੌਂਪਣ ਲਈ ਕਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜਮ ਕਰਨੈਲ ਸਿੰਘ ਨੂੰ ਉਸ ਸਮੇਂ ਦਬੋਚ ਲਿਆ ਜਦੋਂ ਉਹ ਸ਼ਿਕਾਇਤਕਰਤਾਸਰਕਾਰੀ ਗਵਾਹਾਂ ਦੀ ਮੌਜੂਦਗੀ ਲੈ ਰਿਹਾ ਸੀ। ਇਸ ਸਬੰਧੀ ਮੁਲਜਮ ਕਰਨੈਲ ਸਿੰਘ ਖ਼ਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਇਸ ਕੇਸ ਅਗਲੇਰੀ ਤਫਤੀਸ ਦੌਰਾਨ ਉਕਤ ਐੱਸ.ਆਈ. ਮਨਪ੍ਰੀਤ ਸਿੰਘ ਅਤੇ ਏ.ਐੱਸ.ਆਈ. ਪਰਗਟ ਸਿੰਘ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ ਅਤੇ ਉਸ ਮੁਤਾਬਿਕ ਇਸ ਕੇਸ ਵਿੱਚ ਉਨਾਂ ਨੂੰ ਨਾਮਜਦ ਕੀਤਾ ਜਾਵੇਗਾ।

## ਪ੍ਰਾਈਵੇਟ ਸਕੂਲਾਂ ਨੂੰ ਨਹੀਂ ਹੈ ਕਿਸੇ ਦਾ ਡਰ ! ਸਖਤੀ ਦੇ ਬਾਵਜੂਦ ਨਹੀਂ ਕਰ ਰਹੇ ਹੁਕਮਾਂ ਦੀ ਪਾਲਣਾ

**ਏਜੰਸੀਆਂ**

ਲੁਧਿਆਣਾ 5 ਜੂਨ। ਨਿੱਜੀ ਸਕੂਲਾਂ ’ਚ ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਵਰਦੀਆਂ ਵੇਚਣ ਦੀਆਂ ਮਿਲ ਰਹੀਆਂ ਸ਼ਿਕਾਇਤਾਂ ਦੀ ਜਾਂਚ ਲਈ ਡੀ. ਸੀ. ਸਾਕਸ਼ੀ ਸਾਹਨੀ ਦੇ ਹੁਕਮਾਂ ’ਤੇ ਡੀ. ਈ. ਓ. ਵੱਲੋਂ ਬਣਾਈਆਂ ਗਈਆਂ ਜਾਂਚ ਟੀਮਾਂ ਦੇ ਅਚਾਨਕ ਨਿਰੀਖਣ ਦਾ ਡਰ ਸ਼ਾਇਦ ਕਈ ਸਕੂਲਾਂ ਨੂੰ ਨਹੀਂ ਹੈ। ਇਹੀ ਕਾਰਨ ਹੈ ਕਿ ਕੁਝ ਸਕੂਲਾਂ ’ਚ ਅਜੇ ਵੀ ਕਿਤਾਬ ਵਿਕ੍ਰੇਤਾ ਬੁਕਸ ਵੇਚ ਰਹੇ ਹਨ। ਸ਼ੁੱਕਰਵਾਰ ਨੂੰ ਅਜਿਹੀ ਹੀ ਇਕ ਸ਼ਿਕਾਇਤ ਡੀ. ਸੀ. ਕੋਲ ਪੁੱਜਣ ਤੋਂ ਬਾਅਦ ਵਿਭਾਗ ਦੀ ਜਾਂਚ ਟੀਮ ਨੇ ਬੀ. ਆਰ. ਐੱਸ. ਨਗਰ ਸਥਿਤ ਇਕ ਸਕੂਲ ’ਚ ਚੈਕਿੰਗ ਕੀਤੀ। ਡੀ. ਈ. ਓ. ਵੱਲੋਂ ਡੀ. ਸੀ. ਨੂੰ ਭੇਜੀ ਜਾਂਚ ਰਿਪੋਰਟ ’ਚ ਦੱਸਿਆ ਗਿਆ ਹੈ ਕਿ ਉਕਤ ਬਾਰੇ ਟੈਲੀਫੋਨ ’ਤੇ ਪ੍ਰਾਪਤ ਸ਼ਿਕਾਇਤ ਦੇ ਆਧਾਰ ’ਤੇ ਪ੍ਰਿੰਸੀਪਲ ਪ੍ਰਦੀਪ ਕੁਮਾਰ ਅਤੇ ਰਵਿੰਦਰ ਸਿੰਘ ’ਤੇ ਆਧਾਰਿਤ ਜਾਂਚ ਟੀਮ ਨੇ ਸਕੂਲ ਵਿਚ ਜਾ ਕੇ ਚੈਕਿੰਗ ਕੀਤੀ ਤਾਂ ਉੱਥੇ ਕਿਤਾਬਾਂ ਦੇ 12 ਡੱਬੇ ਮਿਲੇ, ਜਿਨ੍ਹਾਂ ’ਚੋਂ ਕੁਝ ਡੱਬੇ ਬੰਦ ਅਤੇ ਕੁਝ ਖੁੱਲ੍ਹੇ ਹੋਏ ਸਨ। ਜਾਂਚ ਟੀਮ ਮੁਤਾਬਕ ਇਹ ਕਿਤਾਬਾਂ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ ਵੰਡੀਆਂ ਜਾਣੀਆਂ ਸਨ। ਰਿਪੋਰਟ ਵਿਚ ਡੀ. ਈ. ਓ. ਨੇ ਦੱਸਿਆ ਕਿ ਸਕੂਲ ਪ੍ਰਿੰਸੀਪਲ ਨੇ ਜਾਂਚ ਟੀਮ ਨੂੰ ਭਰੋਸਾ ਦਿੱਤਾ ਕਿ ਸਕੂਲ ’ਚ ਕਿਤਾਬਾਂ ਨਹੀਂ ਵੇਚੀਆਂ ਜਾਣਗੀਆਂ ਅਤੇ ਫੀਸ ਰੈਗੂਲੇਟਰੀ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ। ਡੀ. ਈ. ਓ. ਨੇ




ਦੱਸਿਆ ਕਿ ਉਕਤ ਜਾਂਚ ਰਿਪੋਰਟ ਡੀ. ਸੀ. ਨੂੰ ਸੌਂਪ ਦਿੱਤੀ ਗਈ ਹੈ। ਨਿੱਜੀ ਸਕੂਲਾਂ ’ਚ ਚੱਲ ਰਹੀਆਂ ਵਪਾਰਕ ਗਤੀਵਿਧੀਆਂ ਦੀਆਂ ਮਿਲ ਰਹੀਆਂ ਸ਼ਿਕਾਇਤਾਂ ਦੀ ਜਾਂਚ ਲਈ ਡੀ. ਸੀ. ਦੇ ਹੁਕਮਾਂ ’ਤੇ ਡੀ. ਈ. ਓ. ਵੱਲੋਂ ਬੇਸ਼ੱਕ ਵੱਖ-ਵੱਖ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ ਪਰ ਕਮੇਟੀ ਬਣਾਉਂਦੇ ਸਮੇਂ ਇਹ ਧਿਆਨ ਨਹੀਂ ਦਿੱਤਾ ਗਿਆ ਕਿ ਜਿਨ੍ਹਾਂ ਮੈਂਬਰਾਂ ਨੂੰ ਇਸ ’ਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ’ਚੋਂ ਜ਼ਿਆਦਾਤਰ ਦੀ ਡਿਊਟੀ ਤਾਂ ਚੋਣਾਂ ਵਿਚ ਵੀ ਲੱਗੀ ਹੋਈ ਹੈ। ਸਿੱਖਿਆ ਵਿਭਾਗ ਦੀ ਢਿੱਲੀ ਕਾਰਜਪ੍ਰਣਾਲੀ ਕਾਰਨ ਜਾਂਚ ਟੀਮਾਂ ਹੁਣ ਤੱਕ ਆਪਣੀ ਚੈਕਿੰਗ ਪੂਰੀ ਨਹੀਂ ਕਰ ਸਕੀਆਂ, ਜਦੋਂਕਿ ਡੀ. ਈ. ਓ. ਨੇ ਵੀ ਆਪਣੇ ਹੁਕਮਾਂ ’ਚ 4 ਅਪ੍ਰੈਲ ਤੱਕ ਰਿਪੋਰਟ ਮੰਗੀ ਸੀ। ਚੈਕਿੰਗ ਟੀਮਾਂ ’ਚ ਸ਼ਾਮਲ ਕੁਝ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਚੋਣ ਡਿਊਟੀ ਵੀ ਲੱਗੀ ਹੋਈ ਹੈ, ਜਿਸ ਦੀਆਂ ਆਏ ਦਿਨ ਮੀਟਿੰਗਾਂ ਹੁੰਦੀਆਂ ਹਨ। ਅਜਿਹੇ ’ਚ ਨਿੱਜੀ ਸਕੂਲਾਂ ਦੀ ਚੈਕਿੰਗ ਦੇ ਸਮੇਂ ਦਾ ਸ਼ਡਿਊਲ ਨਹੀਂ ਬਣ ਪਾ ਰਿਹਾ। ਹਾਲਾਂਕਿ ਪਹਿਲੇ 2 ਦਿਨ ਤਾਂ ਕੁਝ ਟੀਮਾਂ ਨੇ ਕਈ ਨਾਮੀ ਸਕੂਲਾਂ ’ਚ ਚੈਕਿੰਗ ਕਰ ਕੇ ਰਿਪੋਰਟ ਤਿਆਰ ਕਰ ਲਈ, ਜਦੋਂ ਕਿ ਕੁਝ ਟੀਮਾਂ ਅਜਿਹੀਆਂ ਹਨ, ਜਿਨ੍ਹਾਂ ’ਚ ਸ਼ਾਮਲ ਮੈਂਬਰ ਚੋਣ ਡਿਊਟੀ ’ਚ ਵਿਅਸਤ ਹਨ। ਚੈਕਿੰਗ ਲਈ ਉਹ ਇਕੱਲੇ ਸਕੂਲਾਂ ਵਿਚ ਨਹੀਂ ਜਾ ਸਕੇ। ਹੁਣ ਦੇਖਣਾ ਇਹ ਹੈ ਕਿ ਵਿਭਾਗ ਇਨ੍ਹਾਂ ਟੀਮਾਂ ’ਚ ਪਹਿਲੇ ਸ਼ਾਮਲ ਕੀਤੇ ਮੈਂਬਰਾਂ ਵਿਚ ਕੁਝ ਬਦਲਾਅ ਕਰਦਾ ਹੈ ਜਾਂ ਫਿਰ ਰਿਪੋਰਟ ਪੇਸ਼ ਕਰਨ ਦਾ ਸਮਾਂ ਕੁਝ ਅੱਗੇ ਵਧਾਉਂਦਾ ਹੈ।

## ਟਰਾਂਸਪੋਰਟ ਵਿਭਾਗ ਤੇ ਪੁਲਸ ਵੱਲੋਂ ਸਕੂਲ ਬੱਸਾਂ ਦੀ ਅਚਨਚੇਤ ਜਾਂਚ

**ਸਰਦੂਲ ਸਿੰਘ**

ਅੰਮ੍ਰਿਤਸਰ 5 ਜੂਨ। ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਵੱਲੋਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਸੈਕਟਰੀ ਆਰ. ਟੀ. ਏ., ਪੁਲਸ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਜ਼ਿਲ੍ਹੇ ਭਰ ਵਿਚ ਸਕੂਲ ਬੱਸਾਂ ਦੀ ਅਚਨਚੇਤੀ ਜਾਂਚ ਕਈ ਥਾਵਾਂ ’ਤੇ ਨਾਕੇ ਲਗਾ ਕੇ ਕੀਤੀ ਗਈ। ਸਕੂਲ ਵਾਹਨਾਂ ਦੀ ਸੁਰੱਖਿਆ ਨੂੰ ਲੈ ਕੇ ਸ਼ੁਰੂ ਕੀਤੀ ਗਈ ਇਸ ਮੁਹਿੰਮ ਤਹਿਤ ਪਹਿਲੇ ਦਿਨ ਹੀ ਇਨ੍ਹਾਂ ਟੀਮਾਂ ਨੇ 33 ਸਕੂਲ ਵਾਹਨਾਂ ਦੇ ਚਲਾਨ ਕੱਟੇ। ਇਸ ਮੌਕੇ ਸੈਕਟਰੀ ਆਰ. ਟੀ. ਏ. ਅਰਸ਼ਦੀਪ ਸਿੰਘ ਨੇ ਦੱਸਿਆ ਕਿ ਐੱਸ. ਡੀ. ਐਮਜ਼, ਸਕੂਲ ਸਿੱਖਿਆ ਅਤੇ ਪੁਲਸ ਵਿਭਾਗ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੇਫ ਸਕੂਲ ਵਾਹਨ ਪਾਲਿਸੀ ਨੂੰ ਇੰਨ ਬਿੰਨ ਲਾਗੂ ਕਰਨ ਹਿੱਤ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜੋ ਕਿ ਭਵਿੱਖ ਵਿਚ ਵੀ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਇਸੇ ਮੁਹਿੰਮ ਤਹਿਤ ਸਕੂਲੀ ਬੱਸਾਂ ਵਿਚ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਡਰਾਈਵਰਾਂ, ਜ਼ਰੂਰੀ ਉਪਕਰਣ, ਦਸਤਾਵੇਜ਼ ਅਤੇ ਹੋਰ ਸਹੂਲਤਾਂ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਧਰੇ ਵੀ ਕੁਤਾਹੀ ਮਿਲੀ, ਉਥੇ ਚਲਾਨ ਕੱਟਿਆ ਗਿਆ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾਂ ਕਰਨ ਵਾਲੀਆਂ 33 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਆਰ. ਟੀ. ਓ. ਦਫਤਰ ਵਲੋਂ 17 ਚਾਲਾਨ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵਲੋਂ 16 ਚਾਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਐੱਸ. ਡੀ. ਐੱਜ਼, ਡੀ. ਈ. ਓ. ਸਾਹਿਬਾਨ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਟ੍ਰੈਫਿਕ ਪੁਲਸ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਵਿਚ ਸਪੱਸ਼ਟ



ਕੀਤਾ ਕਿ ਸਿੱਖਿਆ ਵਿਭਾਗ ਹਰੇਕ ਸਕੂਲ ਮੁਖੀ ਕੋਲੋਂ ਇਹ ਲਿਖਤੀ ਤੌਰ ’ਤੇ ਲਵੇ ਕਿ ਉਨ੍ਹਾਂ ਦੀਆਂ ਸਕੂਲ ਬੱਸਾਂ ਜਾਂ ਵਾਹਨ ਸਹੀ ਹਨ ਤੇ ਸੁਰੱਖਿਆ ਦਾ ਹਰ ਮਾਪਦੰਡ ਪੂਰਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਇਹ ਜਰੂਰੀ ਹੈ ਕਿ ਸਕੂਲ ਮੁਖੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲੀ ਬੱਸਾਂ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸਾਰੀਆਂ ਸ਼ਰਤਾਂ ਤੇ ਨਿਯਮਾਂ ਨੂੰ ਲਾਜ਼ਮੀ ਤੌਰ ’ਤੇ ਲਾਗੂ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦਾ ਹਾਦਸਾ ਹੁੰਦਾ ਹੈ ਤਾਂ ਇਸ ਲਈ ਸਕੂਲ ਮੁਖੀ ਉਤੇ ਪੁਲਸ ਕੇਸ ਦਰਜ ਹੋਵੇਗਾ। ਹਾਲ ਹੀ ਵਿਚ ਮਹਿੰਦਰਗੜ੍ਹ ਵਿਖੇ ਹੋਈ ਸੜਕ ਦੁਰਘਟਨਾ, ਜਿਸ ਵਿਚ 8 ਸਕੂਲੀ ਬੱਚਿਆਂ ਦੀ ਮੌਤ ਹੋਈ ਸੀ, ਸਬੰਧੀ ਸਕੂਲ ਪ੍ਰਿੰਸੀਪਲ, ਸਕੂਲ ਦੇ ਟ੍ਰੈਫਿਕ ਇੰਚਾਰਜ ਅਤੇ ਡਰਾਈਵਰ ’ਤੇ ਪੁਲਸ ਕੇਸ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਬੰਧੀ ਕਿਸੇ ਪ੍ਰਕਾਰ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਪੁਲਸ ਨੇ ਨਾਬਾਲਗ ਤੋਂ ਕੀਤੀ ਪੁੱਛਗਿੱਛ, ਮਾਂ ਨੂੰ ਕੀਤਾ ਗ੍ਰਿਫਤਾਰ

ਪੁਣੇ 5 ਜੂਨ। ਪੁਣੇ ਪੁਲਸ ਨੇ ‘ਪੋਰਸ’ ਕਾਰ ਹਾਦਸੇ ਸਬੰਧੀ ਨਾਬਾਲਗ ਮੁਲਜਮ ਦੀ ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਸਿਟੀ ਪੁਲਸ ਦੇ ਕਮਿਸਨਰ ਅਮਿਤੇਸ ਕੁਮਾਰ ਨੇ ਸਨੀਵਾਰ ਇਹ ਜਾਣਕਾਰੀ ਦਿੱਤੀ। ਨਾਬਾਲਗ ਦੀ ਮਾਂ ਨੂੰ ਇਸ ਗੱਲ ਦੀ ਪੁਸਟੀ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਕਿ ਨਾਬਾਲਗ ਦੇ ਖੂਨ ਦੇ ਨਮੂਨੇ ਉਸ ਦੇ ਖੂਨ ਨਾਲ ਬਦਲੇ ਗਏ ਸਨ। ਪੁਲਸ ਨੇ ਸੁੱਕਰਵਾਰ ਨੂੰ ਕਥਿਤ ਖੂਨ ਦੇ ਨਮੂਨੇ ‘ਚ ਬਦਲਾਅ ਦੇ ਮਾਮਲੇ ‘ਚ ਵਿਸਾਲ ਅਗਰਵਾਲ ਦੀ ਹਿਰਾਸਤ ਲਈ ਅਦਾਲਤ ‘ਚ ਅਰਜੀ ਦਿੱਤੀ ਸੀ। ਆਪਣੀ ਜਾਂਚ ਦੇ ਹਿੱਸੇ ਵਜੋਂ ਪੁਲਸ ਨੇ ਸੁਧਾਰ ਘਰ ’ਚ ਨਾਬਾਲਗ ਕੋਲੋਂ ਉਸ ਦੀ ਮਾਂ ਦੀ ਮੌਜੂਦਗੀ ’ਚ ਇਕ ਘੰਟੇ ਤੱਕ ਪੁੱਛਗਿੱਛ ਕੀਤੀ। ਉਸ ਨੂੰ ਉੱਥੇ 5 ਜੂਨ ਤੱਕ ਰੱਖਿਆ ਗਿਆ ਹੈ। ਅਧਿਕਾਰੀ ਨੇ ਕਿਹਾ, “ਹਾਦਸੇ ਨਾਲ ਸਬੰਧਤ ਕੁਝ ਬਿੰਦੂਆਂ ‘ਤੇ ਪੁੱਛਗਿੱਛ ਕੀਤੀ ਗਈ, ਜਿਸ ਵਿੱਚ ਘਟਨਾਵਾਂ ਦਾ ਕ੍ਰਮ, ਦੋ ਰੈਸਟੋਰੈਂਟਾਂ ਵਿੱਚ ਉਸਦੀ ਮੌਜੂਦਗੀ ਅਤੇ ਸਾਸੂਨ ਹਸਪਤਾਲ ਵਿੱਚ ਖੂਨ ਦੇ ਨਮੂਨੇ ਦੀ ਘਟਨਾ ਸਾਮਲ ਹੈ।“19 ਮਈ ਨੂੰ ਪੁਣੇ ਦੇ ਕਲਿਆਣੀ ਨਗਰ ’ਚ ‘ਪੋਰਸ’ ਕਾਰ ਦੇ 17 ਸਾਲਾ ਡਰਾਈਵਰ ਨੇ ਕਥਿਤ ਤੌਰ ’ਤੇ ਮੋਟਰਸਾਈਕਲ ਸਵਾਰ ਦੋ ਸਾਫਟਵੇਅਰ ਇੰਜੀਨੀਅਰਾਂ ਨੂੰ ਟੱਕਰ ਮਾਰ ਦਿੱਤੀ ਸੀ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ ਸੀ। ਪੁਲਸ ਨੇ ਦਾਅਵਾ ਕੀਤਾ ਕਿ ਮੁਲਜਮ ਨਸੇ ਦੀ ਹਾਲਤ ’ਚ ਕਾਰ ਚਲਾ ਰਿਹਾ ਸੀ। ਮਾਮਲੇ ‘ਚ ਨਾਬਾਲਗ ਦੇ ਪਿਤਾ ਅਤੇ ਰੀਅਲ ਅਸਟੇਟ ਕਾਰੋਬਾਰੀ ਵਿਸਾਲ ਅਗਰਵਾਲ ਅਤੇ ਦਾਦਾ ਸੁਰਿੰਦਰ ਅਗਰਵਾਲ ਨੂੰ ਪਰਿਵਾਰਕ ਵਾਹਨ ਦੇ ਡਰਾਈਵਰ ਨੂੰ ਅਗਵਾ ਕਰਨ ਅਤੇ ਹਾਦਸੇ ਦੀ ਜ਼ਿੰਮੇਵਾਰੀ ਲੈਣ ਲਈ ਦਬਾਅ ਬਣਾਉਣ ਦੇ ਦੋਸ ‘ਚ ਗ੍ਰਿਫਤਾਰ ਕੀਤਾ ਗਿਆ ਹੈ। ਸੁੱਕਰਵਾਰ ਨੂੰ ਅਦਾਲਤ ਨੇ ਨਾਬਾਲਗ ਦੇ ਪਿਤਾ ਅਤੇ ਦਾਦਾ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਉਸ ਦੀ ਪੁਲਸ ਹਿਰਾਸਤ ਦੀ ਮਿਆਦ ਪੁੱਗ ਚੁੱਕੀ ਸੀ।

# ਐਨਸੀਈਆਰਟੀ ਦੀਆਂ ਕਿਤਾਬਾਂ ‘ਚ ਵੱਡਾ ਬਦਲਾਅ, ਬਾਬਰੀ ਮਸਜਿਦ ਤੋਂ ਲੈ ਕੇ ਗੁਜਰਾਤ ਦੰਗਿਆਂ ਤੱਕ ਹੋਇਆ ਫੇਰਬਦਲ

**ਏਜੰਸੀਆਂ**

ਨਵੀਂ ਦਿੱਲੀ 5 ਜੂਨ। ਨੈਸਨਲ ਕੌਂਸਲ ਆਫ ਐਜੂਕੇਸਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਦੁਆਰਾ ਆਪਣੀਆਂ ਪਾਠ ਪੁਸਤਕਾਂ ਵਿਚ ਅਯੁੱਧਿਆ ‘ਚ ਬਾਬਰੀ ਮਸਜਿਦ ਦੇ ਢਾਹੇ ਜਾਣ, ਗੁਜਰਾਤ ਦੰਗਿਆਂ , ਹਿੰਦੂਤਵ ਵਿੱਚ ਮੁਸਲਮਾਨਾਂ ਦੀ ਹੱਤਿਆ ਅਤੇ ਮਨੀਪੁਰ ਦੇ ਭਾਰਤ ਵਿੱਚ ਰਲੇਵੇਂ ਸਮੇਤ ਕਈ ਹੋਰ ਸੰਦਰਭਾਂ ਵਿੱਚ ਤਾਜਾ ਸੋਧਾਂ ਕੀਤੀਆਂ ਗਈਆਂ ਹਨ। ਦੀ ਸਿਲੇਬਸ ਡਰਾਫਟ ਕਮੇਟੀ ਦੁਆਰਾ ਤਿਆਰ ਕੀਤੇ ਗਏ ਬਦਲਾਅ ਦੇ ਵੇਰਵੇ ਵਾਲੇ ਇੱਕ ਦਸਤਾਵੇਜ ਅਨੁਸਾਰ, ਰਾਮ ਜਨਮ ਭੂਮੀ ਅੰਦੋਲਨ ਦੇ ਸੰਦਰਭਾਂ ਨੂੰ “ਰਾਜਨੀਤੀ ਦੇ ਤਾਜਾ ਘਟਨਾਕ੍ਰਮ ਦੇ ਅਨੁਸਾਰ“ ਬਦਲਿਆ ਗਿਆ ਹੈ। 11ਵੀਂ ਜਮਾਤ ਦੀ ਪਾਠ ਪੁਸਤਕ ਵਿੱਚ ਧਰਮ ਨਿਰਪੱਖਤਾ ਬਾਰੇ ਅਧਿਆਏ 8 ਵਿੱਚ ਪਹਿਲਾਂ ਕਿਹਾ ਗਿਆ ਸੀ, “2002 ਵਿੱਚ ਗੁਜਰਾਤ ਵਿੱਚ ਗੋਧਰਾ ਤੋਂ ਬਾਅਦ ਦੇ ਦੰਗਿਆਂ ਦੌਰਾਨ 1,000 ਤੋਂ ਵੱਧ ਲੋਕ, ਜ਼ਿਆਦਾਤਰ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ।“ ਇਸਨੂੰ “2002 ਵਿੱਚ ਗੁਜਰਾਤ ਵਿੱਚ ਗੋਧਰਾ ਤੋਂ ਬਾਅਦ ਦੇ ਦੰਗਿਆਂ ਦੌਰਾਨ 1,000 ਤੋਂ ਵੱਧ ਲੋਕ ਮਾਰੇ ਗਏ ਸਨ“ ਵਿੱਚ ਬਦਲ ਦਿੱਤਾ ਗਿਆ ਹੈ। ਤਬਦੀਲੀ ਦੇ ਪਿੱਛੇ ਦਾ ਤਰਕ ਇਹ ਹੈ ਕਿ “ਕਿਸੇ ਵੀ ਦੰਗੇ ਵਿੱਚ ਸਾਰੇ ਭਾਈਚਾਰਿਆਂ ਦੇ ਲੋਕਾਂ ਦਾ ਨੁਕਸਾਨ ਹੁੰਦਾ ਹੈ। ਇਹ ਸਿਰਫ ਇੱਕ ਭਾਈਚਾਰਾ ਨਹੀਂ ਹੋ ਸਕਦਾ।“ ਪਾਕਿਸਤਾਨ ਦੇ ਕਬਜੇ ਵਾਲੇ ਕਸਮੀਰ ਬਾਰੇ, ਪਾਠ ਪੁਸਤਕ ਵਿੱਚ ਪਹਿਲਾਂ ਕਿਹਾ ਗਿਆ ਸੀ, “ਭਾਰਤ ਦਾਅਵਾ ਕਰਦਾ ਹੈ ਕਿ ਇਹ ਖੇਤਰ ਗੈਰ-ਕਾਨੂੰਨੀ ਕਬਜੇ ਹੇਠ ਹੈ। ਪਾਕਿਸਤਾਨ ਇਸ ਖੇਤਰ ਨੂੰ “ਆਜਾਦ ਪਾਕਿਸਤਾਨ“ ਵਜੋਂ ਦਰਸਾਉਂਦਾ ਹੈ। ਬਦਲੇ ਹੋਏ ਸੰਸਕਰਣ ਵਿੱਚ ਕਿਹਾ ਗਿਆ ਹੈ, “ਹਾਲਾਂਕਿ, ਇਹ ਭਾਰਤੀ ਇਲਾਕਾ ਹੈ ਜੋ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜੇ ਹੇਠ ਹੈ ਅਤੇ ਇਸਨੂੰ ਪਾਕਿਸਤਾਨ ਦੇ ਕਬਜੇ ਵਾਲਾ ਜੰਮੂ ਅਤੇ ਕਸਮੀਰ () ਕਿਹਾ ਜਾਂਦਾ ਹੈ।“ ਇਸ ਬਦਲਾਅ ਪਿੱਛੇ ਦਾ ਤਰਕ ਹੈ ਕਿ “ਜੋ ਬਦਲਾਅ ਲਿਆਂਦਾ ਗਿਆ ਹੈ, ਉਹ ਜੰਮੂ-ਕਸਮੀਰ ਦੇ ਸਬੰਧ ਵਿੱਚ ਭਾਰਤ ਸਰਕਾਰ ਦੀ ਤਾਜਾ ਸਥਿਤੀ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ“। ਮਨੀਪੁਰ ਬਾਰੇ ਪਹਿਲਾਂ ਦੀ ਇੱਕ ਪਾਠ ਪੁਸਤਕ ਵਿੱਚ ਕਿਹਾ ਗਿਆ ਹੈ, “ਭਾਰਤ ਸਰਕਾਰ ਨੇ, ਮਣੀਪੁਰ ਦੀ ਲੋਕਪ੍ਰਿਯ ਚੁਣੀ ਹੋਈ ਵਿਧਾਨ ਸਭਾ ਨਾਲ ਸਲਾਹ ਕੀਤੇ ਬਿਨਾਂ, ਮਹਾਰਾਜਾ ਨੂੰ ਸਤੰਬਰ 1949 ਵਿੱਚ ਰਲੇਵਾਂ ਸਮਝੌਤੇ ‘ਤੇ ਦਸਤਖਤ ਕਰਨ ਲਈ ਦਬਾਅ ਬਣਾਉਣ ਵਿਚ ਸਫਲ ਰਹੀ। ਇਸ ਨਾਲ ਮਨੀਪੁਰ ਵਿੱਚ ਬਹੁਤ ਗੁੱਸਾ ਅਤੇ ਨਾਰਾਜਗੀ ਪੈਦਾ ਹੋਈ, ਜਿਸ ਦਾ ਪ੍ਰਭਾਵ ਅਜੇ ਵੀ ਮਹਿਸੂਸ ਕੀਤਾ ਜਾ ਰਿਹਾ ਹੈ।“ ਬਦਲੇ ਹੋਏ ਸੰਸਕਰਣ ਵਿੱਚ ਕਿਹਾ ਗਿਆ ਹੈ, “ਭਾਰਤ ਸਰਕਾਰ ਸਤੰਬਰ 1949 ਵਿੱਚ ਮਹਾਰਾਜਾ ਨੂੰ ਰਲੇਵੇਂ ਦੇ ਸਮਝੌਤੇ ‘ਤੇ ਦਸਤਖਤ ਕਰਨ ਲਈ ਮਨਾਉਣ ਵਿੱਚ ਸਫਲ ਰਹੀ।“ ਅਧਿਆਇ 8 ਵਿੱਚ, “ਅਯੁੱਧਿਆ ਢਾਹੁਣ“ ਸਮੇਤ ਭਾਰਤੀ ਰਾਜਨੀਤੀ ਵਿੱਚ ਹਾਲ ਹੀ ਦੇ ਘਟਨਾਕ੍ਰਮ ਦੇ ਹਵਾਲੇ ਹਟਾ ਦਿੱਤੇ ਗਏ



ਹਨ। “ਰਾਜਨੀਤਿਕ ਲਾਮਬੰਦੀ ਦੇ ਸੁਭਾਅ ਕਾਰਨ ਰਾਮ ਜਨਮ ਭੂਮੀ ਅੰਦੋਲਨ ਅਤੇ ਅਯੁੱਧਿਆ ਢਾਹੁਣ ਦੀ ਵਿਰਾਸਤ ਕੀ ਹੈ?“ ਇਸ ਦਾ ਸਿਰਲੇਖ ਸੀ “ਰਾਮ ਜਨਮ ਭੂਮੀ ਅੰਦੋਲਨ ਦੀ ਵਿਰਾਸਤ ਕੀ ਹੈ?“ ਵਿੱਚ ਬਦਲ ਦਿੱਤਾ ਗਿਆ ਹੈ। ਇਸੇ ਅਧਿਆਇ ਵਿਚ ਬਾਬਰੀ ਮਸਜਿਦ ਅਤੇ ਹਿੰਦੂਤਵ ਰਾਜਨੀਤੀ ਦੇ ਹਵਾਲੇ ਹਟਾ ਦਿੱਤੇ ਗਏ ਹਨ। ਪਹਿਲੇ ਪੈਰੇ ਵਿੱਚ ਲਿਖਿਆ ਸੀ: “ ਚੌਥਾ, ਕਈ ਘਟਨਾਵਾਂ ਦੀ ਇੱਕ ਲੜੀ ਦਸੰਬਰ 1992 ਵਿੱਚ ਅਯੁੱਧਿਆ ਵਿੱਚ ਵਿਵਾਦਿਤ ਢਾਂਚੇ (ਬਾਬਰੀ ਮਸਜਿਦ ਵਜੋਂ ਜਾਣੀ ਜਾਂਦੀ) ਨੂੰ ਢਾਹੁਣ ਦੇ ਰੂਪ ਵਿਚ ਹੋਈ। ਇਸ ਘਟਨਾ ਨੇ ਦੇਸ ਦੀ ਰਾਜਨੀਤੀ ਵਿੱਚ ਵੱਖ-ਵੱਖ ਤਬਦੀਲੀਆਂ ਦੀ ਸੁਰੂਆਤ ਕੀਤੀ ਅਤੇ ਭਾਰਤੀ ਰਾਸਟਰਵਾਦ ਅਤੇ ਧਰਮ ਨਿਰਪੱਖਤਾ ਨੂੰ ਲੈ ਕੇ ਬਹਿਸ ਨੂੰ ਤੇਜ ਕੀਤਾ। ਇਹ ਘਟਨਾਵਾਂ ਭਾਜਪਾ ਦੇ ਉਭਾਰ ਅਤੇ ‘ਹਿੰਦੂਤਵ’ ਦੀ ਰਾਜਨੀਤੀ ਨਾਲ ਜੁੜੀਆਂ ਹੋਈਆਂ ਹਨ।“ ਇਸਨੂੰ ਇਸ ਵਿੱਚ ਬਦਲਿਆ ਗਿਆ: ਚੌਥਾ, ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਰ ਨੂੰ ਲੈ ਕੇ ਸਦੀਆਂ ਪੁਰਾਣੇ ਕਾਨੂੰਨੀ ਅਤੇ ਰਾਜਨੀਤਿਕ ਵਿਵਾਦ ਨੇ ਭਾਰਤ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨਾ ਸੁਰੂ ਕਰ ਦਿੱਤਾ, ਜਿਸ ਨੇ ਵੱਖ-ਵੱਖ ਰਾਜਨੀਤਿਕ ਤਬਦੀਲੀਆਂ ਨੂੰ ਜਨਮ ਦਿੱਤਾ। ਰਾਮ ਜਨਮ ਭੂਮੀ ਮੰਦਰ ਅੰਦੋਲਨ ਇਕ ਕੇਂਦਰੀ ਮੁੱਦਾ ਬਣ ਗਿਆ ਜਿਸ ਨੇ ਧਰਮ ਨਿਰਪੱਖਤਾ ਅਤੇ ਲੋਕਤੰਤਰ ਦੀ ਦਿਸਾ ਬਦਲ ਦਿੱਤੀ ।ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ (9 ਨਵੰਬਰ, 2019 ਨੂੰ ਘੋਸ਼ਿਤ) ਦੇ ਫੈਸਲੇ ਤੋਂ ਬਾਅਦ ਇਹ ਬਦਲਾਅ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਦੇ ਨਤੀਜੇ ਵਜੋਂ ਹੋਇਆ।“ “ਜਮਹੂਰੀ ਅਧਿਕਾਰਾਂ“ ਦੇ ਸਿਰਲੇਖ ਵਾਲੇ ਅਧਿਆਇ 5 ਵਿੱਚ ਇੱਕ ਨਿਊਜ ਕੋਲਾਜ ਦੇ ਕੈਪਸਨ ਵਿੱਚ ਗੁਜਰਾਤ ਦੰਗਿਆਂ ਦੀ ਹਵਾਲਾ ਹਟਾ ਦਿੱਤਾ ਗਿਆ ਸੀ। ਪਿਛਲਾ ਸੰਸਕਰਣ ਸੀ – “ਕੀ ਤੁਸੀਂ ਇਸ ਪੰਨੇ ‘ਤੇ ਨਿਊਜ ਕੋਲਾਜ ਵਿੱਚ ਰਾਸਟਰੀ ਮਨੁੱਖੀ ਅਧਿਕਾਰ ਕਮਿਸਨ () ਦਾ ਹਵਾਲਾ ਦਿਖਾਈ ਦਿੰਦਾ ਹੈ?“ ਇਹ ਹਵਾਲੇ ਮਨੁੱਖੀ ਅਧਿਕਾਰਾਂ ਪ੍ਰਤੀ ਵੱਧ ਰਹੀ ਜਾਗਰੂਕਤਾ ਅਤੇ ਮਨੁੱਖੀ ਸਨਮਾਨ ਲਈ ਸੰਘਰਸ ਨੂੰ ਦਰਸਾਉਂਦੇ ਹਨ। ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਬਹੁਤ ਸਾਰੇ ਮਾਮਲੇ, ਉਦਾਹਰਨ ਲਈ, ਗੁਜਰਾਤ ਦੰਗੇ, ਪੂਰੇ ਭਾਰਤ ਵਿੱਚ ਲੋਕਾਂ ਦੇ ਧਿਆਨ ਵਿੱਚ ਲਿਆਂਦੇ ਜਾ ਰਹੇ ਹਨ। ਇਸਨੂੰ ਬਦਲ ਕੇ “ਭਾਰਤ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕਈ ਮਾਮਲਿਆਂ ਨੂੰ ਜਨਤਕ ਨੋਟਿਸ ਵਿੱਚ ਲਿਆਂਦਾ ਜਾ ਰਿਹਾ ਹੈ“ ਕਰ ਦਿੱਤਾ ਗਿਆ। ਪਿਛਲੇ ਹਫਤੇ, ਨੇ ਸਕੂਲਾਂ ਨੂੰ ਸੂਚਿਤ ਕੀਤਾ ਸੀ ਕਿ ਕਲਾਸ 3 ਅਤੇ 6 ਲਈ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ, ਜਦੋਂ ਕਿ ਅਨੁਸਾਰ ਹੋਰ ਬਾਕੀ ਜਮਾਤਾਂ ਲਈ ਪਾਠ ਪੁਸਤਕਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਹਾਲਾਂਕਿ, ਬਦਲਾਵਾਂ ਦੀ ਇੱਕ ਲੜੀ ਹੁਣ ਉਨ੍ਹਾਂ ਕਿਤਾਬਾਂ ਵਿੱਚ ਪੇਸ ਕੀਤੀ ਜਾਵੇਗੀ ਜੋ ਅਜੇ ਤੱਕ ਮਾਰਕੀਟ ਵਿੱਚ ਨਹੀਂ ਆਈਆਂ ਹਨ, ਭਾਵੇਂ ਕਿ ਨਵਾਂ ਸੀਜਨ ਸੁਰੂ ਹੋ ਗਿਆ ਹੈ।